ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 153
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ


ਅਦਾਰਾ
**ਚੜ੍ਹਦੀਕਲਾ**
ਵੱਲੋਂ
ਜੂਨ '84 ਘੱਲੂਘਾਰੇ ਦੇ
ਸਮੂਹ ਸ਼ਹੀਦਾਂ ਨੂੰ
ਕੋਟਿ-ਕੋਟਿ ਪ੍ਰਣਾਮ


ਕੁੱਲ ਪੰਨੇ: 12 (Thursday, 4 June, 2026) ਵੀਰਵਾਰ, 4 ਜੂਨ, 2026, 21 ਜੇਠ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ


# ਰਵਨੀਤ ਬਿੱਟੂ ਮੰਤਰੀ ਦੀ ਕੁਰਸੀ ਅਤੇ ਰਾਜ ਸਭਾ ਸੀਟ ਗੁਆ ਦੇਵੇਗਾ: ਮਾਨ

ਚੜ੍ਹਦੀਕਲਾ ਬਿਊਰੋ
================



ਚੰਡੀਗੜ੍ਹ, 3 ਜੂਨ : ਕਦੇ ਸਭ ਤੋਂ ਚੰਗੇ ਦੋਸਤ ਰਹੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਹੁਣ ਇੱਕ ਦੂਜੇ ਦੇ ਵਿਰੋਧੀ ਬਣ ਗਏ ਹਨ। ਅੱਜ ਮੀਡੀਆ ਕਰਮਚਾਰੀਆਂ ਨਾਲ ਗੱਲਬਾਤ ਕਰਦਿਆਂ ਮਾਨ ਨੇ ਕਿਹਾ ਕਿ ਬਿੱਟੂ ਜਲਦੀ ਹੀ ਨਾ ਸਿਰਫ ਆਪਣਾ ਮੰਤਰਾਲਾ ਗੁਆਉਣਗੇ, ਸਗੋਂ ਆਪਣੀ ਰਾਜ ਸਭਾ ਸੀਟ ਵੀ ਗੁਆ ਦੇਣਗੇ। ਉਨ੍ਹਾਂ ਕਿਹਾ,'ਉਨ੍ਹਾਂ (ਭਾਜਪਾ ਦੀ ਚੋਟੀ ਦੀ ਲੀਡਰਸ਼ਿਪ ਦਾ ਹਵਾਲਾ ਦਿੰਦੇ ਹੋਏ) ਨੇ ਉਸ ਨੂੰ ਵਿਧਾਨ ਸਭਾ ਚੋਣ ਲੜ ਕੇ ਅਤੇ ਜਿੱਤ ਕੇ ਆਪਣੀ ਸਿਆਸੀ ਸਮਰੱਥਾ ਸਾਬਤ ਕਰਨ ਲਈ ਕਿਹਾ ਹੈ। ਇਸੇ ਲਈ ਉਹ ਕਹਿ ਰਿਹਾ ਹੈ ਕਿ 'ਬਹੁਤ ਹੋ ਗਿਆ ਰਾਜ ਸਭਾ ਅਤੇ ਲੋਕ ਸਭਾ'।'

ਮਾਨ ਅਤੇ ਬਿੱਟੂ, ਜੋ 2022 ਵਿੱਚ ਆਮ ਆਦਮੀ ਪਾਰਟੀ ਦੇ ਸੱਤਾ ਵਿੱਚ ਆਉਣ ਅਤੇ ਮਾਨ ਦੇ ਮੁੱਖ ਮੰਤਰੀ ਬਣਨ ਤੋਂ ਬਹੁਤ ਪਹਿਲਾਂ ਦੋਸਤ ਬਣ ਗਏ ਸਨ, ਹਾਲ ਹੀ ਤੱਕ ਕਰੀਬੀ ਦੋਸਤ ਰਹੇ ਸਨ। ਜੇ ਅੰਦਰੂਨੀ ਸੂਤਰਾਂ ਦੀ ਮੰਨੀਏ ਤਾਂ ਦੋਵੇਂ ਅਕਸਰ ਇੱਕ-ਦੂਜੇ ਨਾਲ ਗੱਲਬਾਤ ਕਰਦੇ ਸਨ ਅਤੇ ਨਾ ਸਿਰਫ਼ ਸਿਆਸੀ ਗੱਲਾਂ, ਸਗੋਂ ਆਪਣੇ ਨਿੱਜੀ ਮੁੱਦਿਆਂ ਦਾ ਵੀ ਆਦਾਨ-ਪ੍ਰਦਾਨ ਕਰਦੇ ਸਨ। ਪਰ ਹੁਣ ਜਿਵੇਂ-ਜਿਵੇਂ 'ਆਪ' ਅਤੇ ਭਾਜਪਾ ਦੋਵੇਂ ਚੋਣ ਮੋਡ ਵਿੱਚ ਆ ਰਹੀਆਂ ਹਨ, ਉਨ੍ਹਾਂ ਦੀ ਨਿੱਜੀ ਦੋਸਤੀ ਉਨ੍ਹਾਂ ਦੀ ਵਿਅਕਤੀਗਤ ਰਾਜਨੀਤੀ ਦੀ ਬਲੀ ਚੜ੍ਹਦੀ ਜਾਪਦੀ ਹੈ। ਉਨ੍ਹਾਂ ਦੇ ਮਤਭੇਦ ਪਿਛਲੇ ਮਹੀਨੇ ਸ਼ਹਿਰੀ ਸਥਾਨਕ ਸਰਕਾਰਾਂ ਦੀਆਂ ਚੋਣਾਂ ਵਾਲੇ ਦਿਨ ਸਾਹਮਣੇ ਆਏ ਸਨ, ਜਦੋਂ ਬਿੱਟੂ ਭਾਜਪਾ ਆਗੂ ਪ੍ਰੋਫੈਸਰ ਓਂਕਾਰ ਸਿੰਘ ਦਾ (ਬਾਕੀ ਸਫਾ 2 'ਤੇ)

## ਸ੍ਰੀ ਅਨੰਦਪੁਰ ਸਾਹਿਬ ਹੈਰੀਟੇਜ ਸਟਰੀਟ ਪ੍ਰਾਜੈਕਟ ਨੂੰ ਪ੍ਰਵਾਨਗੀ

ਚੰਡੀਗੜ੍ਹ, 3 ਜੂਨ (ਚ.ਨ.ਸ.): ਪੰਜਾਬ ਦੀ ਸੱਭਿਆਚਾਰਕ ਪਛਾਣ ਨੂੰ ਮਜ਼ਬੂਤ ਕਰਨ ਅਤੇ ਇਸ ਦੀ ਅਮੀਰ ਵਿਰਾਸਤ ਨੂੰ ਦੁਨੀਆਂ ਸਾਹਮਣੇ ਪ੍ਰਦਰਸ਼ਿਤ ਕਰਨ ਦੇ ਮੰਤਵ ਨਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਦੋ ਮਹੱਤਵਪੂਰਨ ਪ੍ਰਾਜੈਕਟਾਂ ਦੀ ਸਮੀਖਿਆ ਕੀਤੀ। ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਵਿਭਾਗ ਦੀ ਇੱਕ ਉੱਚ-ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ੰਭੂ ਸਰਹੱਦ 'ਤੇ ਸ਼ਾਨਦਾਰ ਸਵਾਗਤੀ ਗੇਟ ਦੀ ਉਸਾਰੀ ਨੂੰ ਵੀ ਮਨਜ਼ੂਰੀ ਦਿੱਤੀ ਹੈ, ਜੋ ਪੰਜਾਬ ਦੀ 'ਪੰਜ-ਆਬ' ਪਛਾਣ ਅਤੇ ਵਾਸਤੂ ਕਲਾ ਦੀ ਵਿਰਾਸਤ ਦੇ ਸਨਮਾਨ ਵਿੱਚ (ਬਾਕੀ ਸਫਾ 2 'ਤੇ)

## ਹਾਈ ਕੋਰਟ ਵੱਲੋਂ ਮਜੀਠਾ ਦੇ ਜੋਬਨਪ੍ਰੀਤ ਸਿੰਘ ਨੂੰ ਰਿਹਾਅ ਕਰਨ ਦੇ ਹੁਕਮ

### ਬਿਨਾਂ ਲਿਖਤੀ ਕਾਰਨਾਂ ਦੇ ਗ੍ਰਿਫ਼ਤਾਰੀ ਨੂੰ ਗ਼ੈਰ-ਸੰਵਿਧਾਨਕ ਦੱਸਿਆ

ਚੰਡੀਗੜ੍ਹ, 3 ਜੂਨ (ਚ.ਨ.ਸ.):ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਆਲੋਕ ਜੈਨ ਨੇ ਮਜੀਠਾ ਦੇ ਰਹਿਣ ਵਾਲੇ ਜੋਬਨਪ੍ਰੀਤ ਸਿੰਘ ਨੂੰ ਤੁਰੰਤ ਰਿਹਾਅ ਕਰਨ ਦੇ ਹੁਕਮ ਦਿੱਤੇ ਹਨ। ਇਹ ਫੈਸਲਾ ਗੈਰ-ਕਾਨੂੰਨੀ ਹਿਰਾਸਤ ਖ਼ਿਲਾਫ਼ ਦਾਇਰ ਪਟੀਸ਼ਨ (ਹੈਬੀਅਸ ਕਾਰਪਸ) 'ਤੇ ਸੁਣਵਾਈ ਕਰਦਿਆਂ ਸੁਣਾਇਆ ਗਿਆ, ਜਿਸ ਵਿੱਚ ਦੋਸ਼ ਲਾਇਆ ਗਿਆ ਸੀ ਕਿ ਜੋਬਨਪ੍ਰੀਤ ਸਿੰਘ ਨੂੰ ਗ੍ਰਿਫਤਾਰੀ ਦੇ ਕੋਈ ਲਿਖਤੀ ਕਾਰਨ ਨਹੀਂ ਦਿੱਤੇ ਗਏ ਸਨ, ਜੋ ਕਿ ਸੰਵਿਧਾਨਕ ਹੱਕਾਂ ਅਤੇ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੀ ਸਿੱਧੀ ਉਲੰਘਣਾ ਹੈ। ਮਾਮਲੇ ਦਾ ਨਿਪਟਾਰਾ ਕਰਦਿਆਂ ਜਸਟਿਸ ਜੈਨ ਨੇ ਇਹ ਸਪਸ਼ਟ ਕਰ ਦਿੱਤਾ ਕਿ ਕਾਨੂੰਨ ਦੇ ਤੈਅ ਨਿਯਮਾਂ ਅਤੇ ਕਾਇਦੇ-ਕਾਨੂੰਨਾਂ ਨੂੰ ਦੇਖਦੇ ਹੋਏ ਉਸ ਵਿਅਕਤੀ ਨੂੰ ਰਿਹਾਅ ਕਰਨਾ ਜ਼ਰੂਰੀ ਸੀ।ਇਹ ਹੁਕਮ ਉਸ ਦੇ ਪਿਤਾ ਮੁਖਵੰਤ ਸਿੰਘ ਦੀ ਪਟੀਸ਼ਨ 'ਤੇ ਆਇਆ ਹੈ, ਜਿਸ ਵਿੱਚ ਕਿਹਾ ਗਿਆ ਸੀ (ਬਾਕੀ ਸਫਾ 2 'ਤੇ)




ਚੜ੍ਹਦੀਕਲਾ ਬਿਊਰੋ
================



ਨਵੀਂ ਦਿੱਲੀ, 3 ਜੂਨ:ਦੱਖਣੀ ਦਿੱਲੀ ਦੇ ਮਾਲਵੀਆ ਨਗਰ ਇਲਾਕੇ ਵਿੱਚ ਬੁੱਧਵਾਰ ਸਵੇਰੇ ਇੱਕ ਹੋਟਲ ਵਿੱਚ ਵਾਪਰੇ ਭਿਆਨਕ ਅੱਗ ਦੇ ਹਾਦਸੇ ਵਿੱਚ 21 ਲੋਕਾਂ ਦੀ ਦਰਦਨਾਕ ਮੌਤ ਹੋ ਗਈ ਹੈ। ਮਰਨ ਵਾਲਿਆਂ ਵਿੱਚ 11 ਵਿਦੇਸ਼ੀ ਨਾਗਰਿਕ ਸ਼ਾਮਲ ਹਨ, ਜੋ ਮੁੱਖ ਤੌਰ 'ਤੇ ਲਾਇਬੇਰੀਆ, ਨਾਈਜੀਰੀਆ, ਮੋਜ਼ੰਬੀਕ ਅਤੇ ਬੰਗਲਾਦੇਸ਼ ਦੇ ਰਹਿਣ ਵਾਲੇ ਸਨ। ਜਾਣਕਾਰੀ ਅਨੁਸਾਰ ਮਾਲਵੀਆ ਨਗਰ ਸਥਿਤ 'ਫਲੋਰਿਸ਼ ਸਟੇਅ ਬੀ.ਐਂਡ.ਬੀ.' ਹੋਟਲ ਵਿੱਚ ਸਵੇਰੇ ਲਗਭਗ 8:48 ਵਜੇ ਅੱਗ ਲੱਗਣ ਦੀ ਸੂਚਨਾ ਮਿਲੀ। ਦਿੱਲੀ ਫਾਇਰ ਸਰਵਿਸ ਨੇ ਮੌਕੇ 'ਤੇ ਪਹੁੰਚ ਕੇ 39 ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ, ਜਿਨ੍ਹਾਂ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ। ਬਚਾਅ ਕਾਰਜਾਂ ਦੌਰਾਨ ਦਿੱਲੀ ਪੁਲਿਸ ਦੇ 10 ਮੁਲਾਜ਼ਮਾਂ ਦੀ ਸਿਹਤ ਵੀ ਵਿਗੜ ਗਈ, ਜਿਨ੍ਹਾਂ ਨੂੰ ਏਮਜ਼ ਟਰਾਮਾ ਸੈਂਟਰ ਵਿੱਚ ਦਾਖਲ ਕਰਵਾਇਆ ਗਿਆ ਹੈ।

ਇਸ ਦਰਦਨਾਕ ਹਾਦਸੇ ਤੋਂ ਬਾਅਦ ਦਿੱਲੀ ਪੁਲਿਸ ਨੇ ਹੋਟਲ ਮਾਲਕ ਲੋਕੇਸ਼ ਬਜਾਜ ਅਤੇ ਉਸ ਦੇ ਸਾਥੀਆਂ ਵਿਰੁੱਧ ਗੈਰ-ਇਰਾਦਤਨ ਕਤਲ ਅਤੇ ਹੋਰ ਸਬੰਧਿਤ ਧਾਰਾਵਾਂ ਤਹਿਤ ਐੱਫ.ਆਈ.ਆਰ. ਦਰਜ ਕੀਤੀ ਹੈ।

ਬੁੱਧਵਾਰ ਤੜਕੇ ਦੱਖਣੀ ਦਿੱਲੀ ਦੇ ਇਸ ਇਲਾਕੇ ਵਿੱਚ ਇੱਕ ਪੰਜ ਮੰਜ਼ਿਲਾ ਇਮਾਰਤ ਵਿੱਚ ਚਲਾਏ ਜਾ ਰਹੇ ਬੈੱਡ-ਐਂਡ-ਬ੍ਰੇਕਫਾਸਟ (ਰਹਿਣ ਅਤੇ ਖਾਣ ਪੀਣ ਵਾਲੀ ਜਗ੍ਹਾ) ਵਿੱਚ ਭਿਆਨਕ ਅੱਗ ਲੱਗ ਗਈ। ਪੁਲਿਸ ਦੇ ਇੱਕ ਸੂਤਰ ਨੇ ਦੱਸਿਆ ਕਿ ਹੋਟਲ ਮਾਲਕ, ਜੋ ਕਿ ਫ਼ਰਾਰ ਹੈ, ਦੇ ਘਰ ਇੱਕ ਟੀਮ ਤੁਰੰਤ ਰਵਾਨਾ ਕੀਤੀ ਗਈ ਸੀ। ਪੁਲਿਸ ਸੂਤਰ ਨੇ ਕਿਹਾ, 'ਟੀਮਾਂ ਨੇ ਹੋਟਲ ਮਾਲਕ ਦੇ ਘਰ ਦਾ ਦੌਰਾ ਕੀਤਾ ਹੈ। ਮਾਲਕ ਖ਼ਿਲਾਫ਼ ਐੱਫ ਆਈ ਆਰ ਦਰਜ ਕਰ ਲਈ ਗਈ ਹੈ। ਪੁਲਿਸ ਟੀਮਾਂ ਉਸ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਕਈ ਟੀਮਾਂ ਉਸ ਦੀ ਭਾਲ ਕਰ ਰਹੀਆਂ ਹਨ।'

ਜਾਨ ਗਵਾਉਣ ਵਾਲਿਆਂ ਵਿੱਚ ਜ਼ਿਆਦਾਤਰ ਲੋਕ ਵਿਦੇਸ਼ੀ ਸਨ, ਜੋ ਖਾਸ ਕਰਕੇ ਮੱਧ ਏਸ਼ੀਆ ਅਤੇ ਅਫ਼ਰੀਕੀ ਦੇਸ਼ਾਂ ਦੇ ਰਹਿਣ ਵਾਲੇ ਸਨ। ਇਸ ਹਾਦਸੇ ਵਿੱਚ ਜ਼ਖਮੀ ਹੋਏ ਕਈ ਹੋਰ ਲੋਕਾਂ ਨੂੰ ਇਲਾਜ ਲਈ ਤੁਰੰਤ ਹਸਪਤਾਲ ਪਹੁੰਚਾਇਆ ਗਿਆ ਹੈ। ਇਹ ਅੱਗ ਮਾਲਵੀਆ ਨਗਰ ਦੇ ਇੱਕ ਭੀੜ-ਭੜੱਕੇ ਵਾਲੇ ਇਲਾਕੇ ਹੌਜ਼ ਰਾਣੀ ਵਿੱਚ ਸਥਿਤ 'ਫਲੋਰਿਸ਼ ਸਟੇਅ ਬੀ.ਐਂਡ.ਬੀ.' ਵਿੱਚ ਲੱਗੀ।

ਪੁਲਿਸ ਸੂਤਰਾਂ ਅਨੁਸਾਰ, ਇਹ ਤੜਕੇ ਦਾ ਸਮਾਂ ਸੀ ਜਦੋਂ ਸ਼ੈੱਫ (ਰਸੋਈਆ) ਜ਼ਮੀਨੀ ਮੰਜ਼ਿਲ 'ਤੇ ਬਣੇ ਰੈਸਟੋਰੈਂਟ ਵਿੱਚ ਪਹੁੰਚਿਆ ਅਤੇ ਆਪਣਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਸੈੱਟਅੱਪ (ਸਵਿੱਚ) (ਬਾਕੀ ਸਫਾ 2 'ਤੇ)

## ਮੋਦੀ ਵੱਲੋਂ ਹਾਦਸਾ ਪੀੜਤਾਂ ਲਈ ਵਿੱਤੀ ਸਹਾਇਤਾ ਦਾ ਐਲਾਨ

ਨਵੀਂ ਦਿੱਲੀ, 3 ਜੂਨ (ਅੰਮ੍ਰਿਤਪਾਲ ਸਿੰਘ): ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਬੁੱਧਵਾਰ ਨੂੰ ਦਿੱਲੀ ਦੇ ਮਾਲਵੀਆ ਨਗਰ ਵਿੱਚ ਅੱਗ ਲੱਗਣ ਦੀ ਘਟਨਾ ਵਿੱਚ ਹੋਏ ਜਾਨੀ ਨੁਕਸਾਨ 'ਤੇ ਦੁੱਖ ਪ੍ਰਗਟ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਨੇ ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਨੂੰ 2-2 ਲੱਖ ਰੁਪਏ ਅਤੇ ਜ਼ਖਮੀਆਂ ਨੂੰ 50,000 ਰੁਪਏ ਦੀ ਸਹਾਇਤਾ ਰਾਸ਼ੀ ਦੇਣ ਦਾ ਐਲਾਨ ਕੀਤਾ। ਬੁੱਧਵਾਰ ਨੂੰ ਦੱਖਣੀ ਦਿੱਲੀ ਦੇ ਮਾਲਵੀਆ ਨਗਰ ਵਿੱਚ ਇੱਕ ਹੋਟਲ ਵਿੱਚ ਲੱਗੀ ਭਿਆਨਕ ਅੱਗ ਵਿੱਚ ਘੱਟੋ-ਘੱਟ 21 ਲੋਕਾਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਦੱਸਿਆ ਕਿ ਇਸ ਹਾਦਸੇ ਵਿਚ ਮਰਨ ਵਾਲੇ ਲੋਕਾਂ ਵਿਚ ਕਈ ਵਿਦੇਸ਼ੀ ਨਾਗਰਿਕ ਵੀ ਸ਼ਾਮਲ ਹਨ, ਜਿਨ੍ਹਾਂ ਵਿੱਚੋਂ ਮੁੱਖ ਤੌਰ 'ਤੇ ਮੱਧ ਏਸ਼ੀਆ ਅਤੇ ਅਫਰੀਕਾ ਦੇ ਸਨ।

ਇਸ ਘਟਨਾ ਦੇ ਸਬੰਧ ਵਿਚ ਪ੍ਰਧਾਨ ਮੰਤਰੀ ਮੋਦੀ ਨੇ 'ਐਕਸ' 'ਤੇ ਪੋਸਟ ਕਰਦੇ ਹੋਏ ਕਿਹਾ, 'ਦਿੱਲੀ ਦੇ ਮਾਲਵੀਆ ਨਗਰ ਵਿੱਚ ਅੱਗ ਲੱਗਣ ਦੀ ਘਟਨਾ ਵਿੱਚ ਹੋਏ ਜਾਨੀ ਨੁਕਸਾਨ 'ਤੇ (ਬਾਕੀ ਸਫਾ 2 'ਤੇ)

## ਕਿਸ ਦੀ ਸੁਰੱਖਿਆ ਕਾਰਨ ਮੰਤਰੀ ਅਹੁਦੇ 'ਤੇ ਬਣੇ ਹੋਏ ਹਨ ਧਰਮੇਂਦਰ ਪ੍ਰਧਾਨ: ਜੈਰਾਮ ਰਮੇਸ਼

ਨਵੀਂ ਦਿੱਲੀ, 3 ਜੂਨ (ਚ.ਨ.ਸ.): ਕਾਂਗਰਸ ਨੇ ਬੁੱਧਵਾਰ ਨੂੰ ਸਵਾਲ ਕੀਤਾ ਕਿ ਸਿੱਖਿਆ ਮੰਤਰਾਲਾ ਦੀ 'ਅਸਮਰੱਥਤਾ ਅਤੇ ਭ੍ਰਿਸ਼ਟਾਚਾਰ' ਦੇ ਸਬੂਤ ਸਾਹਮਣੇ ਆਉਣ ਦੇ ਬਾਵਜੂਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਧਰਮੇਂਦਰ ਪ੍ਰਧਾਨ ਨੂੰ ਕਿਉਂ ਬਚਾ ਰਹੇ ਹਨ ਅਤੇ ਕਿਸੇ ਦੀ ਸੁਰੱਖਿਆ ਕਾਰਨ ਇਹ ਸਭ ਹੋ ਰਿਹਾ ਹੈ ? ਪਾਰਟੀ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਇਹ ਵੀ ਕਿਹਾ ਕਿ ਸਿੱਖਿਆ ਮੰਤਰਾਲਾ ਅਤੇ ਸੀਬੀਐੱਸਈ ਦੇ ਪੱਧਰ 'ਤੇ ਜਵਾਬਦੇਹੀ ਦੀ ਸਪੱਸ਼ਟ ਕਮੀ ਹੈ। ਰਮੇਸ਼ ਨੇ 'ਐਕਸ' 'ਤੇ ਪੋਸਟ ਕੀਤਾ, "ਸੀਬੀਐੱਸਈ ਦੇ ਸੀਨੀਅਰ ਅਧਿਕਾਰੀਆਂ ਨੂੰ ਭਾਵੇਂ ਹੀ ਟਰਾਂਸਫਰ ਕਰ ਦਿੱਤਾ ਗਿਆ ਹੋਵੇ ਪਰ ਸਿੱਖਿਆ ਮੰਤਰੀ ਅਹੁਦੇ 'ਤੇ ਬਣੇ ਰਹਿਣ ਲਈ ਜ਼ੋਰ ਲਗਾ ਰਹੇ ਹਨ, ਜਦੋਂ ਕਿ (ਬਾਕੀ ਸਫਾ 2 'ਤੇ)

## ਕੇਵਲ ਸਿੰਘ ਢਿੱਲੋਂ ਨੇ ਸੰਭਾਲੀ ਪੰਜਾਬ ਭਾਜਪਾ ਦੀ ਕਮਾਨ

### 'ਮਹਾਰਾਜਾ ਰਣਜੀਤ ਸਿੰਘ ਵਾਲੇ ਪੰਜਾਬ' ਨੂੰ ਬਣਾਇਆ ਪਾਰਟੀ ਦਾ ਆਦਰਸ਼



ਚੜ੍ਹਦੀਕਲਾ ਬਿਊਰੋ
================

ਚੰਡੀਗੜ੍ਹ, 3 ਜੂਨ :ਪੰਜਾਬ ਭਾਰਤੀ ਜਨਤਾ ਪਾਰਟੀ ਨੇ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਨੂੰ ਪੰਜਾਬ ਲਈ ਆਦਰਸ਼ ਮਾਡਲ ਦੱਸਦਿਆਂ ਸੂਬੇ ਵਿੱਚ ਖੁਸ਼ਹਾਲੀ, ਭਾਈਚਾਰੇ ਅਤੇ ਸੁਸ਼ਾਸਨ ਵਾਲਾ ਪੰਜਾਬ ਸਿਰਜਣ ਦਾ ਸੰਕਲਪ ਦੁਹਰਾਇਆ ਹੈ। ਚੰਡੀਗੜ੍ਹ ਵਿੱਚ ਇਹ ਐਲਾਨ ਕਰਦਿਆਂ ਭਾਜਪਾ ਆਗੂਆਂ ਨੇ ਕਿਹਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਸੱਤਾ ਤੋਂ ਬਾਹਰ ਕਰਕੇ ਪੰਜਾਬ ਨੂੰ ਨਵੀਂ ਦਿਸ਼ਾ ਦਿੱਤੀ ਜਾਵੇਗੀ। ਇਹ ਸੰਕਲਪ ਪੰਜਾਬ ਭਾਜਪਾ ਦੇ ਨਵੇਂ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਦੇ ਅਹੁਦਾ ਸੰਭਾਲਣ ਮੌਕੇ ਪ੍ਰਗਟ ਕੀਤਾ (ਬਾਕੀ ਸਫਾ 2 'ਤੇ)

## ਫਿਰੋਜ਼ਪੁਰ ਦੇ ਰੈਸਟੋਰੈਂਟ ਵਿੱਚ ਲੱਗੀ ਅੱਗ 'ਚ ਜ਼ਿੰਦਾ ਸੜਿਆ ਨੌਜਵਾਨ

ਫਿਰੋਜ਼ਪੁਰ , 3 ਜੂਨ (ਚ.ਨ.ਸ.): ਫਿਰੋਜ਼ਪੁਰ ਕੈਂਟ 'ਚ ਅੱਜ ਨਿਵੇਦਿਅਮ ਸਵੀਟਸ ਐਂਡ ਬੇਕਰਜ਼ 'ਚ ਲੱਗੀ ਭਿਆਨਕ ਅੱਗ ਵਿੱਚ ਤੁਲਸੀ ਨਾਂ ਦੇ ਇੱਕ ਕਰਮਚਾਰੀ ਦੀ ਸੜ ਕੇ ਮੌਤ ਹੋ ਗਈ ਹੈ।

ਜਾਣਕਾਰੀ ਅਨੁਸਾਰ ਜਦੋਂ ਅੱਗ ਲੱਗੀ ਤਾਂ ਕਿਸੇ ਨੂੰ ਵੀ ਪਤਾ ਨਹੀਂ ਸੀ ਕਿ ਇਹ ਕਰਮਚਾਰੀ ਹੋਟਲ/ਰੈਸਟੋਰੈਂਟ ਦੇ ਅੰਦਰ ਹੈ। ਜਦੋਂ ਫਾਇਰ ਬ੍ਰਿਗੇਡ ਕਰਮਚਾਰੀ ਅੱਗ ਬੁਝਾ ਰਹੇ ਸਨ ਤਾਂ ਉਨ੍ਹਾਂ ਨੂੰ ਇਹ ਸੜਿਆ ਹੋਇਆ ਵਿਅਕਤੀ ਦਿਖਾਈ ਦਿੱਤਾ, ਜਿਸ ਨੂੰ ਬਾਹਰ ਕੱਢਿਆ ਗਿਆ ਅਤੇ ਤੁਰੰਤ ਸਿਵਲ ਹਸਪਤਾਲ ਲਿਜਾਇਆ ਗਿਆ। ਸੰਪਰਕ ਕਰਨ 'ਤੇ ਡਿਊਟੀ 'ਤੇ ਤਾਇਨਾਤ ਐਮਰਜੈਂਸੀ ਮੈਡੀਕਲ ਅਫ਼ਸਰ ਨੇ ਦੱਸਿਆ ਕਿ ਮ੍ਰਿਤਕ ਤੁਲਸੀ ਦੀ ਉਮਰ (ਬਾਕੀ ਸਫਾ 2 'ਤੇ)

# ਪੰਜਾਬ ਵਿੱਚ ਅਗਲੇ 48 ਘੰਟਿਆਂ ਦੌਰਾਨ ਭਾਰੀ ਮੀਂਹ ਤੇ ਹਨ੍ਹੇਰੀ-ਤੂਫ਼ਾਨ ਦੀ ਚਿਤਾਵਨੀ

ਚੜ੍ਹਦੀਕਲਾ ਬਿਊਰੋ
================



ਚੰਡੀਗੜ੍ਹ, 3 ਜੂਨ : ਪੰਜਾਬ ਦੇ ਮੌਸਮ ਨੂੰ ਲੈ ਕੇ ਵੱਡੀ ਅਪਡੇਟ ਸਾਹਮਣੇ ਆਈ ਹੈ। ਮੌਸਮ ਵਿਭਾਗ ਨੇ ਅਗਲੇ ਦਿਨਾਂ ਲਈ ਅੱਜ ਤੋਂ ਲੈ ਕੇ 7 ਜੂਨ ਤੱਕ ਵੱਡੀ ਭਵਿੱਖਬਾਣੀ ਕੀਤੀ ਹੈ। ਭਾਰਤੀ ਮੌਸਮ ਵਿਭਾਗ ਚੰਡੀਗੜ੍ਹ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਲਈ ਚਿਤਾਵਨੀ ਜਾਰੀ ਕੀਤੀ ਹੈ। ਮੌਸਮ ਵਿਚ ਵੱਡੀ ਤਬਦੀਲੀ ਵੇਖਣ ਨੂੰ ਮਿਲੇਗੀ। ਮੌਸਮ ਵਿਭਾਗ ਮੁਤਾਬਕ ਪੰਜਾਬ ਵਿਚ ਅਗਲੇ 48 ਘੰਟੇ ਬੇਹੱਦ ਅਹਿਮ ਮੰਨੇ ਜਾ ਰਹੇ ਹਨ। ਮੌਸਮ ਵਿਭਾਗ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਮੁਤਾਬਕ ਚਾਰ ਜੂਨ ਨੂੰ ਪੰਜਾਬ ਦੇ ਬਹੁਤੇ ਹਿੱਸਿਆਂ ਵਿੱਚ 40-60 ਕਿਲੋਮੀਟਰ ਪ੍ਰਤੀ ਘੰਟੇ ਦੇ ਰਫ਼ਤਾਰ ਨਾਲ ਤੇਜ਼ ਹਵਾਵਾਂ ਚੱਲਣਗੀਆਂ ਅਤੇ ਗਰਜ਼-ਚਮਕ ਦੇ ਨਾਲ ਬਿਜਲੀ ਚਮਕਣ ਦੀ ਚਿਤਾਵਨੀ ਦਿੱਤੀ ਹੈ। ਇਸ ਦੇ ਨਾਲ ਹੀ ਭਾਰੀ ਬਾਰਿਸ਼ ਵੀ ਹੋਵੇਗੀ। ਲੁਧਿਆਣਾ, ਮੋਗਾ, ਬਰਨਾਲਾ, ਸੰਗਰੂਰ, ਪਟਿਆਲਾ ਅਤੇ ਫਤਿਹਗੜ੍ਹ ਸਾਹਿਬ ਵਰਗੇ ਕੇਂਦਰੀ ਅਤੇ ਦੱਖਣੀ ਜ਼ਿਲ੍ਹਿਆਂ ਵਿੱਚ 50-60 ਕਿਲੋਮੀਟਰ ਦੀ ਰਫ਼ਤਾਰ ਨਾਲ ਤੇਜ਼ ਹਵਾਵਾਂ ਚੱਲ ਸਕਦੀਆਂ ਹਨ, ਜਿਸ ਲਈ ਵਿਭਾਗ ਨੇ ਸਾਵਧਾਨ ਰਹਿਣ ਦੀ ਸਲਾਹ ਦਿੱਤੀ ਹੈ। ਬਾਕੀ ਜ਼ਿਲ੍ਹੇ ਜਿਵੇਂ ਕਿ (ਬਾਕੀ ਸਫਾ 2 'ਤੇ)

## ਕੇਰਲਾ 'ਚ ਦੱਖਣ-ਪਛਮੀ ਮਾਨਸੂਨ ਦੇ ਅੱਜ ਪੁੱਜਣ ਦੀ ਸੰਭਾਵਨਾ

ਨਵੀਂ ਦਿੱਲੀ, 3 ਜੂਨ (ਚ.ਨ.ਸ.): ਭਾਰਤੀ ਮੌਸਮ ਵਿਗਿਆਨ ਵਿਭਾਗ (ਆਈ.ਐਮ.ਡੀ.) ਨੇ ਦੱਸਿਆ ਕਿ ਇਸ ਵਾਰ ਦੱਖਣ-ਪਛਮੀ ਮਾਨਸੂਨ ਦੇ 4 ਜੂਨ ਦੇ ਆਸ ਪਾਸ ਕੇਰਲ ਵਿਚ ਦਸਤਕ ਦੇਣ ਦੀ ਉਮੀਦ ਹੈ। ਆਮ ਤੌਰ 'ਤੇ ਮਾਨਸੂਨ 1 ਜੂਨ ਨੂੰ ਕੇਰਲ ਪਹੁੰਚਦਾ ਹੈ, ਜਿਸ ਨਾਲ ਚਾਰ ਮਹੀਨਿਆਂ ਦੇ ਬਰਸਾਤ ਦੇ ਸੀਜ਼ਨ ਦੀ ਸ਼ੁਰੂਆਤ ਹੁੰਦੀ ਹੈ। ਮੌਸਮ ਵਿਭਾਗ ਨੇ ਅਪਣੀ ਰੋਜ਼ਾਨਾ ਭਵਿੱਖਬਾਣੀ ਵਿਚ ਕਿਹਾ, "ਦੱਖਣ-ਪੱਛਮੀ ਮਾਨਸੂਨ ਦੇ ਅਰਬ ਸਾਗਰ ਦੇ (ਬਾਕੀ ਸਫਾ 2 'ਤੇ)

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਕੋਈ ਕਾਨੂੰਨ ਲਾਗੂ ਨਹੀਂ ਹੁੰਦਾ: ਜਥੇ. ਕੁਲਦੀਪ ਸਿੰਘ ਗੜਗੱਜ

ਚੜ੍ਹਦੀਕਲਾ ਬਿਊਰੋ
================



ਟਾਂਡਾ ਉੜਮੁੜ, 3 ਜੂਨ:ਜੁਗੋ-ਜੁਗ ਅਟੱਲ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਿਸੇ ਵੀ ਕਾਨੂੰਨ ਜਾਂ ਬੰਦਿਸ਼ ਵਿੱਚ ਨਹੀਂ ਆਉਂਦੇ ਅਤੇ ਨਾ ਹੀ ਕੋਈ ਸਰਕਾਰ ਅਜਿਹੀ ਹਰਕਤ ਕਰੇ। ਇਨਾਂ ਵਿਚਾਰਾਂ ਦਾ ਪ੍ਰਗਟਾਵਾ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਅੱਜ ਪਿੰਡ ਮਿਆਣੀ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ। ਇਸ ਮੌਕੇ ਉਨਾਂ ਪੰਜਾਬ ਸਰਕਾਰ ਵੱਲੋਂ ਬਣਾਏ ਗਏ ਸਤਿਕਾਰ ਕਾਨੂੰਨ ਦਾ ਵਿਰੋਧ ਕਰਦੇ ਹੋਏ ਕਿਹਾ ਕਿ ਸਰਕਾਰ ਵੱਲੋਂ ਇਹ ਕਾਨੂੰਨ ਸ੍ਰੀ ਅਕਾਲ ਤਖ਼ਤ ਸਾਹਿਬ, ਪੰਥ ਦੀ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਥਕ ਧਿਰਾਂ ਨੂੰ ਵਿਸ਼ਵਾਸ ਵਿੱਚ ਲਏ ਬਗੈਰ ਹੀ ਬਣਾਇਆ ਗਿਆ ਹੈ, ਜੋਕਿ ਪੰਥ ਨੂੰ ਪ੍ਰਵਾਨ ਨਹੀਂ। ਉਨ੍ਹਾਂ ਨੇ ਹੋਰ ਕਿਹਾ ਕਿ ਸਰਕਾਰ ਦੀ ਇਸ ਹਰਕਤ ਦਾ ਜਵਾਬ ਦੇਣ ਲਈ ਜਿੱਥੇ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਲ ਵਿਸ਼ਾਲ ਪੰਥਕ ਇਕੱਠ ਹੋਏ ਹਨ, ਉੱਥੇ ਹੀ ਇਸ ਕਾਨੂੰਨ ਖ਼ਿਲਾਫ਼ ਅਗਲੀ ਰਣਨੀਤੀ ਤੈਅ ਕਰਨ ਲਈ 6 ਜੂਨ ਤੋਂ ਬਾਅਦ ਵਿਸ਼ਾਲ ਪੰਥਕ ਇਕੱਠ ਹੋਵੇਗਾ ਅਤੇ ਉਸੇ ਪੰਥਕ ਕਾਨਫ਼ਰੰਸ ਵਿੱਚ (ਬਾਕੀ ਸਫਾ 2 'ਤੇ)

## ਟੋਏ 'ਚ ਨਹਾਉਣ ਗਏ 5 ਬੱਚਿਆਂ ਦੀ ਡੁੱਬਣ ਕਾਰਨ ਮੌਤ

ਮਧੁਬਨੀ, 3 ਜੂਨ (ਚ.ਨ.ਸ.): ਬਿਹਾਰ ਦੇ ਮਧੁਬਨੀ ਜ਼ਿਲ੍ਹੇ ਦੇ ਬਿਸਫੀ ਥਾਣਾ ਖੇਤਰ 'ਚ ਬੁੱਧਵਾਰ ਨੂੰ ਪਾਣੀ ਨਾਲ ਭਰੇ ਇਕ ਟੋਏ 'ਚ ਡੁੱਬ ਕੇ 5 ਜਵਾਕਾਂ ਦੀ ਮੌਤ ਹੋ ਗਈ। ਪੁਲਿਸ ਸੂਤਰਾਂ ਨੇ ਦੱਸਿਆ ਕਿ ਭਿਆਨਕ ਗਰਮੀ ਕਾਰਨ 5 ਜਵਾਕ ਕੇਰਵਾਰ ਪਿੰਡ ਨੇੜੇ ਪਾਣੀ ਨਾਲ ਭਰੇ ਇਕ ਟੋਏ 'ਚ ਨਹਾਉਣ ਗਏ ਸਨ। ਇਸੇ ਦੌਰਾਨ ਇਕ ਜਵਾਕ ਡੂੰਘੇ ਪਾਣੀ 'ਚ ਡੁੱਬਣ ਲੱਗਾ। ਉਸ ਨੂੰ ਬਚਾਉਣ ਦੀ ਕੋਸ਼ਿਸ਼ 'ਚ ਹੋਰ ਜਵਾਕ ਵੀ ਪਾਣੀ 'ਚ ਡੁੱਬ ਗਏ। ਸੂਤਰਾਂ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਕੇਰਵਾਰ ਪਿੰਡ ਵਾਸੀ ਲਲਿਤ ਪੰਡਿਤ ਦੀ 12 ਸਾਲਾ ਧੀ ਸਲੋਨੀ ਕੁਮਾਰੀ, ਛੋਟੇ ਪੰਡਿਤ ਦੇ 15 ਸਾਲਾ ਪੁੱਤ ਅਭਿਸ਼ੇਕ ਪੰਡਿਤ, ਦਿਨੇਸ਼ ਪੰਡਿਤ ਦੇ 13 ਸਾਲਾ ਪੁੱਤ ਪ੍ਰਸ਼ਾਂਤ ਪੰਡਿਤ ਅਤੇ 10 ਸਾਲਾ ਪੁੱਤ ਰਿੰਕੂ ਕੁਮਾਰ ਤੇ ਨੂਨੂ ਪੰਡਿਤ ਦੀ 12 ਸਾਲਾ ਧੀ ਸਨੇਹਾ ਕੁਮਾਰੀ ਵਜੋਂ ਕੀਤੀ ਗਈ ਹੈ। ਸੂਤਰਾਂ ਨੇ ਦੱਸਿਆ (ਬਾਕੀ ਸਫਾ 2 'ਤੇ)

## ਮਮਤਾ ਦੀ ਪਾਰਟੀ ਦੋਫਾੜ ਹੋਣ ਦੇ ਕੰਢੇ

# 58 ਬਾਗ਼ੀ ਵਿਧਾਇਕਾਂ ਨੇ ਖ਼ੁਦ ਨੂੰ ਦੱਸਿਆ 'ਅਸਲੀ ਟੀ.ਐਮ.ਸੀ.'



ਚੜ੍ਹਦੀਕਲਾ ਬਿਊਰੋ
================

ਕੋਲਕਾਤਾ, 3 ਜੂਨ:ਪੱਛਮੀ ਬੰਗਾਲ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮਿਲੀ ਹਾਰ ਤੋਂ ਬਾਅਦ ਤ੍ਰਿਣਮੂਲ ਕਾਂਗਰਸ (ਟੀ.ਐੱਮ.ਸੀ.) ਦੋਫਾੜ ਹੋਣ ਦੀ ਕਗਾਰ 'ਤੇ ਹੈ ਕਿਉਂਕਿ ਪਾਰਟੀ ਵਿੱਚੋਂ ਕੱਢੇ ਗਏ ਵਿਧਾਇਕ ਰਿਤਬਰਤਾ ਬੈਨਰਜੀ ਦੀ ਅਗਵਾਈ ਵਿੱਚ 58 ਪਾਰਟੀ ਵਿਧਾਇਕਾਂ ਨੇ ਖੁਦ ਨੂੰ ਅਸਲੀ ਟੀ.ਐੱਮ.ਸੀ. ਹੋਣ ਦਾ ਦਾਅਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸਪੀਕਰ ਨੇ ਉਨ੍ਹਾਂ ਦੇ ਇਸ ਦਾਅਵੇ ਨੂੰ ਸਵੀਕਾਰ ਕਰ ਲਿਆ ਹੈ।

ਰਿਤਬਰਤਾ ਬੈਨਰਜੀ ਨੂੰ ਦੋ ਦਿਨ ਪਹਿਲਾਂ ਟੀ.ਐੱਮ.ਸੀ. ਮੁਖੀ ਮਮਤਾ ਬੈਨਰਜੀ ਨੇ ਪਾਰਟੀ ਵਿੱਚੋਂ ਬਾਹਰ ਕੱਢ ਦਿੱਤਾ ਸੀ। ਉਨ੍ਹਾਂ ਨੇ ਸ਼ਿਕਾਇਤ ਕੀਤੀ ਸੀ ਕਿ ਵਿਧਾਨ ਸਭਾ ਵਿੱਚ ਸੋਭਨਦੇਵ ਚਟੋਪਾਧਿਆਏ ਨੂੰ (ਬਾਕੀ ਸਫਾ 2 'ਤੇ)

## ਈ.ਡੀ. ਵੱਲੋਂ ਮਨੁੱਖੀ ਤਸਕਰੀ ਮਾਮਲੇ 'ਚ ਪੰਜਾਬ ਅਤੇ ਯੂਪੀ ਵਿੱਚ ਛਾਪੇ

ਚੜ੍ਹਦੀਕਲਾ ਬਿਊਰੋ
================




ਨਵੀਂ ਦਿੱਲੀ, 3 ਜੂਨ: ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਬੁੱਧਵਾਰ ਨੂੰ ਭਾਰਤ ਅਤੇ ਕੰਬੋਡੀਆ ਵਿੱਚ ਸਰਗਰਮ ਇੱਕ ਮਨੁੱਖੀ ਤਸਕਰੀ ਗਿਰੋਹ ਦੇ ਖ਼ਿਲਾਫ਼ ਮਨੀ ਲਾਂਡਰਿੰਗ ਦੀ ਜਾਂਚ ਦੇ ਹਿੱਸੇ ਵਜੋਂ ਪੰਜਾਬ ਅਤੇ ਉੱਤਰ ਪ੍ਰਦੇਸ਼ ਵਿੱਚ ਕਈ ਥਾਵਾਂ 'ਤੇ ਛਾਪੇਮਾਰੀ ਕੀਤੀ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ ਹੈ।

ਉਨ੍ਹਾਂ ਨੇ ਦੱਸਿਆ ਕਿ ਇਸ ਗਿਰੋਹ 'ਤੇ ਸੰਗਠਿਤ ਮਨੁੱਖੀ ਤਸਕਰੀ, ਸਾਈਬਰ ਧੋਖਾਧੜੀ ਅਤੇ ਇਨ੍ਹਾਂ ਗੈਰ-ਕਾਨੂੰਨੀ ਗਤੀਵਿਧੀਆਂ ਰਾਹੀਂ ਕਮਾਏ ਗਏ ਅਪਰਾਧ ਦੀ ਕਮਾਈ ਨੂੰ ਖਪਾਉਣ (ਲਾਂਡਰਿੰਗ) ਵਿੱਚ ਸ਼ਾਮਲ ਹੋਣ ਦਾ ਸ਼ੱਕ ਹੈ।

ਦੋਵਾਂ ਸੂਬਿਆਂ ਵਿੱਚ ਹੋਈ ਛਾਪੇਮਾਰੀ ਦੌਰਾਨ ਉਨ੍ਹਾਂ ਵਿਅਕਤੀਆਂ ਦੇ ਰਿਹਾਇਸ਼ੀ ਘਰਾਂ ਦੀ ਤਲਾਸ਼ੀ ਲਈ ਗਈ ਜਿਨ੍ਹਾਂ ਨੇ ਭਰਤੀ ਕਰਨ ਵਾਲੇ/ ਏਜੰਟ ਵਜੋਂ ਕੰਮ ਕੀਤਾ ਸੀ ਅਤੇ ਪੀੜਤਾਂ ਨੂੰ ਵਿਦੇਸ਼ਾਂ ਵਿੱਚ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਦੇ ਝੂਠੇ ਬਹਾਨੇ ਕੰਬੋਡੀਆ ਭੇਜਣ (ਤਸਕਰੀ ਕਰਨ) ਵਿੱਚ ਮਦਦ ਕੀਤੀ ਸੀ।

ਅਧਿਕਾਰੀਆਂ ਨੇ ਦੱਸਿਆ ਕਿ ਪ੍ਰੀਵੈਂਸ਼ਨ ਆਫ਼ ਮਨੀ ਲਾਂਡਰਿੰਗ ਐਕਟ ਦੇ ਤਹਿਤ ਦਰਜ ਕੀਤਾ ਗਿਆ ਈ.ਡੀ. ਦਾ ਇਹ ਮਾਮਲਾ, ਦਿੱਲੀ ਪੁਲਿਸ ਵੱਲੋਂ ਕੀਤੀਆਂ ਐੱਫ.ਆਈ.ਆਰਜ਼ ਅਤੇ ਚਾਰਜਸ਼ੀਟਾਂ 'ਤੇ ਅਧਾਰਤ ਹੈ।

## ਨਿਹੰਗ ਸਿੰਘਾਂ ਨੇ ਸਾਂਭ ਲਏ ਮੋਰਚੇ

# ਪੰਜਾਬ ਆਉਣ ਵਾਲੀਆਂ ਗੱਡੀਆਂ 'ਤੇ ਲੱਗੇਗਾ 'ਖ਼ਾਲਸਾ ਟੈਕਸ'

ਚੜ੍ਹਦੀਕਲਾ ਬਿਊਰੋ
================



ਕੀਰਤਪੁਰ ਸਾਹਿਬ,3 ਜੂਨ : ਹਿਮਾਚਲ ਪ੍ਰਦੇਸ਼ ਸਰਕਾਰ ਵੱਲੋਂ ਸਰਹੱਦੀ ਇਲਾਕਿਆਂ ਵਿੱਚ ਲਗਾਏ ਗਏ ਐਂਟਰੀ ਟੈਕਸਾਂ ਦੇ ਵਿਰੋਧ ਵਿੱਚ ਨਿਹੰਗ ਸਿੰਘ ਜਥੇਬੰਦੀਆਂ ਨੇ ਅੱਜ ਕੀਰਤਪੁਰ-ਮਨਾਲੀ ਨੈਸ਼ਨਲ ਹਾਈਵੇ 'ਤੇ 'ਖਾਲਸਾ ਟੈਕਸ' ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਗਰਾਂ ਮੋੜਾ ਟੋਲ ਪਲਾਜ਼ਾ ਨੇੜੇ ਬਾਬਾ ਅੱਛਰ ਸਿੰਘ ਮਹਾਕਾਲ ਦੀ ਅਗਵਾਈ ਹੇਠ ਇਹ ਪ੍ਰਤੀਕਾਤਮਕ ਕਾਰਵਾਈ ਕੀਤੀ ਗਈ।

ਯਾਦ ਰਹੇ ਕਿ 1 ਜੂਨ ਨੂੰ ਕਿਸਾਨ ਜਥੇਬੰਦੀਆਂ, ਟੈਕਸੀ ਯੂਨੀਅਨਾਂ, ਸਰਹੱਦੀ ਇਲਾਕਿਆਂ ਦੇ ਵਸਨੀਕਾਂ ਅਤੇ ਨਿਹੰਗ ਜਥੇਬੰਦੀਆਂ ਵੱਲੋਂ ਹਿਮਾਚਲ ਦੇ ਐਂਟਰੀ ਟੈਕਸਾਂ ਦੇ ਵਿਰੋਧ ਵਿੱਚ ਚਾਰ ਘੰਟਿਆਂ ਲਈ ਆਵਾਜਾਈ ਰੋਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ ਸੀ। ਉਸ ਮੌਕੇ ਨਿਹੰਗ ਸਿੰਘਾਂ ਨੇ ਐਲਾਨ ਕੀਤਾ ਸੀ ਕਿ ਜੇ ਹਿਮਾਚਲ ਸਰਕਾਰ ਇਹ ਟੈਕਸ ਵਾਪਸ ਨਹੀਂ ਲੈਂਦੀ ਤਾਂ ਹਿਮਾਚਲ ਤੋਂ ਪੰਜਾਬ ਆਉਣ ਵਾਲੇ ਵਾਹਨਾਂ ਲਈ 'ਖਾਲਸਾ ਟੈਕਸ' ਦੀਆਂ ਪਰਚੀਆਂ ਕੱਟੀਆਂ ਜਾਣਗੀਆਂ।ਅੱਜ ਇਸ ਐਲਾਨ ਨੂੰ ਅਮਲੀ ਰੂਪ ਦਿੰਦਿਆਂ ਨਿਹੰਗ ਜਥੇਬੰਦੀਆਂ ਵੱਲੋਂ ਹਿਮਾਚਲ ਤੋਂ ਆਉਣ ਵਾਲੇ (ਬਾਕੀ ਸਫਾ 2 'ਤੇ)

## ਡੀ.ਕੇ. ਸ਼ਿਵਕੁਮਾਰ ਨੇ ਕਰਨਾਟਕਾ ਦੇ ਮੁੱਖ ਮੰਤਰੀ ਵਜੋਂ ਚੁੱਕੀ ਸਹੁੰ

### ਡਾ. ਜੀ ਪਰਮੇਸ਼ਵਰ ਨੇ ਉਪ ਮੁੱਖ ਮੰਤਰੀ ਵਜੋਂ ਲਿਆ ਹਲਫ਼

ਚੜ੍ਹਦੀਕਲਾ ਬਿਊਰੋ
================



ਬੰਗਲੁਰੂ, 3 ਜੂਨ: ਕਾਂਗਰਸ ਦੇ ਸੀਨੀਅਰ ਆਗੂ ਡੀ.ਕੇ. ਸ਼ਿਵਕੁਮਾਰ ਨੇ ਬੁੱਧਵਾਰ ਨੂੰ ਕਰਨਾਟਕਾ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਕੇ ਸੂਬੇ ਦੀ ਕਮਾਨ ਸੰਭਾਲ ਲਈ ਹੈ। ਦੂਜੇ ਪਾਸੇ ਡਾ. ਜੀ ਪਰਮੇਸ਼ਵਰ ਨੇ ਸੂਬੇ ਦੇ ਉਪ-ਮੁੱਖ ਮੰਤਰੀ ਵਜੋਂ ਅਹੁਦੇ ਦੀ ਸਹੁੰ ਚੁੱਕੀ। ਬੰਗਲੁਰੂ ਸਥਿਤ ਲੋਕ ਭਵਨ ਦੇ 'ਗਲਾਸ ਹਾਊਸ' ਵਿੱਚ ਆਯੋਜਿਤ ਇੱਕ ਸ਼ਾਨਦਾਰ ਸਮਾਰੋਹ ਵਿੱਚ ਰਾਜਪਾਲ ਥਾਵਰਚੰਦ ਗਹਿਲੋਤ ਨੇ ਦੋਵਾਂ ਆਗੂਆਂ ਨੂੰ ਸਹੁੰ ਚੁਕਾਈ। ਇਸ ਮੌਕੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ, ਸੰਗਠਨ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ ਸਮੇਤ ਪਾਰਟੀ ਦੇ ਕਈ ਸੀਨੀਅਰ ਆਗੂ ਮੌਜੂਦ ਸਨ। ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਦੇ ਨਾਲ ਹੀ ਡੀ.ਕੇ. ਸ਼ਿਵਕੁਮਾਰ ਦਾ ਸਾਲਾਂ ਪੁਰਾਣਾ ਸਿਆਸੀ ਸੁਪਨਾ ਪੂਰਾ ਹੋ ਗਿਆ। ਅੱਠ ਵਾਰ ਵਿਧਾਇਕ ਰਹਿ ਚੁੱਕੇ ਸ਼ਿਵਕੁਮਾਰ ਲੰਬੇ ਸਮੇਂ ਤੋਂ ਰਾਜ ਦੀ ਸਰਵਉੱਚ ਕੁਰਸੀ 'ਤੇ ਪਹੁੰਚਣ ਲਈ ਯਤਨਸ਼ੀਲ ਸਨ। ਕਰਨਾਟਕਾ (ਬਾਕੀ ਸਫਾ 2 'ਤੇ)

## ਕੁਵੈਤ ਹਵਾਈ ਅੱਡੇ 'ਤੇ ਹੋਏ ਹਮਲੇ 'ਚ ਭਾਰਤੀ ਨਾਗਰਿਕ ਦੀ ਮੌਤ

ਦੁਬਈ, 3 ਜੂਨ (ਚ.ਨ.ਸ.): ਅਧਿਕਾਰੀਆਂ ਨੇ ਬੁੱਧਵਾਰ ਨੂੰ ਦੱਸਿਆ ਕਿ ਕੁਵੈਤ ਕੌਮਾਂਤਰੀ ਹਵਾਈ ਅੱਡੇ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਇੱਕ ਹਮਲੇ ਵਿੱਚ ਇੱਕ ਭਾਰਤੀ ਨਾਗਰਿਕ ਦੀ ਮੌਤ ਹੋ ਗਈ ਹੈ।

ਕੁਵੈਤ ਵਿੱਚ ਮੌਜੂਦ ਭਾਰਤੀ ਦੂਤਾਵਾਸ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇੱਕ ਪੋਸਟ ਪਾਈ ਹੈ। ਇਸ ਪੋਸਟ ਰਾਹੀਂ ਉਨ੍ਹਾਂ ਨੇ ਅੱਜ ਕੁਵੈਤ ਦੇ ਹਵਾਈ ਅੱਡੇ 'ਤੇ ਹੋਏ ਹਮਲੇ ਵਿੱਚ ਇੱਕ ਭਾਰਤੀ ਨਾਗਰਿਕ ਦੀ ਹੋਈ ਦੁਖਦਾਈ ਮੌਤ 'ਤੇ ਡੂੰਘੇ ਦੁੱਖ ਅਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਹੈ।ਭਾਰਤੀ ਦੂਤਾਵਾਸ ਨੇ ਇਹ ਵੀ ਦੱਸਿਆ ਕਿ ਉਹ ਪੀੜਤ ਪਰਿਵਾਰ ਦੇ ਨਾਲ-ਨਾਲ ਇਸ ਹਮਲੇ ਵਿੱਚ ਜ਼ਖਮੀ ਹੋਏ ਲੋਕਾਂ ਨੂੰ ਹਰ ਤਰ੍ਹਾਂ ਦੀ ਸੰਭਵ ਮਦਦ ਅਤੇ ਸਹਾਇਤਾ ਦੇਣ ਲਈ ਕੁਵੈਤ ਦੇ ਅਧਿਕਾਰੀਆਂ ਨਾਲ ਲਗਾਤਾਰ ਰਾਬਤਾ ਬਣਾ ਕੇ ਕੰਮ ਕਰ ਰਿਹਾ ਹੈ।ਕੁਵੈਤ ਦੀ ਸਰਕਾਰੀ (ਬਾਕੀ ਸਫਾ 2 'ਤੇ)

# ਚੀਮਾ ਵੱਲੋਂ ਮੁਲਾਜ਼ਮ ਯੂਨੀਅਨਾਂ ਨਾਲ ਉੱਚ ਪੱਧਰੀ ਮੀਟਿੰਗਾਂ ਦੀ ਪ੍ਰਧਾਨਗੀ, ਲੰਬਿਤ ਮਸਲਿਆਂ ਦੇ ਜਲਦੀ ਹੱਲ ਦੇ ਦਿੱਤੇ ਨਿਰਦੇਸ਼



ਚੰਡੀਗੜ੍ਹ, 3 ਜੂਨ (ਚ.ਨ.ਸ.): ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਜੋ ਕਿ ਸੂਬੇ ਦੇ ਮੁਲਾਜ਼ਮਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਗਠਿਤ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਵੀ ਹਨ, ਨੇ ਅੱਜ ਵੱਖ-ਵੱਖ ਮੁਲਾਜ਼ਮ ਯੂਨੀਅਨਾਂ ਵੱਲੋਂ ਉਠਾਈਆਂ ਗਈਆਂ ਜਾਇਜ਼ ਮੰਗਾਂ ਦੇ ਨਿਪਟਾਰੇ ਵਿੱਚ ਤੇਜ਼ੀ ਲਿਆਉਣ ਲਈ ਉੱਚ ਪੱਧਰੀ ਮੀਟਿੰਗਾਂ ਦੀ ਲੜੀ ਦੀ ਪ੍ਰਧਾਨਗੀ ਕੀਤੀ। ਹਰੇਕ ਵਫ਼ਦ ਵੱਲੋਂ ਉਠਾਈਆਂ ਗਈਆਂ ਵਿਸ਼ੇਸ਼ ਮੰਗਾਂ ਅਤੇ ਮੁੱਦਿਆਂ ਦੀ ਸਮੀਖਿਆ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, "ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਮੁਲਾਜ਼ਮਾਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ।"

ਉਨ੍ਹਾਂ ਨੇ ਸਬੰਧਤ ਵਿਭਾਗਾਂ ਦੇ ਪ੍ਰਬੰਧਕੀ ਮੁਖੀਆਂ ਨੂੰ ਮੌਕੇ 'ਤੇ ਹੀ ਨਿਰਦੇਸ਼ ਜਾਰੀ ਕਰਦਿਆਂ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਦੀ ਬਾਰੀਕੀ ਨਾਲ ਪੜਤਾਲ ਕਰਨ ਅਤੇ ਜਲਦੀ ਤੋਂ ਜਲਦੀ ਇਨ੍ਹਾਂ ਦਾ ਹੱਲ ਯਕੀਨੀ ਬਣਾਉਣ ਦੀ ਹਦਾਇਤ ਕੀਤੀ। ਕੈਬਨਿਟ ਸਬ-ਕਮੇਟੀ ਦੀ ਭੂਮਿਕਾ 'ਤੇ ਜ਼ੋਰ ਦਿੰਦਿਆਂ ਹਰਪਾਲ ਸਿੰਘ ਚੀਮਾ ਨੇ ਕਿਹਾ, "ਕੈਬਨਿਟ ਸਬ-ਕਮੇਟੀ ਸੂਬੇ ਦੇ ਸਾਰੇ ਕੇਡਰਾਂ ਦੇ ਮੁਲਾਜ਼ਮਾਂ ਦੇ ਮਸਲਿਆਂ ਦੇ ਹੱਲ ਲਈ ਇੱਕ ਸਹਿਯੋਗੀ ਮਾਹੌਲ ਸਿਰਜਣ ਲਈ ਸਰਗਰਮੀ ਨਾਲ ਕੰਮ ਕਰ ਰਹੀ ਹੈ।"

ਇਨ੍ਹਾਂ ਵਿਚਾਰ-ਵਟਾਂਦਰਿਆਂ ਦੌਰਾਨ ਵਿੱਤ ਮੰਤਰੀ ਨੇ ਪੰਜਾਬ ਸਟੇਟ ਮਿਨਿਸਟਰੀਅਲ ਸਰਵਿਸਿਜ਼ ਯੂਨੀਅਨ, ਬਾਜ਼ੀਗਰ ਵਣਜਾਰਾ ਸਮਾਜ ਸੰਘਰਸ਼ ਕਮੇਟੀ, ਕੰਪਿਊਟਰ ਅਧਿਆਪਕ ਯੂਨੀਅਨ, ਲਾਲ ਝੰਡਾ ਮਿਡ-ਡੇ-ਮੀਲ ਵਰਕਰਜ਼ ਯੂਨੀਅਨ ਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਰਕਰਜ਼ ਯੂਨੀਅਨ ਦੇ ਨੁਮਾਇੰਦਿਆਂ ਨਾਲ ਵਿਸਥਾਰਪੂਰਵਕ ਚਰਚਾ ਕੀਤੀ। ਪੰਜਾਬ ਸਟੇਟ ਮਿਨਿਸਟਰੀਅਲ ਸਰਵਿਸਿਜ਼ ਯੂਨੀਅਨ ਨੇ ਇੱਕ ਵਿਸਥਾਰਤ ਮੰਗ ਪੱਤਰ ਸੌਂਪਿਆ, ਜਿਸ ਵਿੱਚ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਨੂੰ ਦਰਪੇਸ਼ ਸਾਂਝੇ ਮਸਲਿਆਂ ਨੂੰ ਉਜਾਗਰ ਕੀਤਾ ਗਿਆ। ਆਮ ਮੁਲਾਜ਼ਮ ਭਲਾਈ ਦੇ ਮਾਮਲਿਆਂ ਤੋਂ ਇਲਾਵਾ, ਯੂਨੀਅਨ ਨੇ ਵੱਖ-ਵੱਖ ਖੇਤਰਾਂ ਵਿੱਚ ਤਾਇਨਾਤ ਮਿਨਿਸਟਰੀਅਲ ਸਟਾਫ਼ ਨਾਲ ਸਬੰਧਤ ਵਿਸ਼ੇਸ਼ ਚਿੰਤਾਵਾਂ ਨੂੰ ਸਾਹਮਣੇ ਲਿਆਂਦਾ, ਜਿਨ੍ਹਾਂ ਵਿੱਚ ਜ਼ਿਲ੍ਹਾ ਪ੍ਰਬੰਧਕੀ ਦਫ਼ਤਰ, ਸਿੱਖਿਆ ਵਿਭਾਗ, ਸਹਿਕਾਰਤਾ ਵਿਭਾਗ, ਆਬਕਾਰੀ ਵਿਭਾਗ, ਵਿੱਤ ਵਿਭਾਗ, ਆਈ.ਟੀ.ਆਈਜ਼, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਭੂਮੀ ਅਤੇ ਜਲ ਸੰਭਾਲ ਵਿਭਾਗ ਅਤੇ ਕਮਿਸ਼ਨਰ ਦਫ਼ਤਰਾਂ ਦੇ ਮੁਲਾਜ਼ਮਾਂ ਦੇ ਮੁੱਦੇ ਸ਼ਾਮਲ ਸਨ।

## ਗੈਂਗਸਟਰਾਂ 'ਤੇ ਵਾਰ ਦੇ 134ਵੇਂ ਦਿਨ 526 ਥਾਵਾਂ ਉੱਤੇ ਛਾਪੇਮਾਰੀ ਦੌਰਾਨ 272 ਕਾਬੂ

ਚੰਡੀਗੜ੍ਹ, 3 ਜੂਨ (ਚ.ਨ.ਸ.): ਸੂਬੇ ਵਿੱਚ ਚੱਲ ਰਹੀ ਫੈਸਲਾਕੁੰਨ ਮੁਹਿੰਮ "ਗੈਂਗਸਟਰਾਂ ਤੇ ਵਾਰ" ਦੇ 134ਵੇਂ ਦਿਨ ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਤੇ ਮੈਪ ਕੀਤੇ 526 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਜ਼ਿਕਰਯੋਗ ਹੈ ਕਿ "ਗੈਂਗਸਟਰਾਂ ਤੇ ਵਾਰ" ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਫੈਸਲਾਕੁੰਨ ਜੰਗ ਹੈ, ਜੋ 20 ਜਨਵਰੀ, 2026 ਨੂੰ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਵੱਲੋਂ ਸ਼ੁਰੂ ਕੀਤੀ ਗਈ ਸੀ। ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸਾਰੇ ਜ਼ਿਲਿਆਂ ਦੀਆਂ ਪੁਲਿਸ ਟੀਮਾਂ ਸੂਬੇ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕਰ ਰਹੀਆਂ ਹਨ। 134ਵੇਂ ਦਿਨ ਪੁਲਿਸ ਟੀਮਾਂ ਨੇ ਸੱਤ ਹਥਿਆਰਾਂ ਸਮੇਤ 272 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਬਾਅਦ ਕੁੱਲ ਗ੍ਰਿਫ਼ਤਾਰੀਆਂ 33,612 ਹੋ ਗਈਆਂ। ਇਸ ਤੋਂ ਇਲਾਵਾ 65 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਹੈ, ਜਦੋਂ ਕਿ 20 ਵਿਅਕਤੀਆਂ ਨੂੰ ਪੁੱਛਗਿੱਛ ਤੋਂ ਬਾਅਦ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਨੇ ਕਾਰਵਾਈ ਦੌਰਾਨ 6 ਭਗੌੜੇ ਅਪਰਾਧੀ (ਪੀਓ) ਨੂੰ ਵੀ ਗ੍ਰਿਫ਼ਤਾਰ ਕੀਤਾ ਹੈ। ਲੋਕ, ਐਂਟੀ ਗੈਂਗਸਟਰ ਹੈਲਪਲਾਈਨ ਨੰ. 93946-93946 ਰਾਹੀਂ ਗੁਪਤ ਰੂਪ 'ਚ ਲੋੜੀਂਦੇ ਅਪਰਾਧੀਆਂ ਤੇ ਗੈਂਗਸਟਰਾਂ ਬਾਰੇ ਰਿਪੋਰਟ ਕਰ ਸਕਦੇ ਹਨ ਤੇ ਅਪਰਾਧ ਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ ਵੀ ਦਿੱਤੀ ਜਾ ਸਕਦੀ ਹੈ। ਇਸ ਦੌਰਾਨ ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਨੂੰ 459ਵੇਂ ਦਿਨ ਵੀ ਜਾਰੀ ਰੱਖਦਿਆਂ ਅੱਜ 71 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 18.4 ਕਿਲੋ ਹੈਰੋਇਨ, 570 ਨਸ਼ੀਲੀਆਂ ਗੋਲੀਆਂ ਤੇ 11,487 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ।

## 'ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ ਨਿੱਜੀ ਹਸਪਤਾਲਾਂ 'ਚ 17 ਹੋਰ ਇਲਾਜਾਂ ਨੂੰ ਮਿਲੀ ਮਨਜ਼ੂਰੀ

# ਇਕੱਲੇ ਵਿਅਕਤੀ, ਸੀਨੀਅਰ ਸਿਟੀਜ਼ਨ ਤੇ ਵਿਦੇਸ਼ਾਂ 'ਚ ਰਹਿੰਦੇ ਬੱਚਿਆਂ ਦੇ ਮਾਪੇ ਵੀ ਲੈ ਸਕਣਗੇ 'ਮੁੱਖ ਮੰਤਰੀ ਸਿਹਤ ਯੋਜਨਾ' ਦਾ ਲਾਭ : ਡਾ. ਬਲਬੀਰ ਸਿੰਘ

ਚੰਡੀਗੜ੍ਹ, 3 ਜੂਨ (ਚ.ਨ.ਸ.): ਲੋਕਾਂ ਤੱਕ ਸਿਹਤ ਸੇਵਾਵਾਂ ਨੂੰ ਹੋਰ ਬਿਹਤਰ ਢੰਗ ਨਾਲ ਪਹੁੰਚਾਉਣ ਤੇ ਸਰਕਾਰੀ ਹਸਪਤਾਲਾਂ ਉੱਤੇ ਵਧ ਰਹੇ ਬੋਝ ਨੂੰ ਘਟਾਉਣ ਦੀ ਦਿਸ਼ਾ 'ਚ ਵੱਡਾ ਕਦਮ ਚੁੱਕਦਿਆਂ ਭਗਵੰਤ ਮਾਨ ਸਰਕਾਰ ਨੇ "ਮੁੱਖ ਮੰਤਰੀ ਸਿਹਤ ਯੋਜਨਾ" ਤਹਿਤ ਸੂਚੀਬੱਧ ਨਿੱਜੀ ਹਸਪਤਾਲਾਂ 'ਚ 17 ਹੋਰ ਮੈਡੀਕਲ ਪ੍ਰਕਿਰਿਆਵਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਦੇ ਨਾਲ ਹੀ ਯੋਜਨਾ ਦਾ ਦਾਇਰਾ ਵਧਾ ਕੇ ਇਕੱਲੇ ਰਹਿਣ ਵਾਲੇ ਵਿਅਕਤੀਆਂ ਨੂੰ ਵੀ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ। ਇਹ ਫ਼ੈਸਲਾ ਰਾਜ ਦੀ ਸਿਹਤ ਬੀਮਾ ਯੋਜਨਾ ਦੇ ਵਿਸਥਾਰ ਵੱਲ ਇੱਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ। ਪੰਜਾਬ ਦੇ ਅਣਗਿਣਤ ਪਰਿਵਾਰਾਂ ਲਈ ਹਸਪਤਾਲ ਜਾਣਾ ਅਕਸਰ ਲੰਬੀਆਂ ਕਤਾਰਾਂ, ਭੀੜ-ਭੜੱਕੇ ਵਾਲੇ ਵਾਰਡਾਂ ਤੇ ਇਲਾਜ ਲਈ ਲੰਬੀ ਉਡੀਕ ਕਰਨਾ ਮੰਨਿਆ ਜਾਂਦਾ ਹੈ। ਇਸ ਬੋਝ ਨੂੰ ਘਟਾਉਣ ਦੇ ਉਦੇਸ਼ ਨਾਲ ਰਾਜ ਸਰਕਾਰ ਨੇ ਸਿਹਤ ਸੇਵਾਵਾਂ ਤੱਕ ਪਹੁੰਚ ਨੂੰ ਹੋਰ ਵਸੀਹ ਬਣਾਉਂਦਿਆਂ ਉਨ੍ਹਾਂ 17 ਮੈਡੀਕਲ ਪ੍ਰਕਿਰਿਆਵਾਂ ਨੂੰ ਸੂਚੀਬੱਧ ਨਿੱਜੀ ਹਸਪਤਾਲਾਂ 'ਚ ਕਰਵਾਉਣ ਦੀ ਪ੍ਰਵਾਨਗੀ ਦੇ ਦਿੱਤੀ ਹੈ, ਜੋ ਪਹਿਲਾਂ ਸਿਰਫ਼ ਸਰਕਾਰੀ ਹਸਪਤਾਲਾਂ ਤੱਕ ਸੀਮਤ ਸਨ। ਇਸ ਫ਼ੈਸਲੇ ਨਾਲ ਕੇਵਲ ਸਰਕਾਰੀ ਹਸਪਤਾਲਾਂ ਲਈ ਰਾਖਵੀਆਂ ਪ੍ਰਕਿਰਿਆਵਾਂ ਦੀ ਸੂਚੀ ਹੋਰ ਛੋਟੀ ਹੋ ਗਈ ਹੈ ਅਤੇ ਹੁਣ ਲਾਭਪਾਤਰੀਆਂ ਨੂੰ ਕਾਫ਼ੀ ਵੱਡੇ ਸਿਹਤ ਸੇਵਾ ਨੈੱਟਵਰਕ ਤੋਂ ਇਲਾਜ ਕਰਵਾਉਣ ਦਾ ਮੌਕਾ ਮਿਲੇਗਾ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਇਸ ਨਾਲ ਖ਼ਾਸ ਕਰਕੇ ਉਨ੍ਹਾਂ ਜ਼ਿਲ੍ਹਿਆਂ ਵਿੱਚ ਸਿਹਤ ਸੇਵਾਵਾਂ ਦੀ ਉਪਲੱਬਧਤਾ 'ਚ ਸੁਧਾਰ ਹੋਵੇਗਾ, ਜਿੱਥੇ



ਮਾਹਿਰ ਡਾਕਟਰੀ ਸੇਵਾਵਾਂ ਸੀਮਤ ਹਨ ਜਾਂ ਸਰਕਾਰੀ ਹਸਪਤਾਲਾਂ 'ਤੇ ਜ਼ਿਆਦਾ ਮਰੀਜਾਂ ਦੀ ਨਿਰਭਰਤਾ ਹੈ। ਉਨ੍ਹਾਂ ਕਿਹਾ, "ਇਸ ਨਾਲ ਵੱਡੇ ਸਰਕਾਰੀ ਹਸਪਤਾਲਾਂ ਉੱਤੇ ਦਬਾਅ ਘਟੇਗਾ, ਉਡੀਕ ਸਮਾਂ ਘਟੇਗਾ ਤੇ ਮਰੀਜ਼ਾਂ ਨੂੰ ਸਮੇਂ ਸਿਰ ਇਲਾਜ ਮਿਲ ਸਕੇਗਾ।"

ਨਵੀਆਂ ਮਨਜ਼ੂਰਸ਼ੁਦਾ ਪ੍ਰਕਿਰਿਆਵਾਂ ਵੱਖ-ਵੱਖ ਮੈਡੀਕਲ ਵਿਸ਼ੇਸ਼ਤਾਵਾਂ ਨਾਲ ਸਬੰਧਤ ਹਨ, ਜਿਸ ਨਾਲ ਲੋਕਾਂ ਨੂੰ ਭੀੜ-ਭੜੱਕੇ ਵਾਲੇ ਵੱਡੇ ਹਸਪਤਾਲਾਂ ਵਿੱਚ ਖੱਜਲ-ਖੁਆਰ ਹੋਣ ਦੀ ਬਜਾਏ ਆਪਣੇ ਘਰ ਦੇ ਨੇੜੇ ਹੀ ਇਲਾਜ ਮਿਲ ਸਕੇਗਾ। ਕੰਨ, ਨੱਕ ਤੇ ਗਲਾ (ਈਐਨਟੀ) ਇਲਾਜ ਦੇ ਤਹਿਤ ਹੁਣ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਨੱਕ ਦੀ ਹੱਡੀ ਦੇ ਫ੍ਰੈਕਚਰ ਦੀ ਸੈਟਿੰਗ ਤੇ ਐਡੀਨੋਇਡੈਕਟੋਮੀ ਵਰਗੇ ਅਪ੍ਰੇਸ਼ਨ ਕਰਵਾਏ ਜਾ ਸਕਣਗੇ। ਇਹ ਆਮ ਅਪ੍ਰੇਸ਼ਨ ਹਨ ਜਿਨ੍ਹਾਂ ਵਿੱਚ ਖ਼ਾਸ ਤੌਰ 'ਤੇ ਬੱਚਿਆਂ ਤੇ ਹਾਦਸਿਆਂ ਦੇ ਪੀੜਤਾਂ ਲਈ ਸਮੇਂ ਸਿਰ ਇਲਾਜ ਜ਼ਰੂਰੀ ਹੁੰਦਾ ਹੈ।

ਜਨਰਲ ਸਰਜਰੀ ਦੇ ਖੇਤਰ ਵਿੱਚ ਸਭ ਤੋਂ ਵੱਡਾ ਵਿਸਥਾਰ ਕੀਤਾ ਗਿਆ ਹੈ। ਹਾਈਡ੍ਰੋਸੀਲ ਆਪਰੇਸ਼ਨ, ਫੋੜੇ ਦਾ ਇਲਾਜ, ਐਪੈਂਡਿਕਸ ਸਰਜਰੀ ਤੇ ਓਪਨ ਤੇ ਲੈਪ੍ਰੋਸਕੋਪਿਕ ਦੋਵੇਂ ਤਰ੍ਹਾਂ ਦੀ ਗਾਲ ਬਲੈਡਰ ਸਰਜਰੀਆਂ ਹੁਣ ਯੋਜਨਾ ਤਹਿਤ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਉਪਲੱਬਧ ਹੋਣਗੀਆਂ। ਇਸ ਨਾਲ ਮਰੀਜ਼ਾਂ ਦੀ ਉਡੀਕ ਘਟੇਗੀ ਤੇ ਘਰ ਦੇ ਨੇੜੇ ਇਲਾਜ ਦਾ ਲਾਭ ਮਿਲੇਗਾ। ਮਹਿਲਾ ਸਿਹਤ ਸੇਵਾਵਾਂ ਨੂੰ ਵੀ ਵਿਸ਼ੇਸ਼ ਤਰਜੀਹ ਦਿੱਤੀ ਗਈ ਹੈ। ਇਸੇ ਤਰ੍ਹਾਂ ਨੇਤਰ ਰੋਗ ਤੇ ਆਰਥੋਪੀਡਿਕ ਸੇਵਾਵਾਂ ਨੂੰ ਵੀ ਮਜ਼ਬੂਤ ਕੀਤਾ ਗਿਆ ਹੈ। ਹੁਣ ਪਟੈਰਿਜੀਅਮ ਐਕਸੀਜ਼ਨ ਤੇ ਐਂਟਰੋਪੀਅਨ ਕਰੈਕਸ਼ਨ ਵਰਗੀਆਂ ਅੱਖਾਂ ਨਾਲ ਸਬੰਧਤ ਪ੍ਰਕਿਰਿਆਵਾਂ ਵੀ ਨਿੱਜੀ ਹਸਪਤਾਲਾਂ ਵਿੱਚ ਕਰਵਾਈਆਂ ਜਾ ਸਕਣਗੀਆਂ। ਉੱਥੇ ਹੀ ਆਰਥੋਪੀਡਿਕ ਮਰੀਜ਼ਾਂ ਨੂੰ ਟੈਂਡਨ ਰਿਲੀਜ਼, ਛੋਟੇ ਜੋੜਾਂ ਦੀਆਂ ਸੱਟਾਂ ਦੇ ਇਲਾਜ ਅਤੇ ਗਿੱਟੇ ਦੇ ਫ੍ਰੈਕਚਰ ਦੇ ਆਪਰੇਸ਼ਨਾਂ ਵਰਗੀਆਂ ਸਰਜਰੀਆਂ ਦਾ ਲਾਭ ਮਿਲੇਗਾ। ਇਨ੍ਹਾਂ ਨਵੀਆਂ ਪ੍ਰਕਿਰਿਆਵਾਂ ਦੇ ਪੈਕੇਜ ਰੇਟ 2,000 ਰੁਪਏ ਤੋਂ ₹27,800 ਰੁਪਏ ਤੱਕ ਨਿਰਧਾਰਤ ਕੀਤੇ ਗਏ ਹਨ।

ਇਸ ਐਲਾਨ ਦੇ ਨਾਲ ਯੋਜਨਾ ਦੇ ਦਾਇਰੇ ਦਾ ਇੱਕ ਹੋਰ ਮਹੱਤਵਪੂਰਨ ਵਿਸਥਾਰ ਕੀਤਾ ਗਿਆ ਹੈ। ਹੁਣ ਇਕੱਲੇ ਰਹਿਣ ਵਾਲੇ ਵਿਅਕਤੀ, ਜਿਨ੍ਹਾਂ ਵਿੱਚ ਸੀਨੀਅਰ ਸਿਟੀਜ਼ਨ, ਵਿਧਵਾਵਾਂ ਤੇ ਸੁਤੰਤਰ ਤੌਰ 'ਤੇ ਰਹਿਣ ਵਾਲੇ ਹੋਰ ਵਿਅਕਤੀ ਸ਼ਾਮਲ ਹਨ, ਵੀ ਇਸ ਯੋਜਨਾ ਦਾ ਲਾਭ ਲੈ ਸਕਣਗੇ। ਸਭ ਲਈ ਉਪਲੱਬਧ ਇਹ ਸਿਹਤ ਬੀਮਾ ਪ੍ਰੋਗਰਾਮ ਪਹਿਲਾਂ ਕੇਵਲ ਦੋ ਜਾਂ ਇਸ ਤੋਂ ਵੱਧ ਮੈਂਬਰਾਂ ਵਾਲੇ ਪਰਿਵਾਰਾਂ ਤੱਕ ਸੀਮਤ ਸੀ। ਹੁਣ ਇਸ ਦਾ ਲਾਭ ਉਨ੍ਹਾਂ ਮਾਪਿਆਂ ਨੂੰ ਵੀ ਮਿਲੇਗਾ ਜਿਨ੍ਹਾਂ ਦੇ ਬੱਚੇ ਵਿਦੇਸ਼ਾਂ ਵਿੱਚ ਵੱਸਦੇ ਹਨ। ਅਰਜ਼ੀ ਦੇਣ ਲਈ ਪੰਜਾਬ ਦਾ ਆਧਾਰ ਕਾਰਡ ਅਤੇ ਵੋਟਰ ਪਛਾਣ ਪੱਤਰ ਪੇਸ਼ ਕਰਨਾ ਲਾਜ਼ਮੀ ਹੋਵੇਗਾ, ਜਦਕਿ 18 ਸਾਲ ਤੋਂ ਘੱਟ ਉਮਰ ਦੇ ਬਿਨੈਕਾਰਾਂ ਨੂੰ ਜਨਮ ਸਰਟੀਫਿਕੇਟ ਦੇਣਾ ਹੋਵੇਗਾ। ਇਕੱਲੇ ਰਹਿਣ ਵਾਲੇ ਵਿਅਕਤੀਆਂ ਨੂੰ ਨਾਮਾਂਕਨ ਲਈ ਇੱਕ ਘੋਸ਼ਣਾ ਪੱਤਰ ਜਮ੍ਹਾਂ ਕਰਵਾਉਣਾ ਹੋਵੇਗਾ, ਜਿਸ ਦੀ ਤਸਦੀਕ ਸਥਾਨਕ ਚੁਣੇ ਹੋਏ ਨੁਮਾਇੰਦਿਆਂ ਵੱਲੋਂ ਕੀਤੀ ਜਾਵੇਗੀ। ਰਾਜ ਸਿਹਤ ਏਜੰਸੀ ਦੀ ਰਿਪੋਰਟ ਅਨੁਸਾਰ, ਮੌਜੂਦਾ ਸਮੇਂ ਵਿੱਚ ਲਗਭਗ 65 ਲੱਖ ਪਰਿਵਾਰ ਇਸ ਯੋਜਨਾ ਤਹਿਤ ਕਵਰ ਕੀਤੇ ਜਾ ਚੁੱਕੇ ਹਨ। ਇਸ ਵੇਲੇ 824 ਹਸਪਤਾਲ, ਜਿਨ੍ਹਾਂ ਵਿੱਚ ਸਰਕਾਰੀ, ਕੇਂਦਰ ਸਰਕਾਰ ਦੇ ਤੇ ਸੂਚੀਬੱਧ ਨਿੱਜੀ ਹਸਪਤਾਲ ਸ਼ਾਮਲ ਹਨ, ਯੋਜਨਾ ਤਹਿਤ ਇਲਾਜ ਪ੍ਰਦਾਨ ਕਰ ਰਹੇ ਹਨ। ਲਗਭਗ 2,300 ਬੀਮਾਰੀਆਂ ਤੇ ਮੈਡੀਕਲ ਪ੍ਰਕਿਰਿਆਵਾਂ ਨੂੰ ਕਵਰ ਕਰਨ ਵਾਲੀ ਤੇ ਲਗਾਤਾਰ ਵਿਕਸਤ ਹੁੰਦੀ ਹੋਈ ਮੁੱਖ ਮੰਤਰੀ ਸਿਹਤ ਯੋਜਨਾ ਪੰਜਾਬ ਦੇ ਲੋਕਾਂ ਲਈ ਇੱਕ ਮਹੱਤਵਪੂਰਨ ਸਿਹਤ ਸੁਰੱਖਿਆ ਕਵਚ ਬਣ ਚੁੱਕੀ ਹੈ, ਜੋ ਪਹਿਲਾਂ ਨਾਲੋਂ ਕਿਤੇ ਵੱਧ ਲੋਕਾਂ ਤੱਕ ਕੈਸ਼ਲੈੱਸ ਇਲਾਜ ਦੀ ਸਹੂਲਤ ਪਹੁੰਚਾ ਰਹੀ ਹੈ।

# ਪੰਜਾਬ ਪੁਲਿਸ ਦੀ ਲੋਕ-ਕੇਂਦਰਿਤ ਪੁਲਿਸਿੰਗ ਨਾਲ ਲੋਕਾਂ ਦਾ ਭਰੋਸਾ ਹੋਇਆ ਮਜ਼ਬੂਤ, ਉਦਯੋਗ ਤੇ ਨਿਵੇਸ਼ ਲਈ ਬਣਿਆ ਸੁਰੱਖਿਅਤ ਮਾਹੌਲ

ਚੰਡੀਗੜ੍ਹ/ਲੁਧਿਆਣਾ, 3 ਜੂਨ (ਵਿਸ਼ਾਲ ਸ਼ਰਮਾ): ਪੰਜਾਬ ਪੁਲਿਸ ਨਾਗਰਿਕਾਂ ਅਤੇ ਕਾਨੂੰਨ ਲਾਗੂ ਕਰਨ ਵਾਲੇ ਤੰਤਰ ਵਿਚਕਾਰ ਭਰੋਸੇ ਨੂੰ ਹੋਰ ਮਜ਼ਬੂਤ ਕਰਦਿਆਂ ਪੂਰੇ ਸੂਬੇ ਵਿੱਚ ਸੁਰੱਖਿਅਤ ਮਾਹੌਲ ਯਕੀਨੀ ਬਣਾਉਣ ਲਈ ਆਧੁਨਿਕ ਪੁਲਿਸਿੰਗ ਦੇ ਨਵੇਂ ਮਾਪਦੰਡ ਸਥਾਪਤ ਕਰ ਰਹੀ ਹੈ। ਪੰਜਾਬ ਦੀ ਉਦਯੋਗਿਕ ਰਾਜਧਾਨੀ ਲੁਧਿਆਣਾ, ਲੋਕ-ਕੇਂਦਰਿਤ ਪੁਲਿਸਿੰਗ ਮਾਡਲ ਦੀ ਇੱਕ ਪ੍ਰਮੁੱਖ ਮਿਸਾਲ ਵਜੋਂ ਉੱਭਰਿਆ ਹੈ; ਜਿੱਥੇ ਉਦਯੋਗਪਤੀਆਂ ਅਤੇ ਆਮ ਨਾਗਰਿਕਾਂ ਨੇ ਪੁਲਿਸਿੰਗ, ਭਾਈਚਾਰਕ ਸ਼ਮੂਲੀਅਤ ਤੇ ਅਪਰਾਧ ਰੋਕਥਾਮ ਲਈ ਕੀਤੀਆਂ ਪਹਿਲਕਦਮੀਆਂ ਵਿੱਚ ਆਏ ਸਕਾਰਾਤਮਕ ਬਦਲਾਅ ਦੀ ਖੁੱਲ੍ਹ ਕੇ ਸ਼ਲਾਘਾ ਕੀਤੀ ਹੈ। ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਗੌਰਵ ਯਾਦਵ ਦੀ ਅਗਵਾਈ ਹੇਠ ਪੰਜਾਬ ਪੁਲਿਸ ਨੇ ਅਪਰਾਧ-ਮੁਕਤ ਮਾਹੌਲ ਯਕੀਨੀ ਬਣਾਉਣ ਲਈ ਆਪਣੇ ਯਤਨਾਂ ਨੂੰ ਹੋਰ ਤੇਜ਼ ਕੀਤਾ ਹੈ, ਜਿਸ ਸਦਕਾ ਸਮਾਜ ਦੇ ਵੱਖ-ਵੱਖ ਵਰਗਾਂ ਵੱਲੋਂ ਪੁਲਿਸ ਨੂੰ ਸਰਾਹਨਾ ਮਿਲ ਰਹੀ ਹੈ। ਅਪਰਾਧੀਆਂ ਵਿਰੁੱਧ ਤੁਰੰਤ ਕਾਰਵਾਈ ਤੋਂ ਲੈ ਕੇ ਭਾਈਚਾਰਕ ਪੁਲਿਸਿੰਗ ਨੂੰ ਮਜ਼ਬੂਤ ਕਰਨ ਤੱਕ, ਪੁਲਿਸ ਬਲ ਨੇ ਲੋਕਾਂ ਦਾ ਵਿਸ਼ਵਾਸ ਜਿੱਤਣ ਤੇ ਨਾਗਰਿਕਾਂ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰਨ 'ਤੇ ਵਿਸ਼ੇਸ਼ ਧਿਆਨ ਦਿੱਤਾ ਹੈ। ਲੁਧਿਆਣਾ ਦੇ ਉਦਯੋਗਪਤੀ ਅਨਮੋਲ ਸੂਦ ਨੇ ਕਾਰੋਬਾਰੀ ਭਾਈਚਾਰੇ 'ਤੇ ਪੁਲਿਸਿੰਗ ਦੇ ਸਕਾਰਾਤਮਕ ਪ੍ਰਭਾਵ ਦਾ ਜ਼ਿਕਰ ਕਰਦਿਆਂ ਕਿਹਾ, "ਕਾਰੋਬਾਰੀ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਪੰਜਾਬ ਪੁਲਿਸ ਨੇ ਸਾਨੂੰ ਸੁਰੱਖਿਆ ਦਾ ਮਜ਼ਬੂਤ ਅਹਿਸਾਸ ਦਿੱਤਾ ਹੈ। ਮੈਨੂੰ ਇੱਕ ਘਟਨਾ ਯਾਦ ਹੈ ਜਦੋਂ ਕੁਝ ਗੈਰ-ਸਮਾਜਿਕ ਤੱਤ ਸਾਡੀ ਜ਼ਮੀਨ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਅਤੇ ਪੁਲਿਸ ਨੇ ਕੁਝ ਹੀ ਮਿੰਟਾਂ ਵਿੱਚ ਉਨ੍ਹਾਂ 'ਤੇ ਕਾਰਵਾਈ ਕੀਤੀ। ਇਹ ਪੰਜਾਬ ਪੁਲਿਸ ਦੇ ਚੰਗੇ ਕੰਮਾਂ ਦੀਆਂ ਅਨੇਕਾਂ ਮਿਸਾਲਾਂ ਵਿੱਚੋਂ ਇੱਕ ਹੈ। ਲੁਧਿਆਣਾ ਵਿੱਚ ਜਿਸ ਤਰ੍ਹਾਂ ਦੀ ਭਾਈਚਾਰਕ ਪੁਲਿਸਿੰਗ ਕੀਤੀ ਜਾ ਰਹੀ ਹੈ, ਉਹ ਨਾ ਸਿਰਫ਼ ਸ਼ਲਾਘਾਯੋਗ ਹੈ ਸਗੋਂ ਇਸ ਦੇ ਨਤੀਜੇ ਵੀ ਲੋਕਾਂ ਲਈ ਬਹੁਤ ਲਾਭਕਾਰੀ ਹਨ।" ਉਕਤ ਕਾਰੋਬਾਰੀ ਦੇ ਭਰਾ ਤੇ ਭਾਈਵਾਲ ਸੰਚਿਤ ਸੂਦ ਨੇ ਕਿਹਾ ਕਿ ਅਪਰਾਧਿਕ ਗਤੀਵਿਧੀਆਂ ਵਿੱਚ ਆਈ ਕਮੀ ਨੇ ਕਾਨੂੰਨ-ਵਿਵਸਥਾ ਪ੍ਰਤੀ ਲੋਕਾਂ ਦੇ ਵਿਸ਼ਵਾਸ ਨੂੰ ਹੋਰ ਮਜ਼ਬੂਤ ਕੀਤਾ ਹੈ। ਉਨ੍ਹਾਂ ਕਿਹਾ, "ਹੁਣ ਸੂਬੇ ਵਿੱਚ ਫਿਰੌਤੀ ਲਈ ਫ਼ੋਨ ਕਾਲਾਂ ਵਰਗੀਆਂ ਘਟਨਾਵਾਂ ਸੁਣਨ ਨੂੰ ਨਹੀਂ ਮਿਲਦੀਆਂ। ਇਹ ਸਥਾਨਕ ਪੁਲਿਸ ਵੱਲੋਂ ਡੀਜੀਪੀ ਗੌਰਵ ਯਾਦਵ ਦੀ ਅਗਵਾਈ ਹੇਠ ਚਲਾਏ ਗਏ ਵੱਖ-ਵੱਖ ਅਭਿਆਨਾਂ ਦਾ ਨਤੀਜਾ ਹੈ। ਪੁਲਿਸ ਭਾਈਚਾਰਕ ਪੁਲਿਸਿੰਗ, ਤੁਰੰਤ ਕਾਰਵਾਈ ਤੇ ਲੋਕਾਂ ਨੂੰ ਬਿਨਾਂ ਕਿਸੇ ਪਰੇਸ਼ਾਨੀ ਦੇ ਜਿਊਣ ਲਈ ਸੁਰੱਖਿਅਤ ਮਾਹੌਲ ਮੁਹੱਈਆ ਕਰਵਾਉਣ ਵਾਸਤੇ ਹਰ ਸੰਭਵ ਯਤਨ ਕਰ ਰਹੀ ਹੈ।" ਪੰਜਾਬ ਪੁਲਿਸ ਦੀਆਂ ਪਹਿਲਕਦਮੀਆਂ ਦੇ ਵਿਆਪਕ ਉਦੇਸ਼ਾਂ ਬਾਰੇ ਦੱਸਦਿਆਂ ਡੀਜੀਪੀ ਗੌਰਵ ਯਾਦਵ ਨੇ ਕਿਹਾ, "ਪੰਜਾਬ ਪੁਲਿਸ ਸੂਬੇ ਅਤੇ ਇਸ ਦੇ ਨਾਗਰਿਕਾਂ ਦੀ ਭਲਾਈ ਲਈ 24 ਘੰਟੇ ਸਮਰਪਿਤ ਹੈ। ਵੱਖ-ਵੱਖ ਪ੍ਰੋਗਰਾਮਾਂ ਰਾਹੀਂ ਅਸੀਂ ਸਮਾਜ ਦੇ ਹਰ ਵਰਗ



ਨਾਲ ਮਜ਼ਬੂਤ ਤਾਲਮੇਲ ਵਿਕਸਤ ਕੀਤਾ ਹੈ। ਆਰਟੀਫ਼ਿਸ਼ਲ ਇੰਟੈਲੀਜੈਂਸ (ਏਆਈ) ਦੀ ਵਰਤੋਂ ਤੋਂ ਲੈ ਕੇ ਖੁੱਲ੍ਹੇ ਸੰਵਾਦ ਪ੍ਰੋਗਰਾਮਾਂ ਤੱਕ, ਪੰਜਾਬ ਪੁਲਿਸ ਹਰ ਨਾਗਰਿਕ ਤੱਕ ਪਹੁੰਚ ਕੇ ਉਨ੍ਹਾਂ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰ ਰਹੀ ਹੈ।" ਸੂਬੇ ਵਿੱਚ ਵੱਡੇ ਪੱਧਰ 'ਤੇ ਲਗਾਤਾਰ ਨਿਵੇਸ਼ ਦਾ ਆਉਣਾ ਪੰਜਾਬ ਵਿੱਚ ਕਾਨੂੰਨ-ਵਿਵਸਥਾ ਦੇ ਬਿਹਤਰ ਮਾਹੌਲ ਪ੍ਰਤੀ ਉਦਯੋਗ ਜਗਤ ਦੇ ਵਧਦਾ ਵਿਸ਼ਵਾਸ ਨੂੰ ਦਰਸਾਉਂਦਾ ਹੈ। ਪਿਛਲੇ ਇੱਕ ਸਾਲ ਦੌਰਾਨ ਪੰਜਾਬ ਨੇ 57,000 ਕਰੋੜ ਰੁਪਏ ਦਾ ਨਿਵੇਸ਼ ਆਕਰਸ਼ਿਤ ਕੀਤਾ ਹੈ ਤੇ ਦੇਸ਼ ਦੇ ਸਭ ਤੋਂ ਉੱਭਰਦੇ ਨਿਵੇਸ਼ ਕੇਂਦਰਾਂ 'ਚ ਸ਼ਾਮਲ ਹੋਇਆ ਹੈ। ਪੰਜਾਬ ਪੁਲਿਸ ਵੱਲੋਂ ਬਣਾਇਆ ਗਿਆ ਸੁਰੱਖਿਅਤ ਤੇ ਸਥਿਰ ਮਾਹੌਲ ਆਰਥਿਕ ਵਿਕਾਸ ਨੂੰ ਗਤੀ ਦੇਣ ਤੇ ਨਵੇਂ ਨਿਵੇਸ਼ ਨੂੰ ਉਤਸ਼ਾਹਿਤ ਕਰਨ 'ਚ ਅਹਿਮ ਭੂਮਿਕਾ ਨਿਭਾ ਰਿਹਾ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੀ ਸੂਬੇ ਦੇ ਉਦਯੋਗਿਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਿਸ਼ਵ ਪੱਧਰੀ ਨਿਵੇਸ਼ਕਾਂ ਨਾਲ ਲਗਾਤਾਰ ਸੰਪਰਕ ਵਿੱਚ ਹਨ। ਨੀਦਰਲੈਂਡ ਦੇ ਦੌਰੇ ਦੌਰਾਨ ਉਨ੍ਹਾਂ ਨੇ ਇਲੈਕਟ੍ਰਾਨਿਕਸ ਤੇ ਸੈਮੀਕੰਡਕਟਰ ਖੇਤਰ 'ਚ ਨਿਵੇਸ਼ ਆਕਰਸ਼ਿਤ ਕਰਨ ਲਈ ਐਨਐਕਸਪੀ ਸੈਮੀਕੰਡਕਟਰਜ਼ ਨੂੰ ਮੋਹਾਲੀ ਵਿੱਚ ਖੋਜ ਤੇ ਵਿਕਾਸ (ਆਰ ਐਂਡ ਡੀ) ਕੇਂਦਰ ਸਥਾਪਤ ਕਰਨ ਦੀਆਂ ਸੰਭਾਵਨਾਵਾਂ ਤੇ ਵਿਚਾਰ ਕਰਨ ਦਾ ਸੱਦਾ ਦਿੱਤਾ। ਇਸੇ ਤਰ੍ਹਾਂ, ਨਵਰਤਨ ਸੀਮਿੰਟ ਇੰਡਸਟਰੀਜ਼ ਨੇ ਰਾਜਪੁਰਾ ਦੇ ਰਾਏ ਮਾਜਰਾ ਪਿੰਡ 'ਚ ਗ੍ਰੀਨ ਸੀਮਿੰਟ ਨਿਰਮਾਣ ਇਕਾਈ ਸਥਾਪਤ ਕਰਨ ਲਈ 250 ਕਰੋੜ ਰੁਪਏ ਦੇ ਸ਼ੁਰੂਆਤੀ ਨਿਵੇਸ਼ ਦਾ ਐਲਾਨ ਕੀਤਾ ਹੈ।

ਲੁਧਿਆਣਾ ਹੈਂਡ ਟੂਲਜ਼ ਐਸੋਸੀਏਸ਼ਨ (ਐਲਐਚਟੀਏ) ਦੇ ਪ੍ਰਧਾਨ ਸੁਭਾਸ਼ ਚੰਦਰ ਰਲਹਾਣ ਨੇ ਕਿਹਾ ਕਿ ਪੰਜਾਬ ਪੁਲਿਸ ਦੀ ਤੁਰੰਤ ਪ੍ਰਤੀਕਿਰਿਆ ਨੇ ਨਾਗਰਿਕਾਂ ਅਤੇ ਕਾਰੋਬਾਰੀ ਅਦਾਰਿਆਂ 'ਚ ਸੁਰੱਖਿਆ ਦੀ ਭਾਵਨਾ ਨੂੰ ਕਾਫ਼ੀ ਮਜ਼ਬੂਤ ਕੀਤਾ ਹੈ। ਲਗਭਗ ਚਾਰ ਦਹਾਕਿਆਂ ਤੋਂ ਲੁਧਿਆਣਾ ਵਿੱਚ ਕਾਰੋਬਾਰ ਕਰ ਰਹੇ ਉਦਯੋਗਪਤੀ ਅਰੁਣ ਸ਼ਰਮਾ ਨੇ ਵੀ ਪੁਲਿਸਿੰਗ ਵਿੱਚ ਆਏ ਬਦਲਾਅ ਦੀ ਸ਼ਲਾਘਾ ਕੀਤੀ। ਲੁਧਿਆਣਾ ਦੇ ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਨੇ ਕਿਹਾ ਕਿ ਪੁਲਿਸ ਬਲ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਲਗਾਤਾਰ ਲੋਕ ਸੰਪਰਕ ਤੇ ਸਰਗਰਮ ਪੁਲਿਸਿੰਗ ਉਪਰਾਲਿਆਂ ਪ੍ਰਤੀ ਵਚਨਬੱਧ ਹੈ। ਉਨ੍ਹਾਂ ਕਿਹਾ, "ਪੰਜਾਬ ਪੁਲਿਸ ਦੇਸ਼ ਦੇ ਸਭ ਤੋਂ ਬਹਾਦਰ ਪੁਲਿਸ ਬਲਾਂ ਵਿੱਚੋਂ ਇੱਕ ਹੈ, ਜੋ ਲੋਕ ਭਲਾਈ ਲਈ ਸਮਰਪਿਤ ਹੈ। ਪੂਰਾ ਪੁਲਿਸ ਬਲ ਚੌਵੀ ਘੰਟੇ ਕੰਮ ਕਰਦਾ ਹੈ ਤੇ ਅਸੀਂ "ਸੁਰੱਖਿਅਤ ਪੰਜਾਬ, ਸਫਲ ਪੰਜਾਬ" ਦੇ ਟੀਚੇ ਨੂੰ ਹਾਸਲ ਕਰਨ ਲਈ ਵਿਆਪਕ ਯੋਜਨਾਵਾਂ 'ਤੇ ਕੰਮ ਕਰ ਰਹੇ ਹਾਂ। ਆਧੁਨਿਕ ਪੁਲਿਸਿੰਗ ਵਿੱਚ ਲੋਕਾਂ ਦੀ ਭਾਗੀਦਾਰੀ ਬਹੁਤ ਜ਼ਰੂਰੀ ਹੈ ਅਤੇ ਨਾਗਰਿਕਾਂ ਵੱਲੋਂ ਸਭ ਤੋਂ ਵੱਡਾ ਯੋਗਦਾਨ ਸਮੇਂ ਸਿਰ ਜਾਣਕਾਰੀ ਮੁਹੱਈਆ ਕਰਵਾਉਣਾ ਹੈ। ਜਿਵੇਂ ਹੀ ਕੋਈ ਜਾਣਕਾਰੀ ਮਿਲਦੀ ਹੈ, ਪੁਲਿਸ ਤੁਰੰਤ ਕਾਰਵਾਈ ਕਰਦੀ ਹੈ।"

ਲੋਕ ਭਾਗੀਦਾਰੀ ਨੂੰ ਹੋਰ ਮਜ਼ਬੂਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ, "ਵੱਖ-ਵੱਖ ਪ੍ਰੋਜੈਕਟਾਂ ਰਾਹੀਂ ਅਸੀਂ ਨਾਗਰਿਕਾਂ ਨਾਲ ਖੁੱਲ੍ਹੇ ਸੰਵਾਦ ਦੀ ਪਹਿਲ ਕੀਤੀ ਹੈ। ਪੁਲਿਸ ਵੱਲੋਂ ਮੋਰਚਿਆਂ, ਸਕੂਲਾਂ, ਡਾਕਟਰਾਂ, ਕਾਰੋਬਾਰੀਆਂ, ਗੈਰ-ਸਰਕਾਰੀ ਸੰਸਥਾਵਾਂ (ਐਨਜੀਓਜ਼) ਅਤੇ ਹੋਰ ਕਈ ਵਰਗਾਂ ਨਾਲ ਨਿਯਮਿਤ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਆਪਸੀ ਸੰਚਾਰ ਨੂੰ ਬਿਹਤਰ ਬਣਾਇਆ ਜਾ ਸਕੇ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਲੱਭਿਆ ਜਾ ਸਕੇ। ਲੋਕਾਂ ਤੋਂ ਮਿਲਣ ਵਾਲਾ ਫੀਡਬੈਕ ਸਾਨੂੰ ਹਰ ਦਿਨ ਆਪਣੇ ਕੰਮਕਾਜ ਵਿੱਚ ਹੋਰ ਸੁਧਾਰ ਕਰਨ ਵਿੱਚ ਮਦਦ ਕਰਦਾ ਹੈ।" ਸੰਗਠਿਤ ਅਪਰਾਧ ਵਿਰੁੱਧ ਪੰਜਾਬ ਪੁਲਿਸ ਦੀ ਮੁਹਿੰਮ ਨੂੰ ਵੀ ਮਹੱਤਵਪੂਰਨ ਸਫ਼ਲਤਾ ਮਿਲੀ ਹੈ। ਸਰਹੱਦੀ ਸੂਬਾ ਹੋਣ ਦੀਆਂ ਚੁਣੌਤੀਆਂ ਦੇ ਬਾਵਜੂਦ ਪੁਲਿਸ ਨੇ "ਆਪਰੇਸ਼ਨ ਗੈਂਗਸਟਰਾਂ 'ਤੇ ਵਾਰ" ਰਾਹੀਂ ਅਪਰਾਧਿਕ ਗਿਰੋਹਾਂ 'ਤੇ ਸਖ਼ਤ ਕਾਰਵਾਈ ਕੀਤੀ ਹੈ ਤੇ ਗੈਂਗਸਟਰ ਨੈੱਟਵਰਕਾਂ ਨੂੰ ਤੋੜਨ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਇਸ ਕਾਰਵਾਈ ਦੇ ਵਿਆਪਕ ਉਦੇਸ਼ਾਂ ਬਾਰੇ ਜਾਣਕਾਰੀ ਦਿੰਦਿਆਂ ਸਵਪਨ ਸ਼ਰਮਾ ਨੇ ਕਿਹਾ, "ਗੈਂਗਸਟਰ ਖ਼ੁਦ ਤਾਂ ਸੁਰੱਖਿਅਤ ਠਿਕਾਣਿਆਂ 'ਤੇ ਬੈਠੇ ਰਹਿੰਦੇ ਹਨ ਜਦਕਿ ਪੰਜਾਬ ਦੇ ਨੌਜਵਾਨਾਂ ਨੂੰ ਆਪਣੇ ਗ਼ੈਰ-ਕਾਨੂੰਨੀ ਕੰਮਾਂ ਲਈ ਵਰਤਣ ਵਾਸਤੇ ਗੁੰਮਰਾਹ ਕਰਦੇ ਹਨ। ਪਿਛਲੇ ਚਾਰ ਮਹੀਨਿਆਂ ਦੌਰਾਨ ਪੰਜਾਬ ਪੁਲਿਸ ਨੇ ਅਪਰਾਧੀਆਂ ਖ਼ਿਲਾਫ਼ ਵੱਡੇ ਪੱਧਰ 'ਤੇ ਮੁਹਿੰਮ ਚਲਾਈ ਹੈ। ਮੇਰੀ ਨੌਜਵਾਨਾਂ ਨੂੰ ਸਲਾਹ ਹੈ ਕਿ ਉਹ ਪੜ੍ਹਾਈ ਕਰਨ, ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਉਣ ਤੇ ਆਪਣੇ ਭਵਿੱਖ ਨੂੰ ਸੰਵਾਰਨ ਵੱਲ ਧਿਆਨ ਦੇਣ। ਇਸ ਮੁਹਿੰਮ ਨੇ ਸੂਬੇ ਦੇ ਲੋਕਾਂ ਅਤੇ ਪੁਲਿਸ ਦਰਮਿਆਨ ਭਰੋਸੇ ਦੇ ਰਿਸ਼ਤੇ ਨੂੰ ਮੁੜ ਮਜ਼ਬੂਤ ਕਰਨ ਵਿੱਚ ਮਦਦ ਕੀਤੀ ਹੈ। ਇਹ ਮੁਹਿੰਮ ਸਿਰਫ਼ ਅਪਰਾਧੀਆਂ ਨੂੰ ਗ੍ਰਿਫ਼ਤਾਰ ਕਰਨ ਤੱਕ ਹੀ ਸੀਮਿਤ ਨਹੀਂ ਹੈ, ਸਗੋਂ ਇਸ ਨਾਲ ਪੰਜਾਬ ਪੁਲਿਸ ਦੀਆਂ ਖ਼ੁਫ਼ੀਆ ਅਤੇ ਨਿਗਰਾਨੀ ਸਮਰੱਥਾਵਾਂ ਵੀ ਹੋਰ ਮਜ਼ਬੂਤ ਹੋਈਆਂ ਹਨ ਅਤੇ ਨਾਗਰਿਕਾਂ ਵਿੱਚ ਸੁਰੱਖਿਆ ਦੀ ਭਾਵਨਾ ਵੀ ਵਧੀ ਹੈ।"

# 1,30,000 ਰਿਸ਼ਵਤ ਲੈਂਦਾ ਸਹਾਇਕ ਸਬ-ਇੰਸਪੈਕਟਰ ਵਿਜੀਲੈਂਸ ਵੱਲੋਂ ਰੰਗੇ ਹੱਥੀਂ ਕਾਬੂ

ਚੰਡੀਗੜ੍ਹ, 3 ਜੂਨ (ਚ.ਨ.ਸ.): ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ 'ਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ, ਸੀ.ਆਈ.ਏ. ਸਟਾਫ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਤਾਇਨਾਤ ਸਹਾਇਕ ਸਬ-ਇੰਸਪੈਕਟਰ ਗੁਰਜੀਤ ਸਿੰਘ ਉਰਫ਼ ਗੋਲਡੀ ਨੂੰ 1,30,000 ਰੁਪਏ ਰਿਸ਼ਵਤ ਲੈਂਦੇ ਰੰਗੇ ਹੱਥੀਂ ਕਾਬੂ ਕੀਤਾ ਹੈ। ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਪਿੰਡ ਨੌਰੰਗ ਕੇ ਲੇਲੀ ਜ਼ਿਲ੍ਹਾ ਫਿਰੋਜ਼ਪੁਰ ਦੇ ਇੱਕ ਵਸਨੀਕ ਵੱਲੋਂ ਦਰਜ ਕਰਵਾਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ



ਪਸ਼ੂਆਂ ਦੀ ਖਰੀਦੋ-ਫਰੋਖ਼ਤ ਦਾ ਕਾਰੋਬਾਰ ਕਰਦਾ ਹੈ ਤੇ ਉਸ ਦੇ ਰਿਸ਼ਤੇਦਾਰ ਖ਼ਿਲਾਫ਼ ਸੀਆਈਏ ਵੱਲੋਂ ਫਿਰੋਜ਼ਪੁਰ ਛਾਉਣੀ ਵਿਖੇ ਕੇਸ ਦਰਜ ਕੀਤਾ ਗਿਆ ਸੀ। ਇਸ ਸਬੰਧ ਵਿੱਚ ਦੋਸ਼ੀ ਸਹਾਇਕ ਸਬ-ਇੰਸਪੈਕਟਰ (ਏ.ਐਸ.ਆਈ.) ਸ਼ਿਕਾਇਤਕਰਤਾ ਨੂੰ ਮਿਲਿਆ ਤੇ ਧਮਕੀ ਦਿੱਤੀ ਕਿ ਇਸ ਮਾਮਲੇ 'ਚ ਉਸਦੇ ਰਿਸ਼ਤੇਦਾਰ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਦੋਸ਼ੀ ਏ.ਐਸ.ਆਈ. ਗੁਰਜੀਤ ਸਿੰਘ ਨੇ ਇਸ ਮਾਮਲੇ ਵਿੱਚ ਉਸਦੇ ਰਿਸ਼ਤੇਦਾਰ ਦੀ ਗ੍ਰਿਫ਼ਤਾਰੀ ਟਾਲਣ ਤੇ ਉਸੀ ਜ਼ਮਾਨਤ ਲਈ ਰਾਹ ਪੱਧਰਾ ਕਰਨ ਬਦਲੇ 2.5 ਲੱਖ ਰੁਪਏ ਰਿਸ਼ਵਤ ਮੰਗ ਕੀਤੀ। ਦੋਸ਼ੀ ਏ.ਐਸ.ਆਈ. ਨੇ ਇਹ ਵੀ ਦਾਅਵਾ ਕੀਤਾ ਕਿ ਇਹ ਰਕਮ ਸੀ.ਆਈ.ਏ. ਸਟਾਫ ਦੇ ਇੰਚਾਰਜ ਮੋਹਿਤ ਧਵਨ ਨੂੰ ਸੌਂਪੀ ਜਾਣੀ ਸੀ।

ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਦੀ ਬੇਨਤੀ 'ਤੇ ਸੌਦਾ ਆਖਰਕਾਰ 2.3 ਲੱਖ ਰੁਪਏ ਵਿੱਚ ਤੈਅ ਹੋ ਗਿਆ। ਸ਼ਿਕਾਇਤਕਰਤਾ ਨੇ ਦੋਸ਼ੀ ਅਧਿਕਾਰੀ ਨੂੰ ਇੱਕ ਲੱਖ ਰੁਪਏ ਰਿਸ਼ਵਤ ਦੀ ਰਕਮ ਪਹਿਲੀ ਕਿਸ਼ਤ ਵਜੋਂ ਦਿੱਤੀ ਸੀ। ਰਿਸ਼ਵਤ ਦੀ ਬਕਾਇਆ ਰਾਸ਼ੀ ਦੇਣ ਤੋਂ ਇਨਕਾਰ ਕਰਦੇ ਹੋਏ, ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਫਲਾਇੰਗ ਸਕੁਐਡ ਮੋਹਾਲੀ ਕੋਲ ਪਹੁੰਚ ਕੀਤੀ। ਉਸਦੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਵਿਜੀਲੈਂਸ ਬਿਊਰੋ ਦੀ ਟੀਮ ਨੇ ਦੋਸ਼ੀ ਏ.ਐਸ.ਆਈ. ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 1,30,000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਸਬੰਧ ਵਿੱਚ ਮੁਲਜ਼ਮ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਮੋਹਾਲੀ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ ਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਸਰਹੱਦ ਪਾਰੋਂ ਹਥਿਆਰਾਂ ਤੇ ਨਸ਼ਿਆਂ ਦੀ ਤਸਕਰੀ ਮਾਡਿਊਲ ਦੇ ਦੋ ਮੁਲਜ਼ਮ 2.2 ਕਿਲੋ ਹੈਰੋਇਨ ਤੇ 6 ਪਿਸਤੌਲਾਂ ਸਣੇ ਕਾਬੂ

ਚੰਡੀਗੜ੍ਹ/ਅੰਮ੍ਰਿਤਸਰ, 3 ਜੂਨ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਜਾਰੀ ਮੁਹਿੰਮ ਦੌਰਾਨ ਵੱਡੀ ਸਫਲਤਾ ਤਹਿਤ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਸਰਹੱਦ ਪਾਰੋਂ ਹਥਿਆਰਾਂ ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਨਾਲ ਸਬੰਧਤ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ ਤੇ ਮੁਲਜ਼ਮਾਂ ਦੇ ਕਬਜ਼ੇ 'ਚੋਂ 2.225 ਕਿਲੋ ਹੈਰੋਇਨ, ਛੇ ਆਧੁਨਿਕ ਪਿਸਤੌਲ ਤੇ 12 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ। ਇਹ ਜਾਣਕਾਰੀ ਅੱਜ ਇਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਵਿਅਕਤੀਆਂ ਦੀ ਪਛਾਣ ਅੰਮ੍ਰਿਤਸਰ ਦੇ ਪਿੰਡ ਚੀਚਾ ਦੇ ਵਸਨੀਕ ਸੁਖਦੇਵ ਸਿੰਘ ਉਰਫ਼ ਸੁੱਖ (23) ਤੇ ਅੰਮ੍ਰਿਤਸਰ ਦੇ ਪਿੰਡ ਲੋਧੀ ਗੁੱਜਰ ਦੇ ਵਸਨੀਕ ਹਰਜਿੰਦਰ ਸਿੰਘ ਉਰਫ਼ ਜਿੰਦਰ (37) ਵਜੋਂ ਹੋਈ ਹੈ। ਗ੍ਰਿਫ਼ਤਾਰ ਕੀਤੇ ਗਏ ਦੋਵੇਂ ਮੁਲਜ਼ਮ ਆਦਤਨ ਅਪਰਾਧੀ ਹਨ ਜਿਨ੍ਹਾਂ ਖ਼ਿਲਾਫ਼ ਪਹਿਲਾਂ ਹੀ ਅਗਵਾ ਤੇ ਗੈਰਕਾਨੂੰਨੀ ਹਥਿਆਰ ਰੱਖਣ ਦੇ ਅਪਰਾਧਕ ਮਾਮਲੇ ਦਰਜ ਹਨ। ਬਰਾਮਦ ਕੀਤੇ ਗਏ ਪਿਸਤੌਲਾਂ ਵਿੱਚ ਇੱਕ .30 ਬੋਰ (ਚੀਨ ਦਾ ਬਣਿਆ), ਦੋ 9 ਐਮਐਮ ਗਲੌਕ ਪਿਸਤੌਲ (ਆਸਟ੍ਰੀਆ ਦਾ ਬਣਿਆ), ਇੱਕ 9 ਐਮਐਮ ਗਲੌਕ ਪਿਸਤੌਲ (ਅਮਰੀਕਾ ਦਾ ਬਣਿਆ) ਤੇ ਦੋ .30 ਬੋਰ ਪਿਸਤੌਲ (ਤੁਰਕੀ ਦਾ ਬਣਿਆ) ਸ਼ਾਮਲ ਹਨ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਸਰਹੱਦ ਪਾਰ ਦੇ ਤਸਕਰਾਂ



ਦੇ ਸੰਪਰਕ ਵਿੱਚ ਸਨ, ਜੋ ਕਥਿਤ ਤੌਰ 'ਤੇ ਸਰਹੱਦ ਪਾਰੋਂ ਡਰੋਨ ਰਾਹੀਂ ਭੇਜੀ ਹੈਰੋਇਨ ਤੇ ਹਥਿਆਰਾਂ ਦੀ ਖੇਪ ਪ੍ਰਾਪਤ ਕਰਕੇ ਇਸਨੂੰ ਅੱਗੇ ਪੰਜਾਬ 'ਚ ਅਪਰਾਧਕ ਤੱਤਾਂ ਨੂੰ ਸਪਲਾਈ ਕਰਦੇ ਸਨ। ਡੀਜੀਪੀ ਨੇ ਕਿਹਾ ਕਿ ਨੈੱਟਵਰਕ ਨਾਲ ਜੁੜੇ ਹੋਰ ਮੈਂਬਰਾਂ ਦੀ ਪਛਾਣ ਕਰਨ ਲਈ ਇਸ ਕੇਸ ਵਿੱਚ ਅਗਲੇ-ਪਿਛਲੇ ਸਬੰਧਾਂ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਖੁਫੀਆ ਜਾਣਕਾਰੀ 'ਤੇ ਕਾਰਵਾਈ ਕਰਦਿਆਂ ਪੁਲਿਸ ਟੀਮ ਨੇ ਦੋਸ਼ੀ ਸੁਖਦੇਵ ਉਰਫ਼ ਸੁੱਖ ਨੂੰ 2.225 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕਰ ਲਿਆ। ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਦੋਸ਼ੀ ਨਸ਼ਾ ਤਸਕਰੀ ਦੇ ਧੰਦੇ ਵਿੱਚ ਸਰਗਰਮੀ ਨਾਲ ਸ਼ਾਮਲ ਸੀ। ਉਨ੍ਹਾਂ ਕਿਹਾ ਕਿ ਹੋਰ ਜਾਂਚ ਦੌਰਾਨ ਪੁਲਿਸ ਨੇ ਹਰਜਿੰਦਰ ਸਿੰਘ ਉਰਫ਼ ਜਿੰਦਰ ਨਾਮੀ ਹੋਰ ਮੁਲਜ਼ਮ ਦੀ ਪਛਾਣ ਕਰਕੇ ਉਸਨੂੰ ਚਾਰ ਪਿਸਤੌਲਾਂ ਸਮੇਤ ਗ੍ਰਿਫ਼ਤਾਰ ਕਰ ਲਿਆ। ਗ੍ਰਿਫ਼ਤਾਰ ਮੁਲਜ਼ਮ ਹਰਜਿੰਦਰ ਉਰਫ਼ ਜਿੰਦਰ ਵੱਲੋਂ ਕੀਤੇ ਗਏ ਖੁਲਾਸਿਆਂ ਦੇ ਆਧਾਰ 'ਤੇ ਪੁਲਿਸ ਨੇ ਉਸ ਵੱਲੋਂ ਦੱਸੀ ਗਈ ਥਾਂ ਤੋਂ ਦੋ ਹੋਰ ਪਿਸਤੌਲ ਬਰਾਮਦ ਕੀਤੇ। ਪੁਲਿਸ ਕਮਿਸ਼ਨਰ ਨੇ ਕਿਹਾ ਕਿ ਦੋਸ਼ੀ ਸੁਖਦੇਵ ਉਰਫ਼ ਸੁੱਖ ਪੁਲਿਸ ਥਾਣਾ ਛੇਹਰਟਾ ਵਿਖੇ ਦਰਜ ਪਹਿਲਾਂ ਹੀ ਇੱਕ ਮਾਮਲੇ ਵਿੱਚ ਲੋੜੀਂਦਾ ਸੀ, ਜਿਸ ਵਿੱਚ ਉਸਦੇ ਚਾਰ ਸਾਥੀਆਂ ਨੂੰ ਪਹਿਲਾਂ ਸੱਤ ਪਿਸਤੌਲਾਂ ਤੇ 12 ਜ਼ਿੰਦਾ ਕਾਰਤੂਸਾਂ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਸਬੰਧ ਵਿੱਚ, ਦੋ ਵੱਖ-ਵੱਖ ਮਾਮਲੇ-ਥਾਣਾ ਛੇਹਰਟਾ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21 ਅਤੇ 21-ਸੀ ਅਧੀਨ ਐਫਆਈਆਰ ਨੰ. 115 ਮਿਤੀ 26-05-2026 ਨੂੰ ਤੇ ਥਾਣਾ ਛਾਉਣੀ ਵਿਖੇ ਅਸਲਾ ਐਕਟ ਦੀ ਧਾਰਾ 25(8) ਅਧੀਨ ਐਫਆਈਆਰ ਨੰ. 93 ਮਿਤੀ 29-05-2026 ਦਰਜ ਹੈ।




## ਸੰਪਾਦਕੀ

# ਭੂ-ਰਾਜਨੀਤਿਕ ਚੁਣੌਤੀਆਂ ਦੇ ਦਰਮਿਆਨ ਭਾਰਤੀ ਅਰਥਚਾਰੇ ਦੀ ਉਮੀਦ

ਰਿਜ਼ਰਵ ਬੈਂਕ ਆਫ਼ ਇੰਡੀਆ (RBI) ਦੀ ਤਾਜ਼ਾ ਸਾਲਾਨਾ ਰਿਪੋਰਟ (2025-26) ਭਾਰਤੀ ਅਰਥਵਿਵਸਥਾ ਦੀ ਮੌਜੂਦਾ ਸਥਿਤੀ ਅਤੇ ਭਵਿੱਖ ਦੀ ਦਿਸ਼ਾ ਦਾ ਇੱਕ ਮਹੱਤਵਪੂਰਨ ਦਸਤਾਵੇਜ਼ ਹੈ। ਕੇਂਦਰੀ ਬੈਂਕ ਨੇ ਵਿੱਤੀ ਸਾਲ 2026-27 ਲਈ ਭਾਰਤ ਦੀ ਅਸਲ ਜੀਡੀਪੀ (GDP) ਵਿਕਾਸ ਦਰ 6.9 ਪ੍ਰਤੀਸ਼ਤ ਰਹਿਣ ਦਾ ਅਨੁਮਾਨ ਲਗਾਇਆ ਹੈ। ਇਹ ਅੰਕੜਾ ਅਜਿਹੇ ਸਮੇਂ ਸਾਹਮਣੇ ਆਇਆ ਹੈ ਜਦੋਂ ਪੂਰੀ ਦੁਨੀਆ ਗੰਭੀਰ ਭੂ-ਰਾਜਨੀਤਿਕ ਤਣਾਅ, ਖਾਸ ਕਰਕੇ ਪੱਛਮੀ ਏਸ਼ੀਆ ਦੇ ਟਕਰਾਅ ਅਤੇ ਆਰਥਿਕ ਅਨਿਸ਼ਚਿਤਤਾਵਾਂ ਦੇ ਦੌਰ ਵਿੱਚੋਂ ਗੁਜ਼ਰ ਰਹੀ ਹੈ। ਅਜਿਹੇ ਨਾਜ਼ੁਕ ਹਾਲਾਤ ਵਿੱਚ 6.9% ਦੀ ਵਿਕਾਸ ਦਰ ਦਾ ਅਨੁਮਾਨ ਇਹ ਸਾਫ਼ ਕਰਦਾ ਹੈ ਕਿ ਭਾਰਤੀ ਅਰਥਚਾਰਾ ਅਜੇ ਵੀ ਦੁਨੀਆ ਦੇ ਸਭ ਤੋਂ ਤੇਜ਼ੀ ਨਾਲ ਵਧ ਰਹੇ ਪ੍ਰਮੁੱਖ ਅਰਥਚਾਰਿਆਂ ਵਿੱਚੋਂ ਇੱਕ ਬਣਿਆ ਹੋਇਆ ਹੈ। ਹਾਲਾਂਕਿ, ਇਸ ਉਤਸ਼ਾਹਜਨਕ ਅਨੁਮਾਨ ਦੇ ਨਾਲ ਆਰਬੀਆਈ ਨੇ ਕੁਝ ਗੰਭੀਰ ਚੁਣੌਤੀਆਂ ਵੱਲ ਵੀ ਇਸ਼ਾਰਾ ਕੀਤਾ ਹੈ, ਜਿਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਕੌਮਾਂਤਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਵਧਦੀਆਂ ਕੀਮਤਾਂ ਅਤੇ ਸਪਲਾਈ ਚੇਨ ਵਿੱਚ ਪੈਦਾ ਹੋ ਰਹੇ ਵਿਘਨ ਦੇਸ਼ ਅੰਦਰ ਮਹਿੰਗਾਈ ਨੂੰ ਹੋਰ ਭੜਕਾ ਸਕਦੇ ਹਨ। ਰਿਪੋਰਟ ਮੁਤਾਬਕ ਖਪਤਕਾਰ ਮੁੱਲ ਸੂਚਕ ਅੰਕ (CPI) 'ਤੇ ਅਧਾਰਿਤ ਮਹਿੰਗਾਈ ਦਰ ਵਿੱਤੀ ਸਾਲ 2026-27 ਵਿੱਚ ਵਧ ਕੇ 4.6 ਪ੍ਰਤੀਸ਼ਤ ਹੋਣ ਦਾ ਖਦਸ਼ਾ ਹੈ, ਜੋ ਕਿ ਪਿਛਲੇ ਸਾਲ (2025-26) ਵਿੱਚ 2.1 ਪ੍ਰਤੀਸ਼ਤ ਸੀ। ਮਹਿੰਗਾਈ ਦਾ ਇਹ ਉਛਾਲ ਆਮ ਜਨਤਾ ਦੀ ਜੇਬ 'ਤੇ ਸਿੱਧਾ ਅਸਰ ਪਾਵੇਗਾ ਅਤੇ ਕੇਂਦਰੀ ਬੈਂਕ ਲਈ ਵਿਆਜ ਦਰਾਂ ਨੂੰ ਸੰਤੁਲਿਤ ਰੱਖਣਾ ਇੱਕ ਵੱਡੀ ਪ੍ਰੀਖਿਆ ਹੋਵੇਗਾ।

ਦੂਜੇ ਪਾਸੇ ਰਿਪੋਰਟ ਦਾ ਇੱਕ ਸਕਾਰਾਤਮਕ ਪਹਿਲੂ ਸਰਕਾਰ ਦੇ ਵਿੱਤੀ ਅਨੁਸ਼ਾਸਨ ਨਾਲ ਜੁੜਿਆ ਹੋਇਆ ਹੈ। ਸਰਕਾਰ ਨੇ 2026-27 ਲਈ ਵਿੱਤੀ ਘਾਟੇ ਨੂੰ ਜੀਡੀਪੀ ਦੇ 4.3 ਪ੍ਰਤੀਸ਼ਤ ਤੱਕ ਸੀਮਤ ਕਰਨ ਦਾ ਟੀਚਾ ਰੱਖਿਆ ਹੈ, ਜੋ ਕਿ ਪਿਛਲੇ ਸਾਲ ਦੇ 4.4 ਪ੍ਰਤੀਸ਼ਤ ਨਾਲੋਂ ਬਿਹਤਰ ਹੈ। ਇਸ ਤੋਂ ਇਲਾਵਾ, ਆਰਬੀਆਈ ਦੀ ਆਪਣੀ ਬੈਲੇਂਸ ਸ਼ੀਟ ਵਿੱਚ 20.6% ਦਾ ਸ਼ਾਨਦਾਰ ਵਾਧਾ ਦਰਜ ਕੀਤਾ ਗਿਆ ਹੈ, ਜੋ ਕਿ ਵਧ ਕੇ 91.97 ਲੱਖ ਕਰੋੜ ਰੁਪਏ ਤੱਕ ਪਹੁੰਚ ਗਈ ਹੈ। ਸੋਨੇ ਦੇ ਭੰਡਾਰ ਅਤੇ ਵਿਦੇਸ਼ੀ ਨਿਵੇਸ਼ ਵਿੱਚ ਹੋਇਆ ਵਾਧਾ ਦੇਸ਼ ਦੀ ਆਰਥਿਕ ਬੁਨਿਆਦ ਨੂੰ ਮਜ਼ਬੂਤੀ ਪ੍ਰਦਾਨ ਕਰਦਾ ਹੈ। ਸਿੱਟੇ ਵਜੋਂ ਇਹ ਸੰਪਾਦਕੀ ਸਪੱਸ਼ਟ ਕਰਦੀ ਹੈ ਕਿ ਭਾਰਤੀ ਅਰਥਚਾਰੇ ਕੋਲ ਅੱਗੇ ਵਧਣ ਦੀ ਸਮਰੱਥਾ ਅਤੇ ਲਚਕੀਲਾਪਨ ਮੌਜੂਦ ਹੈ, ਪਰ ਗਲੋਬਲ ਚੁਣੌਤੀਆਂ ਦੇ ਰੂਪ ਵਿੱਚ ਖਤਰੇ ਦੇ ਬੱਦਲ ਵੀ ਮੰਡਰਾ ਰਹੇ ਹਨ। ਅਜਿਹੀ ਸਥਿਤੀ ਵਿੱਚ, ਸਰਕਾਰ ਅਤੇ ਆਰਬੀਆਈ ਨੂੰ ਮਿਲ ਕੇ ਅਜਿਹੀਆਂ ਨੀਤੀਆਂ ਬਣਾਉਣੀਆਂ ਪੈਣਗੀਆਂ ਜੋ ਨਾ ਸਿਰਫ਼ ਦੇਸ਼ ਦੇ ਵਿਕਾਸ ਦੀ ਰਫ਼ਤਾਰ ਨੂੰ ਬਣਾਈ ਰੱਖਣ, ਬਲਕਿ ਕੌਮਾਂਤਰੀ ਉਥਲ-ਪੁਥਲ ਕਾਰਨ ਵਧਣ ਵਾਲੀ ਮਹਿੰਗਾਈ ਤੋਂ ਦੇਸ਼ ਦੇ ਆਮ ਨਾਗਰਿਕ ਨੂੰ ਵੀ ਸੁਰੱਖਿਅਤ ਰੱਖ ਸਕਣ। ਅਗਲਾ ਸਾਲ ਭਾਰਤ ਦੇ ਆਰਥਿਕ ਪ੍ਰਬੰਧਨ ਲਈ ਬੇਹੱਦ ਮਹੱਤਵਪੂਰਨ ਸਾਬਤ ਹੋਣ ਵਾਲਾ ਹੈ। **-ਜਗਜੀਤ ਸਿੰਘ ਦਰਦੀ**

## ਕੀ ਪੰਜਾਬ ਰਾਜਨੀਤੀ ਵਿੱਚ 2027 ਗੇਮ ਚੇਂਜਰ ਸਾਲ ਹੋਵੇਗਾ

# ਬਹੁਕੋਣੀ ਸਿਆਸੀ ਦੌਰ ਵਿੱਚ ਚੋਣਾਂ 'ਚ ਤਿਰਸ਼ੰਕੂ ਵਿਧਾਨ ਸਭਾ ਦਾ ਖ਼ਤਰਾ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਕੀ 2027 ਦਾ ਚੋਣ ਮੈਦਾਨ ਪੰਜਾਬ ਲਈ ਗੇਮ ਚੇਂਜਰ ਹੋਏਗਾ, ਇਸ ਬਾਰੇ ਕਿਆਸਰਾਈਆਂ ਚੱਲ ਰਹੀਆਂ ਹਨ। ਇਸਦਾ ਵਿਸਤਾਰ ਜਾਣਨ ਲਈ ਅਸੀਂ ਪੰਜਾਬ ਦੇ ਮਸਲਿਆਂ ਡੂੰਘਾਈ ਨਾਲ ਵੇਖਾਂਗੇ ਜੋ ਅੱਜ ਪੰਜਾਬ ਦੀਆਂ ਚੋਣਾਂ ਨੂੰ ਪ੍ਰਭਾਵਿਤ ਕਰ ਰਹੇ ਹਨ। ਅੱਜ ਇੱਕ ਵਿਸਥਾਰਵਾਦੀ ਵਿਸ਼ਲੇਸ਼ਣ ਵਿੱਚ ਪੰਜਾਬ ਜੋ ਭਾਰਤ ਦਾ ਅੰਨ-ਭੰਡਾਰ ਅਤੇ ਖੇਤੀਬਾੜੀ ਵਿਪਲਵ ਦਾ ਗਵਾਹ, ਰਾਜਨੀਤੀ ਦੇ ਤੂਫਾਨੀ ਸਮੁੰਦਰ ਵਿਚ ਲਗਾਤਾਰ ਘੁੰਮ ਰਿਹਾ ਹੈ। ਇਥੇ ਪਲ-ਪਲ ਸਮੀਕਰਨ ਬਦਲਦੇ ਹਨ, ਆਇਆ ਰਾਮ ਗਿਆ ਰਾਮ ਵਾਲੀਆਂ ਤਬਦੀਲੀਆਂ ਆਮ ਹਨ ਅਤੇ ਡੇਰਿਆਂ, ਜਾਤੀਵਾਦ ਤੇ ਆਰਥਿਕ ਮੁੱਦਿਆਂ ਦੀ ਰਾਜਨੀਤੀ ਹਮੇਸ਼ਾ ਚਰਚਾ ਵਿਚ ਰਹਿੰਦੀ ਹੈ।

2022 ਵਿਚ ਆਮ ਆਦਮੀ ਪਾਰਟੀ ਆਪ ਦੀ ਭਰਪੂਰ ਜਿੱਤ ਤੋਂ ਬਾਅਦ ਹੁਣ ਫਰਵਰੀ 2027 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਇੱਕ ਨਵੀਂ ਲੜਾਈ ਦਾ ਮੰਚ ਤਿਆਰ ਕਰ ਰਹੀਆਂ ਹਨ। ਕੀ ਇਹ ਸਾਲ ਭਾਜਪਾ ਲਈ ਗੇਮ ਚੇਂਜਰ ਹੋਵੇਗਾ? ਕੀ ਅੱਜ ਸ਼੍ਰੋਮਣੀ ਅਕਾਲੀ ਦਲ ਆਪਣਾ ਖੋਇਆ ਆਧਾਰ ਮੁੜ ਬਣਾ ਲਵੇਗਾ ਜਾਂ ਕਾਂਗਰਸ ਫਿਰ ਤੋਂ ਸੱਤਾ ਵੱਲ ਵਧੇਗੀ? ਇਸ ਬਹੁ-ਕੋਣੀ ਲੜਾਈ ਵਿਚ ਪੰਜਾਬ ਦਾ ਭਲਾ ਹੋਵੇਗਾ ਜਾਂ ਫਿਰ ਵਿਭਾਜਨ ਅਤੇ ਅਸਥਿਰਤਾ ਵਧੇਗੀ?

ਅੱਜ ਇਨ੍ਹਾਂ ਸਵਾਲਾਂ ਦਾ ਇਤਿਹਾਸਕ ਪਿਛੋਕੜ, ਮੌਜੂਦਾ ਹਾਲਾਤ, ਪਾਰਟੀਆਂ ਦੀਆਂ ਰਣਨੀਤੀਆਂ ਅਤੇ ਭਵਿੱਖਬਾਣੀਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ। ਅੱਜ ਇਤਿਹਾਸਕ ਪਿਛੋਕੜ ਵਿੱਚ ਬਾਈਪੋਲਰ ਤੋਂ ਬਹੁ-ਪਾਰਟੀ ਵਿਵਸਥਾ ਵੱਲ ਪੰਜਾਬ ਵਿਚ ਲੰਬੇ ਸਮੇਂ ਤੱਕ ਰਾਜਨੀਤੀ ਬਾਈਪੋਲਰ ਰਹੀ ਹੈ ਅਤੇ ਕਾਂਗਰਸ ਬਨਾਮ ਅਕਾਲੀ ਦਲ-ਭਾਜਪਾ ਗਠਜੋੜ। 1997 ਤੋਂ 2017 ਤੱਕ ਅਕਾਲੀ-ਭਾਜਪਾ ਗਠਜੋੜ ਨੇ ਲੰਬੀ ਸੱਤਾ ਭੋਗੀ, ਪਰ ਭ੍ਰਿਸ਼ਟਾਚਾਰ, ਬਰਗਾੜੀ ਬਲਾਸਫੈਮੀ ਅਤੇ ਖੇਤੀ ਮੁੱਦਿਆਂ ਤੇ ਉਸ ਦੀ ਛਵੀ ਖਰਾਬ ਹੋਈ।

2017 ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਕਾਂਗਰਸ ਨੇ 77 ਸੀਟਾਂ ਜਿੱਤੀਆਂ ਅਤੇ ਅਕਾਲੀਆਂ ਨੂੰ ਭਾਰੀ ਹਾਰ ਮਿਲੀ। 2022 ਵਿਚ ਆਪ ਨੇ ਇਸ ਬਾਈਪੋਲਰ ਵਿਵਸਥਾ ਨੂੰ ਤੋੜਦਿਆਂ 92 ਸੀਟਾਂ ਜਿੱਤੀਆਂ, ਭਗਵੰਤ ਮਾਨ ਮੁੱਖ ਮੰਤਰੀ ਬਣੇ। ਅਕਾਲੀ ਦਲ ਸਿਰਫ ਤਿੰਨ-ਚਾਰ ਸੀਟਾਂ ਤੱਕ ਸੀਮਤ ਰਿਹਾ ਅਤੇ ਭਾਜਪਾ ਨੇ ਵੀ ਮੁਸ਼ਕਲ ਨਾਲ ਦੋ ਸੀਟਾਂ ਹੀ ਹਾਸਲ ਕੀਤੀਆਂ।

2024 ਲੋਕ ਸਭਾ ਚੋਣਾਂ ਨੇ ਨਵੀਆਂ ਤਬਦੀਲੀਆਂ ਦਰਸਾਈਆਂ। ਕਾਂਗਰਸ ਨੇ ਵੋਟ ਸ਼ੇਅਰ ਵਿਚ ਲੀਡ ਕੀਤੀ (ਲਗਭਗ 26.3%), ਆਪ ਨੇ ਵੀ ਲਗਭਗ ਉਸੇ ਤਰ੍ਹਾਂ (26%) ਪਰ ਸੀਟਾਂ ਘੱਟ ਮਿਲੀਆਂ। ਭਾਜਪਾ ਦਾ ਵੋਟ ਸ਼ੇਅਰ ਵਧਿਆ ਪਰ ਸੀਟਾਂ ਨਾ ਮਿਲੀਆਂ। ਅਕਾਲੀ ਦਲ ਇੱਕ ਸੀਟ ਤੱਕ ਸੀਮਤ ਰਿਹਾ। ਇਸ ਨੇ ਚੌਫਾਸੀ ਮੁਕਾਬਲੇ ਦੀ ਨੀਂਹ ਰੱਖੀ। 2026 ਤੱਕ ਦੇ ਸਰਵੇਖਣਾਂ ਵਿਚ ਕਾਂਗਰਸ ਨੂੰ 50-58 ਸੀਟਾਂ, ਆਪ ਨੂੰ 33-35, ਅਕਾਲੀਆਂ ਨੂੰ 14-15 ਅਤੇ ਭਾਜਪਾ ਨੂੰ 9-12 ਸੀਟਾਂ ਦਾ ਅਨੁਮਾਨ ਹੈ। ਵੋਟ ਸ਼ੇਅਰ ਵਿਚ ਕਾਂਗਰਸ ਲਗਭਗ 30%, ਆਪ 25%, ਅਕਾਲੀ 18% ਅਤੇ ਭਾਜਪਾ 14% ਆਲੇ-ਦੁਆਲੇ ਦਿਖਾਈ ਦਿੰਦਾ ਹੈ।

ਅੱਜ ਭਾਜਪਾ ਦੀ ਰਣਨੀਤੀ ਇੱਕਲਾ ਚੱਲੋ ਅਤੇ ਸੱਤਾ ਬਣਾਓ ਹੈ। ਭਾਜਪਾ ਨੇ ਸਪੱਸ਼ਟ ਕੀਤਾ ਹੈ ਕਿ 2027 ਵਿਚ ਉਹ ਅਕਾਲੀਆਂ ਨਾਲ ਗਠਜੋੜ ਨਹੀਂ ਕਰੇਗੀ ਅਤੇ ਆਪਣੀ ਤਾਕਤ ਨਾਲ ਲੜੇਗੀ। ਫਾਰਮਰ ਲਾਅ ਘਿਸਾਈ ਤੋਂ ਬਾਅਦ ਟੁੱਟੇ ਗਠਜੋੜ ਤੋਂ ਬਾਅਦ ਭਾਜਪਾ ਨੇ ਡਾਲਿਟ, ਓਬੀਸੀ, ਹਿੰਦੂ ਵਰਗਾਂ ਅਤੇ ਡੇਰਿਆਂ ਵਿਚ ਪੈਦਲ ਕੰਮ ਤੇਜ਼ ਕੀਤਾ ਹੈ। ਨਵੀਂ ਰਣਨੀਤੀ ਵਿਚ ਡੇਰਿਆਂ ਨਾਲ ਰਿਸ਼ਤੇ, ਆਗੂਆਂ ਦੀਆਂ ਤਬਦੀਲੀਆਂ ਅਤੇ ਸਥਾਨਕ ਇਨਫਲੂਐਂਸਰਾਂ ਨੂੰ ਜੋੜਨਾ ਸ਼ਾਮਲ ਹੈ।

ਹੁਣ 2026 ਵਿਚ ਹੋਈਆਂ ਸਿਵਿਕ ਬਾਡੀ ਚੋਣਾਂ ਵਿਚ ਭਾਜਪਾ ਨੇ ਆਪਣੀ ਤਾਕਤ ਦਿਖਾਈ – ਉਸ ਨੇ ਆਬੋਹਰ ਅਤੇ ਪਠਾਨਕੋਟ ਵਰਗੀਆਂ ਜਗ੍ਹਾਵਾਂ 'ਤੇ ਕਾਬਜ਼ੀ ਹਾਸਲ ਕੀਤੀ। ਇਹ ਉਸ ਲਈ ਉਤਸ਼ਾਹ ਵਧਾਉਣ ਵਾਲਾ ਹੈ ਪਰ ਪੂਰੇ ਪੰਜਾਬ ਵਿਚ ਇੱਕਲੀ ਬਹੁਮਤ ਬਣਾਉਣਾ ਅਜੇ ਵੀ ਔਖਾ ਲੱਗਦਾ ਹੈ। ਭਾਜਪਾ ਦਾ ਟੀਚਾ 15-20% ਵੋਟ ਸ਼ੇਅਰ ਤੱਕ ਪਹੁੰਚਣਾ ਹੈ ਤਾਂ ਜੋ ਉਹ ਕਿੰਗਮੇਕਰ ਬਣ ਸਕੇ ਜਾਂ ਗਠਜੋੜ ਵਿਚ ਵੱਡੀ ਭੂਮਿਕਾ ਨਿਭਾ ਸਕੇ। ਪਰ ਸਿੱਖ ਭਾਈਚਾਰੇ ਵਿਚ ਉਸ ਦੀ ਸਵੀਕਾਰਤਾ ਅਜੇ ਵੀ ਸੀਮਤ ਹੈ। ਡੇਰਿਆਂ ਦੀ ਰਾਜਨੀਤੀ ਅਤੇ ਹਿੰਦੂ ਵੋਟ ਬੈਂਕ ਉਸ ਦੀਆਂ ਮਜ਼ਬੂਤੀ ਲਈ ਕੋਸ਼ਿਸ਼ ਕਰ ਰਿਹਾ ਹੈ। ਅੱਜ ਸ਼੍ਰੋਮਣੀ ਅਕਾਲੀ ਦਲ ਮੁੜ ਉਭਰਨ ਅਤੇ ਅੰਦਰੂਨੀ ਚੁਣੌਤੀਆਂ ਅਤੇ ਸ਼੍ਰੋਮਣੀ ਅਕਾਲੀ ਦਲ ਲਗਾਤਾਰ ਹਾਰਾਂ ਤੋਂ ਬਾਅਦ ਆਪਣੀਆਂ ਰੈਲੀਆਂ, ਪੁਰਾਣੀਆਂ ਯੋਜਨਾਵਾਂ (ਜਿਵੇਂ ਅਟਲ ਭੂਜਲ ਯੋਜਨਾ ਵਰਗੀਆਂ) ਅਤੇ ਪੰਥਕ ਮੁੱਦਿਆਂ ਨੂੰ ਉਜਾਗਰ ਕਰਕੇ ਵੋਟਰਾਂ ਨਾਲ ਮੁੜ ਜੁੜਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਸ ਦਾ ਗ੍ਰਾਮੀਣ ਜਾਟ ਸਿੱਖ ਵੋਟ ਬੈਂਕ ਅਜੇ ਵੀ ਮੌਜੂਦ ਹੈ ਪਰ ਅੰਦਰੂਨੀ ਫੁੱਟ (ਜਿਵੇਂ ਗਿਆਨੀ ਹਰਪ੍ਰੀਤ ਸਿੰਘ ਵਾਲੀ ਨਵੀਂ ਫੈਕਸ਼ਨ) ਅਤੇ ਭਾਜਪਾ ਤੋਂ ਵੱਖ ਹੋਣ ਦਾ ਅਸਰ ਡੀਪ ਹੈ।

2026 ਵਿਚ ਅਕਾਲੀਆਂ ਨੇ ਗ੍ਰਾਮੀਣ ਖੇਤਰਾਂ ਵਿਚ ਕੁਝ ਤਾਕਤ ਦਿਖਾਈ ਪਰ ਸਿਵਿਕ ਚੋਣਾਂ ਵਿਚ ਉਸ ਨੂੰ ਸੀਮਤ ਸਫਲਤਾ ਹੀ ਮਿਲੀ। ਜੇ ਉਹ 15-20 ਸੀਟਾਂ ਤੱਕ ਪਹੁੰਚ ਜਾਵੇ ਤਾਂ ਉਹ ਗਠਜੋੜ ਵਿਚ ਕਿੰਗਮੇਕਰ ਬਣ ਸਕਦਾ ਹੈ। ਪਰ ਭਾਜਪਾ ਨਾਲ ਗਠਜੋੜ ਦੀ ਚਰਚਾ ਉਸ ਲਈ ਖਤਰਾ ਵੀ ਬਣ ਸਕਦੀ ਹੈ ਕਿਉਂਕਿ ਇਸ ਨਾਲ ਪੰਥਕ ਵੋਟ ਬਟਕ ਸਕਦੀ ਹੈ।

ਉਧਰ ਆਪ ਸਰਕਾਰ ਗਰੰਟੀਆਂ ਬਨਾਮ ਵਿਵਾਦਆਪ ਸਰਕਾਰ ਨੇ ਮੁਫਤ ਬਿਜਲੀ, ਲਾਭਾਰਥੀ ਯੋਜਨਾਵਾਂ ਅਤੇ ਸਿਹਤ-ਸਿੱਖਿਆ ਤੇ ਫੋਕਸ ਕੀਤਾ ਹੈ। ਸਿਵਿਕ ਬਾਡੀ ਚੋਣਾਂ ਵਿਚ ਉਸ ਨੇ 950 ਤੋਂ ਵੱਧ ਵਾਰਡਾਂ ਵਿਚ ਜਿੱਤ ਹਾਸਲ ਕਰਕੇ ਆਪਣੀ ਤਾਕਤ ਦਿਖਾਈ ਹੈ, ਖਾਸ ਕਰ ਸ਼ਹਿਰੀ ਖੇਤਰਾਂ ਵਿਚ। ਪਰ ਭ੍ਰਿਸ਼ਟਾਚਾਰ ਦੇ ਇਲਜ਼ਾਮ, ਨਸ਼ਿਆਂ ਦੀ ਲਗਾਤਾਰ ਸਮੱਸਿਆ, ਬੇਰੁਜ਼ਗਾਰੀ ਅਤੇ ਆਰਥਿਕ ਮੁਸ਼ਕਲਾਂ ਉਸ ਲਈ ਵੱਡੀ ਚੁਣੌਤੀ ਹਨ। ਭਗਵੰਤ ਮਾਨ ਸਰਕਾਰ ਉੱਤੇ ਲਾਅ ਐਂਡ ਆਰਡਰ ਅਤੇ ਡਰੱਗ ਮਾਫੀਆ ਨਾਲ ਨਜਿੱਠਣ ਵਿਚ ਅਸਫਲਤਾ ਦੇ ਇਲਜ਼ਾਮ ਵੀ ਲੱਗ ਰਹੇ ਹਨ। **ਕਾਂਗਰਸ:** ਅੰਦਰੂਨੀ ਏਕਤਾ ਦੀ ਲੋੜ ਕਾਂਗਰਸ ਨੂੰ ਸਰਵੇਖਣਾਂ ਵਿਚ ਲੀਡ ਮਿਲ ਰਹੀ ਹੈ ਪਰ ਅੰਦਰੂਨੀ ਖਿਚਤਾਨ, ਲੀਡਰਸ਼ਿਪ ਦੀ ਲੜਾਈ ਅਤੇ ਉੱਚ ਕਮਾਂਡ ਦੀ ਰਣਨੀਤੀ ਉਸ ਦਾ ਸਭ ਤੋਂ ਵੱਡਾ ਦੁਸ਼ਮਣ ਹੈ। ਜੇ ਉਹ ਏਕਤਾ ਬਣਾਈ ਰੱਖਦੀ ਹੈ ਤਾਂ 2027 ਵਿਚ ਵਾਪਸੀ ਹੋ ਸਕਦੀ ਹੈ।

ਉਸ ਨੂੰ ਖੇਤੀਬਾੜੀ, ਰੁਜ਼ਗਾਰ ਅਤੇ ਨਸ਼ਿਆਂ ਵਰਗੇ ਮੁੱਦਿਆਂ ਤੇ ਲੋਕਾਂ ਦਾ ਵਿਸ਼ਵਾਸ ਜਿਤਣਾ ਪਵੇਗਾ। **ਮੁੱਖ ਮੁੱਦੇ:** ਨਸ਼ੇ, ਬੇਰੁਜ਼ਗਾਰੀ, ਖੇਤੀ ਅਤੇ ਡੇਰਿਆਂ ਦੀ ਰਾਜਨੀਤੀ ਪੰਜਾਬ ਵਿਚ ਨਸ਼ਿਆਂ ਦੀ ਸਮੱਸਿਆ ਗੰਭੀਰ ਹੈ। ਲਗਭਗ 8 ਲੱਖ ਤੋਂ ਵੱਧ ਨੌਜਵਾਨ ਪ੍ਰਭਾਵਿਤ ਹਨ। ਬੇਰੁਜ਼ਗਾਰੀ ਦਰ ਉੱਚੀ ਹੈ, ਖਾਸ ਕਰ ਯੂਥ ਵਿਚ 18-19% ਤੱਕ। ਖੇਤੀਬਾੜੀ ਸੰਕਟ ਵਿਚ ਹੈ – ਭੂਗਰਭੀ ਪਾਣੀ ਘੱਟ ਰਿਹਾ ਹੈ, ਫਸਲਾਂ ਤੇ ਨਿਰਭਰਤਾ ਵਧੀ ਹੋਈ ਹੈ ਅਤੇ ਇੰਡਸਟ੍ਰੀਆਲਾਈਜ਼ੇਸ਼ਨ ਘੱਟ ਹੈ।

ਅੱਜ ਪੰਜਾਬ ਵਿੱਚ ਡੇਰਿਆਂ ਦਾ ਪ੍ਰਭਾਵ ਮਾਲਵਾ ਅਤੇ ਦੋਆਬਾ ਵਿਚ ਫੈਸਲਾਕੁੰਨ ਰਹਿ ਸਕਦਾ ਹੈ। 2026-27 ਵਿਚ ਆਇਆ ਰਾਮ ਗਿਆ ਰਾਮ ਵਾਲੀਆਂ ਤਬਦੀਲੀਆਂ ਤੇਜ਼ ਹੋਣ ਵਾਲੀਆਂ ਹਨ। ਸੰਭਾਵੀ ਸੀਨੀਓਰੀਆ ਅਤੇ ਪੰਜਾਬ ਲਈ ਲਾਭ-ਨੁਕਸਾਨ ਇਸ ਬਹੁ-ਕੋਣੀ ਲੜਾਈ ਵਿਚ ਲਾਭ ਇਹ ਹੈ ਕਿ ਮੁਕਾਬਲਾ ਵਧਣ ਨਾਲ ਵਿਕਾਸ, ਰੁਜ਼ਗਾਰ ਅਤੇ ਖੇਤੀ ਸੁਧਾਰ ਤੇ ਧਿਆਨ ਵਧ ਸਕਦਾ ਹੈ। ਪਰ ਨੁਕਸਾਨ ਇਹ ਕਿ ਅਸਥਿਰ ਸਰਕਾਰ ਜਾਂ ਗਠਜੋੜੀ ਰਾਜਨੀਤੀ ਨਾਲ ਫੈਸਲੇ ਰੁਕ ਸਕਦੇ ਹਨ ਅਤੇ ਵਿਭਾਜਨ ਵਧ ਸਕਦਾ ਹੈ। ਅੱਜ ਪੰਜਾਬ ਨੂੰ ਇੱਕ ਸਥਿਰ, ਵਿਕਾਸ-ਪੱਖੀ ਅਤੇ ਏਕਤਾ ਵਾਲੀ ਸਰਕਾਰ ਦੀ ਲੋੜ ਹੈ। ਭਾਜਪਾ ਲਈ 2027 ਗੇਮ ਚੇਂਜਰ ਤਾਂ ਬਣ ਸਕਦਾ ਹੈ ਜੇ ਉਹ ਆਪਣਾ ਵੋਟ ਬੈਂਕ ਵਧਾਵੇ ਅਤੇ ਖਾਸ ਖੇਤਰਾਂ ਵਿਚ ਬ੍ਰੇਕਥਰੂ ਕਰੇ, ਪਰ ਇੱਕਲੀ ਬਹੁਮਤ ਔਖਾ ਹੈ। ਅਕਾਲੀ ਦਲ ਆਪਣਾ ਆਧਾਰ ਮਜ਼ਬੂਤ ਕਰ ਰਿਹਾ ਹੈ ਪਰ ਪੂਰੀ ਤਾਕਤ ਵਾਪਸ ਲੈਣ ਲਈ ਲੰਬਾ ਸਫਰ ਹੈ। ਆਪ ਅਤੇ ਕਾਂਗਰਸ ਵਿਚਾਲੇ ਮੁੱਖ ਟੱਕਰ ਰਹਿਣ ਵਾਲੀ ਹੈ। ਨਿਸ਼ਚਿਤ ਭਵਿੱਖ ਅਤੇ ਸਿਫਾਰਸ਼ਾਂ ਪੰਜਾਬੀ ਵੋਟਰ ਆਪਣੀ ਬੁੱਧੀ ਨਾਲ ਫੈਸਲਾ ਲਵੇਗਾ। ਉਸ ਨੂੰ ਰਾਜਨੀਤੀ ਤੋਂ ਉਪਰ ਉਠ ਕੇ ਵਿਕਾਸ ਚਾਹੀਦਾ ਹੈ – ਰੁਜ਼ਗਾਰ, ਨਸ਼ਾ ਮੁਕਤੀ, ਖੇਤੀ ਸੁਧਾਰ ਅਤੇ ਇੰਡਸਟਰੀਅਲ ਵਿਕਾਸ। ਇਨ੍ਹਾਂ ਚੋਣਾਂ ਤੱਕ ਬਹੁਤ ਕੁੱਝ ਬਦਲ ਸਕਦਾ ਹੈ। ਡੇਰਿਆਂ, ਜਾਤੀਵਾਦ ਅਤੇ ਲੋਕ ਲੁਭਾਉਣ ਵਾਲੀਆਂ ਘੋਸ਼ਣਾਵਾਂ ਤੋਂ ਉਪਰ ਉਠ ਕੇ ਲੋਕਾਂ ਨੂੰ ਅਸਲ ਮੁੱਦਿਆਂ 'ਤੇ ਵੋਟ ਕਰਨਾ ਚਾਹੀਦਾ ਹੈ। 2027 ਇੱਕ ਨਵਾਂ ਅਧਿਆਇ ਲਿਖ ਸਕਦਾ ਹੈ, ਪਰ ਇਹ ਤਬਦੀਲੀ ਲੋਕਾਂ ਦੀ ਭਲਾਈ ਲਈ ਹੋਣੀ ਚਾਹੀਦੀ ਹੈ, ਨਾ ਕਿ ਸਿਰਫ ਪਾਰਟੀਆਂ ਦੀ ਤਾਕਤ ਲਈ। ਅੱਜ ਪੰਜਾਬ ਖੁਸ਼ਹਾਲ ਬਣੇ, ਇਹੀ ਆਸ ਅਤੇ ਆਰਜ਼ੂ ਹੈ। ਅੱਜ ਰਾਜਨੀਤੀ ਅਨਿਸ਼ਚਿਤ ਹੈ ਅਤੇ ਵੋਟਰ ਹੀ ਅਸਲ ਗੇਮ ਚੇਂਜਰ ਹਨ।

# ਦੀਨ ਦੁਖੀਆਂ ਦੇ ਮਸੀਹਾ: ਭਗਤ ਪੂਰਨ ਸਿੰਘ

ਕਰਨੈਲ ਸਿੰਘ ਐਮ.ਏ.

20ਵੀਂ ਸਦੀ ਵਿੱਚ ਮਾਨਵਤਾ ਦੇ ਭਲੇ ਹਿੱਤ, ਮਹਾਨ ਦਾਰਸ਼ਨਿਕ, ਦੀਨ-ਦੁਖੀਆਂ ਦੇ ਰਹਿਬਰ, ਬੇਸਹਾਰਿਆਂ ਦੇ ਮਸੀਹਾ ਭਗਤ ਪੂਰਨ ਸਿੰਘ ਦਾ ਜਨਮ 4 ਜੂਨ 1904 ਈ: ਨੂੰ ਪਿੰਡ ਰਾਜੇਵਾਲ ਰੋਹਣੋਂ ਤਹਿਸੀਲ ਖੰਨਾ ਜ਼ਿਲ੍ਹਾ ਲੁਧਿਆਣਾ ਵਿਖੇ ਪਿਤਾ ਸ਼੍ਰੀ ਸ਼ਿੱਬੂ ਮੱਲ ਸ਼ਾਹੂਕਾਰ ਦੇ ਘਰ ਮਾਤਾ ਮਹਿਤਾਬ ਕੌਰ ਜੀ ਦੀ ਕੁੱਖੋਂ ਹੋਇਆ। ਬਚਪਨ ਤੋਂ ਹੀ ਉਹਨਾਂ ਨੂੰ ਸੇਵਾ ਕਰਨ ਦਾ ਸ਼ੌਂਕ ਸੀ। ਘਰ 'ਚ ਗ਼ਰੀਬੀ ਕਰਕੇ ਪੜ੍ਹਾਈ ਵਿੱਚ ਹੀ ਛੱਡਣੀ ਪਈ ਅਤੇ ਨੌਕਰੀ ਦੀ ਭਾਲ ਵਿੱਚ ਮਾਤਾ ਨਾਲ ਲਾਹੌਰ ਜਾਣਾ ਪਿਆ। ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਭਗਤ ਪੂਰਨ ਸਿੰਘ ਬਿਨਾਂ ਤਨਖਾਹ ਤੋਂ ਸੇਵਾ ਕਰਨ ਲੱਗਿਆ। ਉਥੋਂ ਦੇ ਮਹੰਤ ਤੇਜਾ ਸਿੰਘ ਜੀ ਭਗਤ ਜੀ ਨੂੰ ਅਨੇਕਾਂ ਵਾਰ ਲਾਡ ਨਾਲ ਬੁਲਾਉਂਦੇ ਕਹਿੰਦੇ, ਪੂਰਨ ਸਿੰਘ ਪ੍ਰੇਮੀ! ਪੂਰਨ ਸਿੰਘ ਪ੍ਰੇਮੀ!! ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਲੰਗਰ ਦੀ, ਜੋੜਿਆਂ ਦੀ, ਯਾਤਰੂਆਂ ਨੂੰ ਬਿਸਤਰੇ ਅਤੇ ਭਾਂਡੇ ਦੇਣ ਦੀ ਬਹੁਤ ਸਾਲ ਨਿਸ਼ਕਾਮ ਸੇਵਾ ਕੀਤੀ। ਭਗਤ ਪੂਰਨ ਸਿੰਘ ਦਾ ਬਚਪਨ ਦਾ ਨਾਂ 'ਰਾਮ ਜੀ ਦਾਸ' ਸੀ। ਗੁਰਦੁਆਰਾ ਡੇਹਰਾ ਸਾਹਿਬ ਵਿਖੇ ਕੀਤੀ ਨਿਸ਼ਕਾਮ ਸੇਵਾ ਅਤੇ ਲਾਚਾਰ ਤੇ ਲਾਵਾਰਸ ਰੋਗੀਆਂ ਦੀ ਸੇਵਾ-ਸੰਭਾਲ ਨੇ ਉਹਨਾਂ ਨੂੰ ਰਾਮ ਜੀ ਦਾਸ ਤੋਂ 'ਪੂਰਨ ਸਿੰਘ' ਬਣਾ ਦਿੱਤਾ। ਭਗਤ ਜੀ ਨੇ ਲਾਹੌਰ ਵਿਖੇ ਦਿਆਲ ਸਿੰਘ ਲਾਇਬ੍ਰੇਰੀ 'ਚ 'ਯੰਗ ਇੰਡੀਆ' ਮੈਗਜ਼ੀਨ ਵਿੱਚੋਂ ਬੇਕਾਰੀ ਦੂਰ ਕਰਨ ਦਾ ਹੱਲ ਲੱਭਿਆ। ਭਗਤ ਜੀ ਦਾ ਸੁਭਾਅ ਨਿਮਰਤਾ, ਸਹਿਨਸ਼ੀਲਤਾ, ਸਾਦਗੀ ਤੇ ਅਣਥੱਕ ਮਿਹਨਤ ਵਾਲਾ ਸੀ।

ਭਗਤ ਪੂਰਨ ਸਿੰਘ ਨੇ ਮਨੁੱਖਤਾ ਦੀ ਸੇਵਾ ਦਾ ਮੁੱਢ ਸੰਨ 1934 ਈ: ਵਿੱਚ ਇੱਕ ਚਾਰ ਸਾਲ ਦੇ ਬੱਚੇ (ਪਿਆਰਾ ਸਿੰਘ) ਦੀ ਸੇਵਾ ਤੋਂ ਸ਼ੁਰੂ ਕੀਤਾ। ਇਸ ਅਪੰਗ ਬੱਚੇ ਨੂੰ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੀ ਡਿਓੜੀ ਅੱਗੇ ਕੋਈ ਚੋਰੀ ਛੱਡ ਗਿਆ ਸੀ। ਇਹ ਬੱਚਾ ਸ਼ਕਲ ਸੂਰਤ ਤੋਂ ਬੜਾ ਕਰੂਪ ਸੀ। ਗੁਰਦੁਆਰਾ ਸਾਹਿਬ ਦੇ ਗ੍ਰੰਥੀ ਨੇ ਬੱਚੇ ਨੂੰ ਭਗਤ ਜੀ ਦੇ ਹਵਾਲੇ ਕਰਕੇ ਆਖਿਆ, "ਪੂਰਨ ਸਿੰਘ! ਤੂੰ ਹੀ ਅੱਜ ਤੋਂ ਇਸ ਬੱਚੇ ਦੀ ਸੇਵਾ-ਸੰਭਾਲ ਕਰ।" ਭਗਤ ਜੀ ਲਈ ਇਹ ਬੱਚਾ ਪਿਆਰ ਦਾ ਸੋਮਾ ਹੋ ਨਿੱਬੜਿਆ, ਜਿਸ ਕਰਕੇ ਉਸ ਦਾ ਨਾਂ ਪਿਆਰਾ ਸਿੰਘ ਹੋ ਗਿਆ। ਭਗਤ ਪੂਰਨ ਸਿੰਘ 14 ਸਾਲ ਤੱਕ ਇਸ ਲਾਚਾਰ ਬੱਚੇ ਨੂੰ ਵੱਖ-ਵੱਖ ਥਾਵਾਂ 'ਤੇ ਆਪਣੇ ਮੋਢਿਆਂ 'ਤੇ ਚੁੱਕ ਕੇ ਫਿਰਦੇ ਰਹੇ ਕਿਉਂ ਜੋ ਉਸ ਸਮੇਂ ਉਹਨਾਂ ਕੋਲ ਕੋਈ ਪੱਕੀ ਜਗ੍ਹਾ ਨਹੀਂ ਸੀ।

1947 ਵਿੱਚ ਜਦੋਂ ਦੇਸ਼ ਦੀ ਵੰਡ ਹੋਈ ਤਾਂ ਭਗਤ ਪੂਰਨ ਸਿੰਘ ਉਸ ਲੂਲ੍ਹੇ ਬੱਚੇ ਨੂੰ 18 ਅਗਸਤ 1947 ਈ: ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਸ਼ਰਨਾਰਥੀ ਕੈਂਪ ਵਿੱਚ ਲੈ ਕੇ ਪਹੁੰਚੇ। ਉਸ ਕੈਂਪ ਵਿੱਚ ਹਜ਼ਾਰਾਂ ਮਰਦ, ਔਰਤਾਂ, ਬੱਚੇ ਸਨ। ਅਪਾਹਜਾਂ ਦੀ ਸੇਵਾ-ਸੰਭਾਲ ਤੇ ਕੱਪੜੇ ਧੋਣ ਅਤੇ ਉਹਨਾਂ ਨੂੰ ਨਹਾਉਣ ਤੋਂ ਇਲਾਵਾ ਭਗਤ ਪੂਰਨ ਸਿੰਘ ਇਕੱਲੇ ਹੀ ਦੋਵੇਂ ਵੇਲੇ ਘਰਾਂ ਵਿੱਚੋਂ ਪ੍ਰਸ਼ਾਦੇ ਮੰਗ ਕੇ ਲਿਆਉਂਦੇ ਸਨ ਤੇ ਸਭ ਨੂੰ ਵਰਤਾਉਂਦੇ। ਇੱਥੋਂ ਤੱਕ ਕਿ ਆਪਣੇ ਹੱਥਾਂ ਨਾਲ ਉਹਨਾਂ ਦੇ ਮੂੰਹ ਵਿੱਚ ਬੁਰਕੀਆਂ ਵੀ ਪਾਉਂਦੇ ਸਨ। ਇਕੱਲੇ ਭਗਤ ਪੂਰਨ ਸਿੰਘ ਨੇ ਇਹ ਸੇਵਾ ਨਿਭਾਈ।

1949 ਤੋਂ 1958 ਈ: ਤੱਕ ਫੁੱਟਪਾਥਾਂ, ਰੁੱਖਾਂ ਦੀ ਛਾਵੇਂ, ਕਦੇ ਖ਼ਾਲਸਾ ਕਾਲਜ ਕੋਲ, ਕਦੇ ਰੇਲਵੇ ਸਟੇਸ਼ਨ ਕੋਲ, ਕਦੇ ਚੀਫ਼ ਖ਼ਾਲਸਾ ਦੀਵਾਨ ਦੇ ਕੋਲ ਝੌਂਪੜੀਆਂ ਬਣਾ ਕੇ ਪੀੜ੍ਹਤ ਲੋਕਾਂ ਦੀ ਉਹਨਾਂ ਸੇਵਾ-ਸੰਭਾਲ ਕੀਤੀ। 1958 ਈਸਵੀ ਵਿੱਚ ਤਹਿਸੀਲਪੁਰਾ ਜੀ. ਟੀ. ਰੋਡ ਅੰਮ੍ਰਿਤਸਰ ਵਿਖੇ ਥਾਂ ਮੁੱਲ ਖ਼ਰੀਦ ਕੇ ਭਗਤ ਜੀ ਨੇ ਪਿੰਗਲਵਾੜੇ ਦੀ ਨੀਂਹ ਰੱਖੀ। ਜਿੱਥੇ ਮਾਨਸਿਕ ਅਤੇ ਲਾਵਾਰਸ ਰੋਗੀਆਂ, ਲੂਲ੍ਹੇ-ਲੰਗੜਿਆਂ ਅਤੇ ਬਜ਼ੁਰਗਾਂ ਦੀ ਸੇਵਾ-ਸੰਭਾਲ ਕੀਤੀ ਜਾਣ ਲੱਗ ਪਈ। ਇਹ ਆਸ਼ਰਮ ਜੋ ਕੁਝ ਮਰੀਜ਼ਾਂ ਨੂੰ ਲੈ ਕੇ ਭਗਤ ਪੂਰਨ ਸਿੰਘ ਜੀ ਨੇ ਬੀਜ ਰੂਪ ਵਿੱਚ ਸ਼ੁਰੂ ਕੀਤਾ, ਅੱਜ 1756 ਤੋਂ ਵੱਧ ਮਰੀਜ਼ ਜਿਨ੍ਹਾਂ ਵਿੱਚ ਔਰਤਾਂ, ਬੱਚੇ ਤੇ ਬੁੱਢੇ ਸ਼ਾਮਲ ਹਨ, ਲਈ ਘਰ ਵਰਗੇ ਸੁੱਖਾਂ ਦਾ ਸਾਧਨ ਬਣਿਆ ਹੋਇਆ ਹੈ।

ਭਗਤ ਪੂਰਨ ਸਿੰਘ ਨੇ ਪ੍ਰਦੂਸ਼ਣ, ਜਲ ਸਾਧਨਾਂ, ਜੰਗਲਾਂ ਦੀ ਕਟਾਈ ਤੋਂ ਪੈਦਾ ਹੋਣ ਵਾਲੇ ਖਤਰਿਆਂ ਨਾਲ ਸਬੰਧਤ ਅਨੇਕਾਂ ਕਿਤਾਬਚੇ, ਟ੍ਰੈਕਟ, ਫੋਲਡਰ ਅਤੇ ਇਸ਼ਤਿਹਾਰ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਵੰਡੇ। ਅੱਜ ਵੀ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਦੇ ਬਾਹਰ ਘੰਟਾ ਘਰ ਚੌਂਕ ਤੇ ਸਰਾਂ (ਰਿਹਾਇਸ਼) ਵਾਲੇ ਪਾਸੇ ਅਤੇ ਦੇਸ਼ ਭਰ ਦੇ ਵੱਖ-ਵੱਖ ਇਤਿਹਾਸਕ ਗੁਰਦੁਆਰਿਆਂ ਵਿੱਚ ਉਹਨਾਂ ਦੇ



ਸ਼ਰਧਾਲੂ ਕਿਤਾਬਚੇ, ਟ੍ਰੈਕਟ, ਇਸ਼ਤਿਹਾਰ, ਪੈਂਫਲਿਟ, ਫੋਲਡਰ ਮੁਫ਼ਤ ਵੰਡ ਰਹੇ ਹਨ। ਗੁਰੂ ਕੀ ਨਗਰੀ ਅੰਮ੍ਰਿਤਸਰ ਵਿਖੇ ਪਿੰਗਲਵਾੜਾ ਬੱਸ ਸਟੈਂਡ ਦੇ ਨਜ਼ਦੀਕ ਚੱਲ ਰਿਹਾ ਹੈ। ਇਸ ਦੇ ਬਾਨੀ ਭਗਤ ਪੂਰਨ ਸਿੰਘ ਨੂੰ ਭਾਵੇਂ ਬਹੁਤ ਮੁਸ਼ਕਲਾਂ ਆਈਆਂ ਪਰ ਉਹ ਆਪਣੇ ਮਿਸ਼ਨ ਵਿੱਚ ਸਫ਼ਲ ਹੋਏ।

ਭਗਤ ਪੂਰਨ ਸਿੰਘ ਆਦਰਸ਼ ਸਕੂਲ ਮਾਨਾਂਵਾਲਾ, ਭਗਤ ਪੂਰਨ ਸਿੰਘ ਆਦਰਸ਼ ਸਕੂਲ ਬੁੱਟਰ ਕਲਾਂ ਕਾਦੀਆਂ, ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਭਗਤ ਪੂਰਨ ਸਿੰਘ ਗੂੰਗੇ-ਬੋਲੇ ਬੱਚਿਆਂ ਦਾ ਸਕੂਲ ਮਾਨਾਂਵਾਲਾ, ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ ਮਾਨਾਂਵਾਲਾ ਆਦਿ ਵਿਖੇ ਮੁਫ਼ਤ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ।

ਭਗਤ ਪੂਰਨ ਸਿੰਘ ਦੀਆਂ ਜੀਵਨ ਘਾਲਨਾਵਾਂ ਸਬੰਧੀ ਤਸਵੀਰਾਂ ਦਾ ਸੰਗ੍ਰਹਿ ਅਜਾਇਬ ਘਰ ਪਿੰਗਲਵਾੜਾ ਵਿੱਚ ਸਥਾਪਿਤ ਕੀਤਾ ਗਿਆ ਹੈ। ਉਹਨਾਂ ਦੇ ਜੀਵਨ ਨੂੰ ਦਰਸਾਉਂਦੀਆਂ ਹੋਈਆਂ ਕੁਝ ਵੀਡੀਓ ਫ਼ਿਲਮਾਂ ਵੀ ਵੱਖ-ਵੱਖ ਬੁੱਧੀਜੀਵੀਆਂ ਵੱਲੋਂ ਤਿਆਰ ਕੀਤੀਆਂ ਗਈਆਂ ਹਨ। ਭਗਤ ਪੂਰਨ ਸਿੰਘ ਜੀ ਦੀ ਜੀਵਨੀ ਬਾਰੇ ਦਸਤਾਵੇਜ਼ੀ ਫ਼ਿਲਮ 'ਇਹੁ ਜਨਮੁ ਤੁਮ੍ਹਾਰੇ ਲੇਖੇ,' ਏ ਸੈਲਫਲੈਸ ਲਾਈਫ਼' ਫ਼ਰਵਰੀ 2000 ਵਿੱਚ ਰਿਲੀਜ਼ ਕੀਤੀ ਗਈ। ਭਗਤ ਪੂਰਨ ਸਿੰਘ ਦੇ ਜਨਮ ਸਥਾਨ 'ਤੇ ਪਿੰਡ ਰਾਜੇਵਾਲ ਵਿਖੇ 'ਭਗਤ ਪੂਰਨ ਸਿੰਘ ਸਮਾਰਕ' ਦਾ ਨਿਰਮਾਣ ਹੋ ਚੁੱਕਾ ਹੈ। ਪਿੰਗਲਵਾੜਾ (ਅੰਮ੍ਰਿਤਸਰ) ਦੇ ਨਜ਼ਦੀਕ 'ਭਗਤ ਪੂਰਨ ਸਿੰਘ ਯਾਦਗਾਰੀ ਗੇਟ' ਉਸਾਰਿਆ ਗਿਆ ਹੈ। ਭਗਤ ਪੂਰਨ ਸਿੰਘ ਮਸਨੂਈ ਅੰਗ ਕੇਂਦਰ ਵਿੱਚ 15451 ਮਰੀਜ਼ਾਂ ਨੂੰ ਬਨਾਵਟੀ ਅੰਗ ਲਗਾਏ ਜਾ ਚੁੱਕੇ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ 'ਭਗਤ ਪੂਰਨ ਸਿੰਘ ਚੇਅਰ' ਦੀ ਸਥਾਪਨਾ ਕੀਤੀ ਗਈ ਹੈ। ਭਗਤ ਪੂਰਨ ਸਿੰਘ ਨੂੰ 1981 'ਚ ਪਦਮ ਸ਼੍ਰੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ, ਪਰ ਭਾਰਤ ਸਰਕਾਰ ਵੱਲੋਂ 1984 ਵਿੱਚ ਸ਼੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ 'ਤੇ ਹੋਏ ਹਮਲੇ ਦੇ ਰੋਸ ਵਜੋਂ ਉਹਨਾਂ ਨੇ ਇਹ ਐਵਾਰਡ ਵਾਪਸ ਕਰ ਦਿੱਤਾ ਸੀ। ਉਹਨਾਂ ਨੂੰ 1990 'ਚ ਹਾਰਮਨੀ ਐਵਾਰਡ, 1991 'ਚ ਲੋਕ ਰਤਨ ਐਵਾਰਡ ਪ੍ਰਾਪਤ ਹੋਏ। ਪੰਜਾਬ ਵਿਰਾਸਤ ਸੰਸਥਾ ਸ਼ਿਕਾਗੋ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਵੀ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ। ਭਾਈ ਕਨੱਈਆ ਐਵਾਰਡ ਕਮੇਟੀ ਵੱਲੋਂ ਪਹਿਲਾ 'ਭਾਈ ਕਨੱਈਆ ਐਵਾਰਡ' ਭਗਤ ਪੂਰਨ ਸਿੰਘ ਬਾਨੀ ਪਿੰਗਲਵਾੜਾ ਨੂੰ ਸੱਚ-ਖੰਡ ਪਿਆਨਾ ਕਰਨ ਉਪਰੰਤ 4 ਅਕਤੂਬਰ 1995 ਨੂੰ ਦਿੱਤਾ ਗਿਆ ਜੋ ਡਾ: ਇੰਦਰਜੀਤ ਕੌਰ ਮੌਜੂਦਾ ਮੁਖੀ ਨੇ ਪ੍ਰਾਪਤ ਕੀਤਾ। ਸੇਵਾ ਦੇ ਪੁੰਜ, ਨਿਆਸਰਿਆਂ ਦਾ ਆਸਰਾ ਭਗਤ ਪੂਰਨ ਸਿੰਘ 5 ਅਗਸਤ 1992 ਈ: ਨੂੰ 88 ਸਾਲ ਦੀ ਉਮਰ ਬਤੀਤ ਕਰਕੇ ਸੱਚ-ਖੰਡ ਜਾ ਬਿਰਾਜੇ।

20ਵੀਂ ਸਦੀ ਦੇ ਮਹਾਨ ਦਰਵੇਸ਼ ਤੇ ਸਮਾਜ-ਸੇਵੀ ਭਗਤ ਪੂਰਨ ਸਿੰਘ ਜੀ ਬਾਨੀ ਪਿੰਗਲਵਾੜਾ ਅੰਮ੍ਰਿਤਸਰ ਦਾ 122ਵਾਂ ਜਨਮ-ਦਿਹਾੜਾ ਡਾ: ਇੰਦਰਜੀਤ ਕੌਰ ਜੀ ਦੀ ਸਰਪ੍ਰਸਤੀ ਹੇਠ 2, 3 ਅਤੇ 4 ਜੂਨ ਦਿਨ ਮੰਗਲਵਾਰ, ਬੁੱਧਵਾਰ ਅਤੇ ਵੀਰਵਾਰ ਨੂੰ ਅੰਮ੍ਰਿਤਸਰ ਵਿਖੇ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। 2 ਜੂਨ ਦਿਨ ਮੰਗਲਵਾਰ ਨੂੰ ਭਗਤ ਪੂਰਨ ਸਿੰਘ ਜੀ ਦੇ ਜਨਮ-ਦਿਨ ਨੂੰ ਸਮਰਪਿਤ ਪਿੰਗਲਵਾੜਾ ਪਰਿਵਾਰ ਵੱਲੋਂ ਸਵੇਰੇ 10 ਵਜੇ ਤੋਂ 2 ਵਜੇ ਤੱਕ ਸੈਮੀਨਾਰ 'ਗੁਰਮਤਿ ਵਿਚਾਰਧਾਰਾ ਦੀ ਰੋਸ਼ਨੀ ਵਿੱਚ ਕੁਦਰਤ ਦੀ ਸੰਭਾਲ' ਹੋ ਰਿਹਾ ਹੈ। ਜਿਸ ਵਿੱਚ ਡਾ: ਸਵਰਾਜਬੀਰ ਸਿੰਘ, ਸ੍ਰ: ਜਸਕੀਰਤ ਸਿੰਘ, ਗਿਆਨੀ ਕੇਵਲ ਸਿੰਘ, ਸ੍ਰ: ਸਤਨਾਮ ਸਿੰਘ ਮਾਣਕ, ਡਾ: ਇੰਦਰਜੀਤ ਸਿੰਘ ਗੋਗੋਆਣੀ, ਸ੍ਰ: ਹਮੀਰ ਸਿੰਘ ਆਦਿ ਵਿਦਵਾਨ ਵਾਤਾਵਰਣ ਸੰਬੰਧੀ ਆਪਣੇ ਵਿਚਾਰ ਦੱਸਣਗੇ। ਡਾ: ਕੁੰਵਰ ਵਿਜੇਪ੍ਰਤਾਪ ਸਿੰਘ ਸੈਮੀਨਾਰ ਦੀ ਪ੍ਰਧਾਨਗੀ ਕਰਨਗੇ। 3 ਜੂਨ ਦਿਨ ਬੁੱਧਵਾਰ ਨੂੰ ਪਿੰਗਲਵਾੜੇ ਦੇ ਮਰੀਜ਼ਾਂ ਅਤੇ ਸਕੂਲੀ ਬੱਚਿਆਂ ਵੱਲੋਂ ਵਾਤਾਵਰਣ ਸੰਬੰਧੀ ਵਿਸ਼ੇਸ਼ ਸੱਭਿਆਚਾਰਕ ਪ੍ਰੋਗਰਾਮ ਕੀਤਾ ਜਾਵੇਗਾ। ਪ੍ਰੋਗਰਾਮ ਦੇ ਮੁੱਖ ਮਹਿਮਾਨ ਡਾ: ਇੰਦਰਬੀਰ ਸਿੰਘ ਨਿੱਝਰ ਹੋਣਗੇ। 4 ਜੂਨ ਦਿਨ ਵੀਰਵਾਰ ਨੂੰ ਮੁੱਖ ਦਫ਼ਤਰ ਪਿੰਗਲਵਾੜਾ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦਾ ਭੋਗ ਪਾਇਆ ਜਾਵੇਗਾ। ਉਪਰੰਤ ਭਾਈ ਜਸਬੀਰ ਸਿੰਘ ਜੀ ਅਤੇ ਪਿੰਗਲਵਾੜਾ ਸੰਸਥਾ ਦੇ ਬੱਚਿਆਂ ਵੱਲੋਂ ਗੁਰਬਾਣੀ ਦਾ ਰਸ-ਭਿੰਨਾ ਕੀਰਤਨ ਕੀਤਾ ਜਾਵੇਗਾ। ਇਸ ਤੋਂ ਇਲਾਵਾ ਮਹਾਨ ਸਮਾਜ ਸੇਵੀ ਅਤੇ ਵਾਤਾਵਰਣ ਪ੍ਰੇਮੀਆਂ ਵੱਲੋਂ ਭਗਤ ਪੂਰਨ ਸਿੰਘ ਜੀ ਦੇ ਜੀਵਨ ਬਾਰੇ ਵੱਖ-ਵੱਖ ਪਹਿਲੂਆਂ 'ਤੇ ਵਿਚਾਰਾਂ ਕੀਤੀਆਂ ਜਾਣਗੀਆਂ। ਸ਼੍ਰੀ ਦਵਿੰਦਰ ਸ਼ਰਮਾ ਦੀ ਹਿੰਦੀ ਪੁਸਤਕ 'ਜ਼ਮੀਨੀ ਸਚਾਈ' ਅਤੇ ਪਿੰਗਲਵਾੜਾ ਸੰਸਥਾ ਵੱਲੋਂ ਛਾਪੀਆਂ ਗਈਆਂ ਕਿਤਾਬਾਂ ਰਿਲੀਜ਼ ਕੀਤੀਆਂ ਜਾਣਗੀਆਂ। ਇਸ ਮੌਕੇ ਪਿੰਗਲਵਾੜੇ ਵਿੱਚ ਪਿਛਲੇ ਇੱਕ ਸਾਲ ਵਿੱਚ ਹੋਈਆਂ ਗਤੀਵਿਧੀਆਂ ਦਾ ਇੱਕ ਸੋਵੀਨਰ ਦੀ ਵੀ ਘੁੰਡ ਚੁਕਾਈ ਕੀਤੀ ਜਾਵੇਗੀ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।

## ਪੰਜਾਬੀ ਰੰਗਮੰਚ ਦਾ ਸੁਨਹਿਰੀ ਹਸਤਾਖ਼ਰ

# 'ਸ਼ੁਗਲੀ ਜੁਗਲੀ' (ਗੁਰਪ੍ਰੀਤ ਸਿੰਘ ਤੇ ਪ੍ਰਭਪ੍ਰੀਤ ਸਿੰਘ) ਨਾਲ ਤਿੰਨ ਦਹਾਕਿਆਂ ਦੀ ਗੂੜ੍ਹੀ ਪ੍ਰੀਤ ਅਤੇ ਯਾਦਾਂ ਦੀ ਸੱਭਿਆਚਾਰਕ ਮਹਿਫ਼ਿਲ



ਵਿਕਰਮਜੀਤ ਸਿੰਘ ਸਰਾ
9501477889

ਕੁਝ ਰਿਸ਼ਤੇ ਖ਼ੂਨ ਦੇ ਰਿਸ਼ਤਿਆਂ ਤੋਂ ਵੀ ਵਧੇਰੇ ਪਾਕ, ਡੂੰਘੇ ਅਤੇ ਰੂਹਾਨੀ ਹੁੰਦੇ ਹਨ। ਇਹ ਉਹ ਸਾਂਝਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਵਕਤ ਦੀਆਂ ਤੇਜ਼ ਹਵਾਵਾਂ ਕਦੇ ਧੁੰਦਲਾ ਨਹੀਂ ਕਰ ਸਕਦੀਆਂ, ਬਲਕਿ ਸਮੇਂ ਦੀ ਹਰ ਗੁਜ਼ਰਦੀ ਘੜੀ ਇਹਨਾਂ ਨੂੰ ਹੋਰ ਵਧੇਰੇ ਪਰਪੱਕ ਅਤੇ ਖ਼ੂਬਸੂਰਤ ਬਣਾ ਦਿੰਦੀ ਹੈ। ਅਜਿਹਾ ਹੀ ਇੱਕ ਬੇਹੱਦ ਮੁਕੱਦਸ, ਨਿੱਘਾ ਅਤੇ ਕਰੀਬ 25-30 ਸਾਲ ਪੁਰਾਣਾ ਗੂੜ੍ਹਾ ਪਿਆਰ ਮੇਰਾ ਪੰਜਾਬੀ ਮਨੋਰੰਜਨ ਜਗਤ ਦੀ ਸਿਰਮੌਰ ਅਤੇ ਅਮਰ ਜੋੜੀ ਨਾਲ ਹੈ, ਜਿਨ੍ਹਾਂ ਨੂੰ ਅੱਜ ਪੂਰੀ ਦੁਨੀਆ 'ਸ਼ੁਗਲੀ ਜੁਗਲੀ' ਦੇ ਨਾਮ ਨਾਲ ਜਾਣਦੀ ਹੈ ਅਤੇ ਜੋ ਪਹਿਲਾਂ 'ਸੰਤਾ-ਬੰਤਾ' ਦੇ ਨਾਮ ਨਾਲ ਬੇਹੱਦ ਮਕਬੂਲ ਰਹੇ ਹਨ। ਮੇਰੇ ਲਈ ਇਹ ਸਿਰਫ਼ ਦੋ ਮਹਾਨ ਕਲਾਕਾਰ ਨਹੀਂ, ਬਲਕਿ ਮੇਰੇ ਦਿਲ ਦੇ ਬਹੁਤ ਹੀ ਕਰੀਬੀ, ਅਜੀਜ਼ ਅਤੇ ਬਹੁਤ ਹੀ ਖ਼ਾਸ ਮਿੱਤਰ ਹਨ। ਅੱਜ ਜਦੋਂ ਇਹ ਪਿਆਰੀ ਜੋੜੀ ਸਬੱਬ ਨਾਲ ਚੜ੍ਹਦੀਕਲਾ ਮੀਡੀਆ ਨੈੱਟਵਰਕ ਦੇ ਮੁੱਖ ਦਫ਼ਤਰ ਪਟਿਆਲਾ ਵਿਖੇ ਪਹੁੰਚੀ ਤਾਂ ਮੇਰੇ ਦਿਲ ਦਾ ਵਿਹੜਾ ਖੁਸ਼ੀਆਂ ਨਾਲ ਭਰ ਗਿਆ ਅਤੇ ਬੀਤੇ ਤਿੰਨ ਦਹਾਕਿਆਂ ਦੀਆਂ ਅਣਗਿਣਤ ਯਾਦਾਂ ਚਾਨਣੀ ਰਾਤ ਵਾਂਗ ਰਿਸ਼ਮਾਉਣ ਲੱਗ ਪਈਆਂ।

ਇਸ ਸੁਭਾਗੇ ਅਤੇ ਇਤਿਹਾਸਕ ਮੌਕੇ 'ਤੇ ਚੜ੍ਹਦੀਕਲਾ ਟਾਈਮ ਟੀਵੀ ਦੇ ਡਾਇਰੈਕਟਰ ਸ. ਹਰਪ੍ਰੀਤ ਸਿੰਘ ਦਰਦੀ ਜੀ ਵੱਲੋਂ ਇਸ ਹਰਮਨਪਿਆਰੀ ਜੋੜੀ ਦਾ ਬਹੁਤ ਹੀ ਆਦਰ-ਸਤਿਕਾਰ, ਨਿੱਘ ਅਤੇ ਮੁਹੱਬਤ ਨਾਲ ਰਵਾਇਤੀ ਸਵਾਗਤ ਕੀਤਾ ਗਿਆ। ਇਸ ਮਿਲਣੀ ਦੀ ਸਭ ਤੋਂ ਭਾਵੁਕ ਅਤੇ ਰੂਹਾਨੀ ਘੜੀ ਉਹ ਸੀ ਜਦੋਂ ਪੰਜਾਬੀ ਪੱਤਰਕਾਰੀ ਦੇ ਭੀਸ਼ਮ ਪਿਤਾਮਾ ਪਦਮ ਸ਼੍ਰੀ ਡਾ. ਜਗਜੀਤ ਸਿੰਘ ਦਰਦੀ ਜੀ ਨੇ ਭਾਵੇਂ ਉਹ ਅੱਜ-ਕੱਲ੍ਹ ਪੂਰੀ ਤਰ੍ਹਾਂ ਸਿਹਤਯਾਬ ਨਹੀਂ ਹਨ ਅਤੇ ਸਰੀਰਕ ਨਾਸਾਜ਼ੀ ਦੇ ਦੌਰ 'ਚੋਂ ਲੰਘ ਰਹੇ ਹਨ, ਫਿਰ ਵੀ ਆਪਣਾ ਅਥਾਹ ਪਿਆਰ ਅਤੇ ਅਸੀਸਾਂ ਦਾ ਹੱਥ ਉਹਨਾਂ ਦੇ ਸਿਰ 'ਤੇ ਰੱਖਿਆ। ਚੜ੍ਹਦੀਕਲਾ ਗਰੁੱਪ ਦੇ ਸਮੂਹ ਕਰਮਚਾਰੀਆਂ ਨੇ ਵੀ ਬੇਅੰਤ ਖੁਸ਼ੀ ਅਤੇ ਮਾਣ ਨਾਲ ਇਸ ਜੋੜੀ ਨੂੰ ਜੀ ਆਇਆਂ ਆਖਿਆ, ਕਿਉਂਕਿ ਇਹਨਾਂ ਦੀ ਸ਼ਖ਼ਸੀਅਤ ਵਿੱਚ ਉਹ ਚੁੰਬਕੀ ਖਿੱਚ ਹੈ ਜੋ ਪਹਿਲੀ ਨਜ਼ਰੇ ਹੀ ਹਰ ਕਿਸੇ ਦਾ ਦਿਲ ਮੋਹ ਲੈਂਦੀ ਹੈ।

**ਅਸਲ ਪਛਾਣ ਅਤੇ ਉੱਚੇ ਸਮਾਜਿਕ ਸਰੋਕਾਰ: 'ਸੰਤਾ-ਬੰਤਾ' ਤੋਂ 'ਸ਼ੁਗਲੀ ਜੁਗਲੀ' ਦਾ ਸਫ਼ਰ** : ਇਸ ਅਦੁੱਤੀ ਜੋੜੀ ਦੇ ਪਰਦੇ ਦੇ ਪਿੱਛੇ ਦੇ ਅਸਲ ਨਾਮ ਗੁਰਪ੍ਰੀਤ ਸਿੰਘ ਅਤੇ ਪ੍ਰਭਪ੍ਰੀਤ ਸਿੰਘ ਹਨ। ਕਲਾ ਦੇ ਖੇਤਰ ਵਿੱਚ ਲੰਮਾ ਸਮਾਂ 'ਸੰਤਾ-ਬੰਤਾ' ਦੇ ਨਾਮ ਨਾਲ ਬੇਮਿਸਾਲ ਕਾਮਯਾਬੀ ਦੇ ਝੰਡੇ ਗੱਡਣ ਤੋਂ ਬਾਅਦ, ਇਹਨਾਂ ਨੇ ਇੱਕ ਅਜਿਹਾ ਇਤਿਹਾਸਕ ਅਤੇ ਸੰਵੇਦਨਸ਼ੀਲ ਫ਼ੈਸਲਾ ਲਿਆ, ਜਿਸ ਨੇ ਸਭ ਦੇ ਦਿਲਾਂ ਵਿੱਚ ਇਹਨਾਂ ਦਾ ਸਤਿਕਾਰ ਹੋਰ ਵੀ ਵਧਾ ਦਿੱਤਾ। ਜਦੋਂ ਸਮਾਜ ਦੇ ਕੁਝ ਹਿੱਸਿਆਂ ਵਿੱਚ 'ਸੰਤਾ-ਬੰਤਾ' ਦੇ ਨਾਮ 'ਤੇ ਬਣਾਏ ਜਾਂਦੇ ਚੁਟਕਲਿਆਂ ਕਾਰਨ ਭਾਈਚਾਰਕ ਭਾਵਨਾਵਾਂ ਨੂੰ ਠੇਸ ਪਹੁੰਚਣ ਲੱਗੀ, ਤਾਂ ਇਹਨਾਂ ਦੋਵਾਂ ਸੂਝਵਾਨ ਕਲਾਕਾਰਾਂ ਨੇ ਬਿਨਾਂ ਕਿਸੇ ਦੇਰੀ ਦੇ ਆਪਣੀ ਇੰਨੀ ਵੱਡੀ ਬ੍ਰਾਂਡ ਵੈਲਿਊ ਅਤੇ ਸਥਾਪਿਤ ਨਾਮ ਨੂੰ ਤਿਆਗ ਕੇ ਆਪਣਾ ਨਾਮ ਬਦਲ ਕੇ 'ਸ਼ੁਗਲੀ ਜੁਗਲੀ' ਰੱਖ ਲਿਆ। ਇਹ ਫ਼ੈਸਲਾ ਇਸ ਗੱਲ ਦਾ ਪ੍ਰਤੀਕ ਸੀ ਕਿ ਇਹਨਾਂ ਲਈ ਆਪਣੀ ਸ਼ੋਹਰਤ ਨਾਲੋਂ ਕਿਸੇ ਦੀਆਂ ਭਾਵਨਾਵਾਂ, ਆਪਸੀ ਭਾਈਚਾਰਾ ਅਤੇ ਸਤਿਕਾਰ ਕਿਤੇ ਵੱਧ ਅਹਿਮ ਹਨ, ਤਾਂ ਜੋ ਕਿਸੇ ਨੂੰ ਵੀ ਇਹਨਾਂ ਦੇ ਨਾਮ ਕਰਕੇ ਮਾੜੀ ਮੋਟੀ ਤਕਲੀਫ਼ ਜਾਂ ਠੇਸ ਨਾ ਪਹੁੰਚੇ।

**ਸਰਕਾਰੀ ਸੇਵਾ ਦੇ ਨਾਲ-ਨਾਲ ਕਲਾ ਦੀ ਅਦੁੱਤੀ ਸਾਧਨਾ** : ਇਸ ਜੋੜੀ ਦੀ ਜ਼ਿੰਦਗੀ ਦਾ ਇੱਕ ਹੋਰ ਬੇਹੱਦ ਪ੍ਰੇਰਨਾਦਾਇਕ ਅਤੇ ਮਿਸਾਲੀ ਪਹਿਲੂ ਇਹ ਹੈ ਕਿ ਇਹਨਾਂ ਨੇ ਕਲਾ ਦੇ ਖੇਤਰ ਵਿੱਚ ਇਹ



ਮੁਕਾਮ ਸਿਰਫ਼ ਵੇਹਲੇ ਰਹਿ ਕੇ ਹਾਸਲ ਨਹੀਂ ਕੀਤਾ। ਗੁਰਪ੍ਰੀਤ ਸਿੰਘ ਅਤੇ ਪ੍ਰਭਪ੍ਰੀਤ ਸਿੰਘ ਦੋਵੇਂ ਆਪਣੀ ਸਰਕਾਰੀ ਨੌਕਰੀ (Service) ਦੀਆਂ ਜ਼ਿੰਮੇਵਾਰੀਆਂ ਬਹੁਤ ਹੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਂਦੇ ਰਹੇ ਹਨ। ਸਰਕਾਰੀ ਸੇਵਾ ਦੇ ਸਖ਼ਤ ਨਿਯਮਾਂ ਅਤੇ ਰੁਝੇਵਿਆਂ ਦੇ ਬਾਵਜੂਦ, ਉਹਨਾਂ ਨੇ ਆਪਣੀ ਕਲਾ ਅਤੇ ਕਾਮੇਡੀ ਦੇ ਸ਼ੌਂਕ ਨੂੰ ਕਦੇ ਮੱਠਾ ਨਹੀਂ ਪੈਣ ਦਿੱਤਾ। ਇੱਕ ਪਾਸੇ ਦਫ਼ਤਰੀ ਫ਼ਾਈਲਾਂ ਅਤੇ ਲੋਕ ਸੇਵਾ ਦੀ ਜ਼ਿੰਮੇਵਾਰੀ ਅਤੇ ਦੂਜੇ ਪਾਸੇ ਰੰਗਮੰਚ 'ਤੇ ਲੋਕਾਂ ਦੇ ਦੁੱਖ-ਦਰਦ ਭੁਲਾ ਕੇ ਉਹਨਾਂ ਨੂੰ ਹਸਾਉਣ ਦਾ ਔਖਾ ਕਾਰਜ ਇਸ ਤਾਲਮੇਲ ਨੂੰ ਇਹਨਾਂ ਨੇ ਜਿਸ ਖ਼ੂਬਸੂਰਤੀ ਨਾਲ ਨਿਭਾਇਆ ਹੈ, ਉਹ ਕਿਸੇ ਚਮਤਕਾਰ ਤੋਂ ਘੱਟ ਨਹੀਂ ਹੈ। ਨੌਕਰੀ ਦੇ ਨਾਲ-ਨਾਲ ਕਾਮੇਡੀ ਦਾ ਇਹ ਸਫ਼ਰ ਇਹਨਾਂ ਦੀ ਅਣਥੱਕ ਮਿਹਨਤ ਅਤੇ ਕਲਾ ਪ੍ਰਤੀ ਅਥਾਹ ਸਮਰਪਣ ਨੂੰ ਦਰਸਾਉਂਦਾ ਹੈ।

**ਚਾਰ ਦਹਾਕਿਆਂ ਦਾ ਇਤਿਹਾਸਕ ਸਫ਼ਰ; ਕਾਮੇਡੀ ਨੂੰ ਇਬਾਦਤ ਬਣਾਉਣ ਵਾਲੇ ਸਿਤਾਰੇ** : ਜਦੋਂ ਅਸੀਂ ਪੰਜਾਬੀ ਹਾਸ-ਵਿਅੰਗ ਅਤੇ ਸਾਫ਼-ਸੁਥਰੇ ਰੰਗਮੰਚ ਦਾ ਇਤਿਹਾਸ ਫਰੋਲਦੇ ਹਾਂ, ਤਾਂ ਇਸ ਜੋੜੀ ਦਾ ਨਾਮ ਸਭ ਤੋਂ ਉੱਚੇ ਅਤੇ ਸੁਨਹਿਰੀ ਪੰਨਿਆਂ 'ਤੇ ਅੰਕਿਤ ਮਿਲਦਾ ਹੈ। 1980 ਦੇ ਆਖ਼ਰੀ ਸਾਲਾਂ ਅਤੇ 90 ਦੇ ਦਹਾਕੇ ਦੀ ਸ਼ੁਰੂਆਤ ਵਿੱਚ ਜਦੋਂ ਪੰਜਾਬ ਇੱਕ ਅਸ਼ਾਂਤ ਅਤੇ ਬੇਹੱਦ ਸੰਵੇਦਨਸ਼ੀਲ ਦੌਰ 'ਚੋਂ ਗੁਜ਼ਰ ਰਿਹਾ ਸੀ, ਉਸ ਸਮੇਂ ਲੋਕਾਂ ਦੇ ਉਦਾਸ ਹੋ ਚੁੱਕੇ ਚਿਹਰਿਆਂ 'ਤੇ ਹਾਸੇ ਦੀਆਂ ਤਰੰਗਾਂ ਛੇੜਨਾ ਕੋਈ ਸੌਖਾ ਕਾਰਜ ਨਹੀਂ ਸੀ। ਅਜਿਹੇ ਔਖੇ ਸਮੇਂ 'ਚ ਇਹਨਾਂ ਨੇ ਪੰਜਾਬੀ ਕਾਮੇਡੀ ਦੇ ਖੇਤਰ ਵਿੱਚ ਕਦਮ ਰੱਖਿਆ ਅਤੇ ਆਪਣੀ ਅਦੁੱਤੀ ਅਦਾਕਾਰੀ, ਟਾਈਮਿੰਗ ਅਤੇ ਸੱਭਿਆਚਾਰਕ ਸੂਝ-ਬੂਝ ਸਦਕਾ ਹਰ ਘਰ ਦੇ ਦਿਲ ਦੀ ਧੜਕਣ ਬਣ ਗਏ। ਪਿਛਲੇ ਕਰੀਬ 35-40 ਸਾਲਾਂ ਤੋਂ ਇਹਨਾਂ ਨੇ ਲਗਾਤਾਰ, ਬਿਨਾਂ ਥੱਕੇ ਅਤੇ ਬਿਨਾਂ ਰੁਕੇ ਪੰਜਾਬੀਆਂ ਦਾ ਮਨੋਰੰਜਨ ਕੀਤਾ ਹੈ। ਉਹਨਾਂ ਦੀ ਸਭ ਤੋਂ ਵੱਡੀ ਖ਼ੂਬੀ ਇਹ ਰਹੀ ਹੈ ਕਿ ਉਹਨਾਂ ਨੇ ਕਦੇ ਵੀ ਸਸਤੀ ਸ਼ੋਹਰਤ ਜਾਂ ਤੁਰੰਤ ਤਾਲੀਆਂ ਬਟੋਰਨ ਲਈ ਲੱਚਰਤਾ, ਦੋ-ਅਰਥੀ ਸੰਵਾਦਾਂ ਜਾਂ ਕਿਸੇ ਨੂੰ ਨੀਵਾਂ ਦਿਖਾਉਣ ਵਾਲੇ ਭਾਸ਼ਾਈ ਹੱਥਕੰਡਿਆਂ ਦਾ ਸਹਾਰਾ ਨਹੀਂ ਲਿਆ। ਉਹਨਾਂ ਦਾ ਹਾਸਾ ਪਰਿਵਾਰਕ ਹੁੰਦਾ ਹੈ, ਜਿਸ ਵਿੱਚ ਸਮਾਜਿਕ ਸਰੋਕਾਰ, ਰਿਸ਼ਤਿਆਂ ਦੀ ਮਰਿਆਦਾ ਅਤੇ ਪੰਜਾਬੀ ਸੱਭਿਆਚਾਰ ਦੀ ਮਹਿਕ ਹੁੰਦੀ ਹੈ। ਇਹੀ ਕਾਰਨ ਹੈ ਕਿ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ, ਪੂਰਾ ਪਰਿਵਾਰ ਇਕੱਠੇ ਬੈਠ ਕੇ ਉਹਨਾਂ ਦੀ ਕਲਾ ਦਾ ਆਨੰਦ ਮਾਣਦਾ ਹੈ।

**ਜਲੰਧਰ ਆਫ਼ਿਸ: ਕਲਾ ਦੀ ਪਾਠਸ਼ਾਲਾ ਅਤੇ ਕਲਾਕਾਰਾਂ ਦਾ ਮੱਕਾ** : ਜੇਕਰ ਅਸੀਂ ਇਹਨਾਂ ਦੀ ਕਲਾਤਮਕ ਸਾਧਨਾ ਦਾ ਕੇਂਦਰ ਦੇਖਣਾ ਹੋਵੇ, ਤਾਂ ਜਲੰਧਰ ਸਥਿਤ ਉਹਨਾਂ ਦਾ ਦਫ਼ਤਰ ਕਿਸੇ ਪਵਿੱਤਰ ਸੱਭਿਆਚਾਰਕ ਪੀਠ ਜਾਂ ਰੰਗਮੰਚ ਦੀ ਪਾਠਸ਼ਾਲਾ ਤੋਂ ਘੱਟ ਨਹੀਂ ਹੈ। ਉੱਥੇ 24 ਘੰਟੇ ਮੇਲੇ ਵਰਗਾ ਮਾਹੌਲ ਰਹਿੰਦਾ ਹੈ ਅਤੇ ਹਰ ਵੇਲੇ ਕਲਾ ਦੀਆਂ ਰੌਣਕਾਂ ਲੱਗੀਆਂ ਰਹਿੰਦੀਆਂ ਹਨ। ਪੰਜਾਬ ਦੇ ਵੱਖ-ਵੱਖ ਕੋਨਿਆਂ ਤੋਂ ਆਏ ਨਾਮਵਰ ਗਾਇਕ, ਸਥਾਪਿਤ ਅਦਾਕਾਰ, ਲੇਖਕ, ਸੰਗੀਤਕਾਰ ਅਤੇ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਪ੍ਰਸ਼ੰਸਕ ਉੱਥੇ ਆਪਣੀ ਹਾਜ਼ਰੀ ਲਗਵਾਉਂਦੇ ਹਨ। ਸਭ ਤੋਂ ਅਹਿਮ ਅਤੇ ਸ਼ਲਾਘਾਯੋਗ ਗੱਲ ਇਹ ਹੈ ਕਿ ਇਸ ਜੋੜੀ ਦੀ ਨਿੱਜੀ ਦੇਖ-ਰੇਖ, ਸਰਪ੍ਰਸਤੀ ਅਤੇ ਮਾਰਗਦਰਸ਼ਨ ਹੇਠ ਅਣਗਿਣਤ ਕਲਾਕਾਰ ਆਪਣੀਆਂ ਆਡੀਓ ਅਤੇ ਵੀਡੀਓ ਰਿਕਾਰਡਿੰਗਾਂ ਕਰਵਾਉਂਦੇ ਹਨ। ਗੁਰਪ੍ਰੀਤ ਸਿੰਘ ਅਤੇ ਪ੍ਰਭਪ੍ਰੀਤ ਸਿੰਘ ਨਾ ਸਿਰਫ਼ ਖ਼ੂਬਸੂਰਤ ਅਦਾਕਾਰ ਹਨ, ਬਲਕਿ ਉਹ ਕਲਾ ਦੀ ਬਾਰੀਕੀ ਅਤੇ ਲੋਕ-ਮਾਨਸਿਕਤਾ ਨੂੰ ਸਮਝਣ ਵਾਲੇ ਉੱਚ ਕੋਟੀ ਦੇ ਪਾਰਖੂ ਵੀ ਹਨ। ਜਦੋਂ ਕੋਈ ਨਵਾਂ ਕਲਾਕਾਰ ਜਾਂ ਗਾਇਕ ਉਹਨਾਂ ਦੇ ਦਫ਼ਤਰ ਦੀ ਦਹਿਲੀਜ਼ ਲੰਘਦਾ ਹੈ ਤਾਂ ਉਹ ਉਸ ਨੂੰ ਇੱਕ ਉਸਤਾਦ ਅਤੇ ਮਾਪਿਆਂ ਵਾਂਗ ਪਿਆਰ ਦਿੰਦੇ ਹਨ, ਉਸ ਦੀ ਪ੍ਰਤਿਭਾ ਨੂੰ ਤਰਾਸ਼ਦੇ ਹਨ ਅਤੇ ਉਸ ਨੂੰ ਇੰਡਸਟਰੀ ਦੇ ਹਾਣ ਦਾ ਬਣਾਉਂਦੇ ਹਨ।

**ਗੁੰਮਨਾਮ ਚਿਹਰਿਆਂ ਦੇ ਤਕਦੀਰ-ਬਦਲੂ; ਇੱਕ ਅਦਿੱਖ ਪਰਉਪਕਾਰ** : ਪੰਜਾਬੀ ਮਨੋਰੰਜਨ ਉਦਯੋਗ ਵਿੱਚ ਸ਼ਾਇਦ ਹੀ ਕੋਈ ਅਜਿਹੀ ਸ਼ਖ਼ਸੀਅਤ ਹੋਵੇਗੀ ਜੋ ਇਹ ਹਿਸਾਬ ਲਗਾ ਸਕੇ ਕਿ 'ਸ਼ੁਗਲੀ ਜੁਗਲੀ' ਨੇ ਹੁਣ ਤੱਕ ਕਿੰਨੇ ਗੁੰਮਨਾਮ ਚਿਹਰਿਆਂ ਨੂੰ ਸਫ਼ਲਤਾ ਦੇ ਅਸਮਾਨ 'ਤੇ ਚਮਕਦੇ ਸਿਤਾਰੇ ਬਣਾ ਦਿੱਤਾ ਹੈ। ਇਹ ਜੋੜੀ ਕਿਸੇ 'ਪਾਰਸ' ਪੱਥਰ ਵਰਗੀ ਹੈ, ਜਿਸ ਨੇ ਜਿਸ ਗੁੰਮਨਾਮ ਕੋਲੇ ਨੂੰ ਵੀ ਛੋਹਿਆ, ਉਸ ਨੂੰ ਕੋਹਿਨੂਰ ਹੀਰਾ ਬਣਾ ਦਿੱਤਾ। ਅੱਜ ਪੰਜਾਬੀ ਸੰਗੀਤ, ਸਿਨੇਮਾ ਅਤੇ ਰੰਗਮੰਚ ਵਿੱਚ ਅਨੇਕਾਂ ਅਜਿਹੇ ਨਾਮਵਰ ਗਾਇਕ ਅਤੇ ਕਲਾਕਾਰ ਬੁਲੰਦੀਆਂ 'ਤੇ ਬੈਠੇ ਹਨ, ਜਿਨ੍ਹਾਂ ਦੇ ਸ਼ੁਰੂਆਤੀ ਸੰਘਰਸ਼ ਦੇ ਦਿਨਾਂ ਵਿੱਚ ਇਸ ਜੋੜੀ ਨੇ ਨਿਰਸਵਾਰਥ ਹੋ ਕੇ ਬਾਂਹ ਫੜੀ ਸੀ। ਉਹਨਾਂ ਦੀ ਸਭ ਤੋਂ ਵੱਡੀ ਇਨਸਾਨੀ ਖ਼ੂਬੀ ਇਹ ਹੈ ਕਿ ਉਹਨਾਂ ਨੇ ਕਦੇ ਵੀ ਆਪਣੇ ਇਸ ਪਰਉਪਕਾਰ ਦਾ ਢੰਡੋਰਾ ਨਹੀਂ ਪਿੱਟਿਆ। ਬਿਨਾਂ ਕਿਸੇ ਆਰਥਿਕ ਜਾਂ ਨਿੱਜੀ ਸਵਾਰਥ ਦੇ, ਨਵੀਂ ਪ੍ਰਤਿਭਾ ਦੀ ਮਦਦ ਕਰਨਾ, ਉਹਨਾਂ ਨੂੰ ਆਪਣੇ ਪੱਧਰ 'ਤੇ ਮੰਚ ਅਤੇ ਮੌਕੇ ਮੁਹੱਈਆ ਕਰਵਾਉਣਾ ਅਤੇ ਉਹਨਾਂ ਦੇ ਸੁਪਨਿਆਂ ਨੂੰ ਪਰਵਾਜ਼ ਦੇਣੀ ਇਹਨਾਂ ਦੇ ਸੁਭਾਅ ਦਾ ਸਭ ਤੋਂ ਉੱਤਮ ਹਿੱਸਾ ਰਿਹਾ ਹੈ। ਅੱਜ ਜਦੋਂ ਉਹ ਕਲਾਕਾਰ ਦੇਸ਼ਾਂ-ਵਿਦੇਸ਼ਾਂ ਵਿੱਚ ਪੰਜਾਬ ਦਾ ਨਾਮ ਰੌਸ਼ਨ ਕਰਦੇ ਹਨ, ਤਾਂ ਉਹਨਾਂ ਦੀ ਸਫ਼ਲਤਾ ਦੀ ਨੀਂਹ ਵਿੱਚ 'ਸ਼ੁਗਲੀ ਜੁਗਲੀ' ਦੀ ਮਿਹਨਤ ਅਤੇ ਦੂਰਅੰਦੇਸ਼ੀ ਸਾਫ਼ ਨਜ਼ਰ ਆਉਂਦੀ ਹੈ।

**ਸਫ਼ਲਤਾ ਦੇ ਅੰਬਰ 'ਤੇ ਉੱਡਦੇ ਹੋਏ ਵੀ ਜ਼ਮੀਨ ਨਾਲ ਜੁੜੇ ਇਨਸਾਨ** : ਅਕਸਰ ਦੇਖਿਆ ਜਾਂਦਾ ਹੈ ਕਿ ਜਦੋਂ ਕਿਸੇ ਕਲਾਕਾਰ ਨੂੰ ਥੋੜ੍ਹੀ ਜਿਹੀ ਵੀ ਪ੍ਰਸਿੱਧੀ ਮਿਲਦੀ ਹੈ, ਤਾਂ ਹੰਕਾਰ ਉਸ ਦੇ ਸੁਭਾਅ ਦਾ ਹਿੱਸਾ ਬਣ ਜਾਂਦਾ ਹੈ। ਪਰ ਗੁਰਪ੍ਰੀਤ ਸਿੰਘ ਅਤੇ ਪ੍ਰਭਪ੍ਰੀਤ ਸਿੰਘ ਇਸ ਦੇ ਬਿਲਕੁਲ ਉਲਟ ਹਨ। ਅਥਾਹ ਸ਼ੋਹਰਤ, ਦੇਸ਼ਾਂ-ਵਿਦੇਸ਼ਾਂ ਵਿੱਚ ਮਿਲੇ ਅਣਗਿਣਤ ਮਾਣ-ਸਨਮਾਨ ਅਤੇ ਕਰੋੜਾਂ ਪ੍ਰਸ਼ੰਸਕਾਂ ਦਾ ਪਿਆਰ ਹਾਸਲ ਕਰਨ ਦੇ ਬਾਵਜੂਦ ਉਹਨਾਂ ਦੀ ਸਾਦਗੀ ਅਤੇ ਨਿਮਰਤਾ ਮਿਸਾਲੀ ਹੈ। ਉਹ ਅੱਜ ਵੀ ਉਨੇ ਹੀ ਸਹਿਜ, ਨਿਰਮਲ ਅਤੇ ਹਲੀਮੀ ਵਾਲੇ ਇਨਸਾਨ ਹਨ, ਜਿੰਨੇ ਤਿੰਨ ਦਹਾਕੇ ਪਹਿਲਾਂ ਸਨ। ਚਾਹੇ ਕੋਈ ਬਹੁਤ ਵੱਡੀ ਰਾਜਨੀਤਿਕ-ਸਮਾਜਿਕ ਸ਼ਖ਼ਸੀਅਤ ਹੋਵੇ ਜਾਂ ਫਿਰ ਪਿੰਡ ਦਾ ਕੋਈ ਸਧਾਰਨ ਮਜ਼ਦੂਰ ਉਹ ਹਰ ਇੱਕ ਨੂੰ ਉਸੇ ਨਿੱਘ, ਸਤਿਕਾਰ ਅਤੇ ਆਪਣੀ ਚਿਰ-ਪਰਿਚਿਤ ਮੁਸਕਰਾਹਟ ਨਾਲ ਗਲਵਕੜੀ ਪਾ ਕੇ ਮਿਲਦੇ ਹਨ।

**ਪੁਰਾਣੀਆਂ ਯਾਦਾਂ ਦਾ ਸਾਂਝਾ ਸਫ਼ਰ ਅਤੇ ਅਕਾਲ ਪੁਰਖ ਅੱਗੇ ਅਰਦਾਸ** : ਅੱਜ ਚੜ੍ਹਦੀਕਲਾ ਦੇ ਪਟਿਆਲਾ ਸਥਿਤ ਮੁੱਖ ਦਫ਼ਤਰ ਵਿਖੇ ਹੋਈ ਇਹ ਮੁਲਾਕਾਤ ਮੇਰੇ ਲਈ ਸਿਰਫ਼ ਇੱਕ ਰਸਮੀ ਮੁਲਾਕਾਤ ਨਹੀਂ ਸੀ, ਸਗੋਂ ਇਹ ਮੇਰੀ ਜ਼ਿੰਦਗੀ ਦੇ ਸਭ ਤੋਂ ਖ਼ੂਬਸੂਰਤ ਅਧਿਆਏ ਦਾ ਦੁਹਰਾਅ ਸੀ। ਅਸੀਂ ਇੱਕ ਸਾਥ ਬੈਠ ਕੇ ਬੀਤੇ ਸਮੇਂ ਦੇ ਸੰਘਰਸ਼ਾਂ, ਸਾਂਝੀਆਂ ਕਾਮਯਾਬੀਆਂ, ਸਰਕਾਰੀ ਸੇਵਾ ਦੇ ਨਾਲ-ਨਾਲ ਕਲਾ ਦੇ ਖੇਤਰ ਵਿੱਚ ਕੀਤੇ ਵੱਡੇ ਸੰਘਰਸ਼ਾਂ, ਰੰਗਮੰਚ ਦੇ ਪੁਰਾਣੇ ਦਿਨਾਂ ਅਤੇ ਪੰਜਾਬੀ ਮੀਡੀਆ ਤੇ ਕਲਾ ਜਗਤ ਦੇ ਬਦਲਦੇ ਰੂਪਾਂਤਰਣ ਬਾਰੇ ਬੇਹੱਦ ਸਾਰਥਕ ਅਤੇ ਭਾਵੁਕ ਗੱਲਾਂ ਕੀਤੀਆਂ। ਇਹ ਮਿਲਣੀ ਮੇਰੀ ਦੋਸਤੀ ਦੇ ਉਸ ਅਟੁੱਟ ਰਿਸ਼ਤੇ ਦੀ ਗਵਾਹ ਬਣੀ, ਜੋ ਵਕਤ ਦੇ ਹਰ ਥਪੇੜੇ ਨੂੰ ਸਹਿੰਦਾ ਹੋਇਆ ਅੱਜ ਹੋਰ ਵੀ ਮਜ਼ਬੂਤ ਹੋ ਚੁੱਕਾ ਹੈ। ਮੈਂ ਇੱਕ ਸੁਤੰਤਰ ਲੇਖਕ, ਸਮਾਜਿਕ ਚਿੰਤਕ ਅਤੇ ਉਹਨਾਂ ਦੇ ਇੱਕ ਸੱਚੇ ਮਿੱਤਰ ਵਜੋਂ, ਅਕਾਲ ਪੁਰਖ ਵਾਹਿਗੁਰੂ ਦੇ ਚਰਨਾਂ ਵਿੱਚ ਕੋਟਿ-ਕੋਟਿ ਅਰਦਾਸ ਕਰਦਾ ਹਾਂ ਕਿ ਮੇਰੇ ਬਹੁਤ ਹੀ ਪਿਆਰੇ ਅਤੇ ਖ਼ਾਸ ਮਿੱਤਰ 'ਸ਼ੁਗਲੀ ਜੁਗਲੀ' (ਗੁਰਪ੍ਰੀਤ ਸਿੰਘ ਅਤੇ ਪ੍ਰਭਪ੍ਰੀਤ ਸਿੰਘ) ਦੀ ਇਹ ਅਦੁੱਤੀ ਜੋੜੀ ਹਮੇਸ਼ਾ ਚੜ੍ਹਦੀਕਲਾ ਵਿੱਚ ਰਹੇ, ਤੰਦਰੁਸਤ ਰਹੇ ਅਤੇ ਲੰਮੀ ਉਮਰ ਮਾਣੇ। ਪੰਜਾਬ, ਪੰਜਾਬੀਅਤ, ਸਾਫ਼-ਸੁਥਰੀ ਕਾਮੇਡੀ ਅਤੇ ਮਾਂ-ਬੋਲੀ ਦੀ ਸੇਵਾ ਵਿੱਚ ਪਾਇਆ ਗਿਆ ਉਹਨਾਂ ਦਾ ਇਹ ਇਤਿਹਾਸਕ ਯੋਗਦਾਨ ਆਉਣ ਵਾਲੀਆਂ ਪੀੜ੍ਹੀਆਂ ਲਈ ਹਮੇਸ਼ਾ ਇੱਕ ਪ੍ਰੇਰਨਾਦਾਇਕ ਮਾਰਗਦਰਸ਼ਕ ਬਣਿਆ ਰਹੇਗਾ। ਰੱਬ ਕਰੇ, ਸਾਡੀ ਦੋਸਤੀ ਦੀ ਇਹ ਮਹਿਕ ਅਤੇ ਉਹਨਾਂ ਦੇ ਹਾਸਿਆਂ ਦੀ ਇਹ ਸਾਂਝ ਇੰਝ ਹੀ ਦੁਨੀਆ ਭਰ ਵਿੱਚ ਮੁਸਕਰਾਹਟਾਂ ਵੰਡਦੀ ਰਹੇ।




ਸਾਲ 2012 ਦੀ ਗੱਲ ਹੈ। ਬਰਤਾਨਵੀ ਰਾਜਨੀਤੀ ਵਿੱਚ ਇੱਕ ਲੈਟਰ ਬੰਬ ਧਮਾਕਾ ਹੋਇਆ। ਜਦੋਂ 30 ਸਾਲ ਪੁਰਾਣੇ ਦਸਤਾਵੇਜ਼ਾਂ ਨੂੰ ਡੀਕਲਾਸੀਫਾਈਡ ਕੀਤਾ ਗਿਆ ਤਾਂ ਇੱਕ ਪੁਰਾਣਾ ਪੱਤਰ ਮਿਲਿਆ। ਜਿਸ ਨੂੰ 1984 ਵਿੱਚ ਬ੍ਰਿਟਿਸ਼ ਵਿਦੇਸ਼ ਸਕੱਤਰ ਜਿਓਫਰੀ ਹੋਵ ਨੇ ਤਤਕਾਲੀ ਗ੍ਰਹਿ ਸਕੱਤਰ ਲਿਓਨ ਬ੍ਰਿਟਨ ਨੂੰ ਲਿਖਿਆ ਸੀ। ਇਸ ਪੱਤਰ ਵਿੱਚ ਖੁਲਾਸਾ ਹੋਇਆ ਹੈ ਕਿ ਮਾਰਗਰੇਟ ਥੈਚਰ ਨੇ 1984 ਵਿੱਚ ਸਾਕਾ ਨੀਲਾ ਤਾਰਾ ਦੌਰਾਨ ਇੰਦਰਾ ਸਰਕਾਰ ਦੀ ਮਦਦ ਕੀਤੀ ਸੀ।

ਪੱਤਰ ਵਿੱਚ ਹਰਿਮੰਦਰ ਸਾਹਿਬ ਵਿੱਚ ਫੌਜੀ ਕਾਰਵਾਈ ਦੀ ਪੂਰੀ ਯੋਜਨਾ ਸੀ। ਜਿਸ ਨੂੰ ਯੂ.ਕੇ. ਦੀ ਇਲੀਟ ਕਮਾਂਡੋ ਫੋਰਸ, ਸਪੈਸ਼ਲ ਏਅਰ ਸਰਵਿਸ (ਐਸ.ਏ.ਐਸ.) ਦੇ ਇੱਕ ਅਧਿਕਾਰੀ ਨੇ ਤਿਆਰ ਕੀਤਾ ਸੀ। ਜਦੋਂ ਇਹ ਖ਼ਬਰ ਸਾਹਮਣੇ ਆਈ ਤਾਂ ਲੰਡਨ ਵਿਚ ਰਹਿੰਦੇ ਸਿੱਖ ਗ਼ੁੱਸੇ ਵਿੱਚ ਆ ਗਏ। ਮਾਮਲਾ ਇੰਨਾ ਵੱਧ ਗਿਆ ਕਿ ਪ੍ਰਧਾਨ ਮੰਤਰੀ ਡੇਵਿਡ ਕੈਮਰਨ ਨੂੰ ਜਾਂਚ ਕਰਨੀ ਪਈ। ਜਾਂਚ ਤੋਂ ਬਾਅਦ ਜੋ ਸਾਹਮਣੇ ਆਇਆ ਉਹ ਓਪਰੇਸ਼ਨ ਸਾਕਾ ਨੀਲਾ ਤਾਰਾ ਤੋਂ ਵੱਖਰਾ ਸੀ। ਪੱਤਰ ਵਿੱਚ ਹਰਿਮੰਦਰ ਸਾਹਿਬ ਬਾਰੇ ਜਿਸ ਓਪਰੇਸ਼ਨ ਦਾ ਜ਼ਿਕਰ ਕੀਤਾ ਗਿਆ ਸੀ, ਉਸ ਨੂੰ ਆਪਰੇਸ਼ਨ ਸਨਡਾਊਨ ਕਿਹਾ ਗਿਆ ਸੀ ਅਤੇ ਇਹ ਆਪ੍ਰੇਸ਼ਨ ਬਲਿਊ ਸਟਾਰ ਤੋਂ ਬਹੁਤ ਪਹਿਲਾਂ ਦੀ ਯੋਜਨਾ ਸੀ।

ਜੂਨ 1984 ਵਿੱਚ ਸਾਕਾ ਨੀਲਾ ਤਾਰਾ ਦੌਰਾਨ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਸ਼ਹੀਦ ਕੀਤਾ ਗਿਆ ਸੀ। ਪਰ ਇਸ ਤੋਂ ਪਹਿਲਾਂ ਅਸੀਂ ਤੁਹਾਨੂੰ ਆਪ੍ਰੇਸ਼ਨ ਸਨ ਡਾਊਨ ਦੀ ਕਹਾਣੀ ਦੱਸਦੇ ਹਾਂ। ਜਿਸਦਾ ਉਦੇਸ਼ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਅਗਵਾ ਕਰਨਾ ਸੀ। ਇਹ ਓਪਰੇਸ਼ਨ ਕੀ ਸੀ?

### ਇੰਦਰਾ ਅਤੇ ਕਾਓ ਦੀ ਮੁਲਾਕਾਤ

ਸਾਲ 1984. ਅਪ੍ਰੈਲ ਦਾ ਮਹੀਨਾ। ਇੱਕ ਚਿੱਟੇ ਰੰਗ ਦੀ ਅੰਬੈਸਡਰ ਕਾਰ ਲੁਟੀਅਨਜ਼ ਦਿੱਲੀ ਵਿੱਚ 1 ਸਫਦਰਜੰਗ ਰੋਡ 'ਤੇ ਰੁਕੀ। ਇਹ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਰਿਹਾਇਸ਼ ਹੈ। ਚਸ਼ਮਾ ਪਹਿਨਿਆ ਹੋਇਆ ਇੱਕ ਲੰਬਾ ਆਦਮੀ ਅੰਬੈਸਡਰ ਤੋਂ ਬਾਹਰ ਆਉਂਦਾ ਹੈ।

ਆਂਧਰਾ ਪ੍ਰਦੇਸ਼ ਕੇਡਰ ਦੇ ਰਾਮ ਟੇਕਚੰਦ ਨਾਗਰਾਨੀ ਉਦੋਂ ਰਾਅ ਵਿੱਚ ਡਾਇਰੈਕਟਰ ਜਨਰਲ ਸਕਿਓਰਿਟੀ ਯਾਨੀ ਡੀਜੀਐਸ ਹੁੰਦੇ ਸਨ। ਉਸਦੇ ਕੰਟਰੋਲ ਵਿੱਚ ਇੱਕ ਛੋਟੀ ਹਵਾਈ ਸੈਨਾ, ਅਰਧ ਸੈਨਿਕ ਬਲਾਂ ਦੀਆਂ ਦੋ ਛੋਟੀਆਂ ਟੁਕੜੀਆਂ ਅਤੇ ਵਿਸ਼ੇਸ਼ ਸੇਵਾ ਬਿਊਰੋ ਸੀ। ਇਸ ਤੋਂ ਇਲਾਵਾ ਤਿੰਨ ਸਾਲ ਪਹਿਲਾਂ ਡੀਜੀਐਸ ਨੇ ਇਕ ਹੋਰ ਯੂਨਿਟ ਬਣਾਈ ਸੀ। ਸਪੈਸ਼ਲ ਗਰੁੱਪ ਜਾਂ ਐਸ.ਜੀ. ਜੋ ਵਿਸ਼ੇਸ਼ ਤੌਰ 'ਤੇ ਪੰਜਾਬ ਅਤੇ ਆਸਾਮ 'ਚ ਅੱਤਵਾਦੀ ਵਿਰੋਧੀ ਮਿਸ਼ਨ ਲਈ ਤਿਆਰ ਕੀਤਾ ਗਿਆ ਸੀ। ਪਿਛਲੇ ਦੋ ਮਹੀਨਿਆਂ ਤੋਂ, ਐਸਜੀ ਦੀ ਟੁਕੜੀ ਦਿੱਲੀ ਨੇੜੇ ਇੱਕ ਗੁਪਤ ਅੱਡੇ 'ਤੇ ਮਿਸ਼ਨ ਦੀ ਤਿਆਰੀ ਕਰ ਰਹੀ ਸੀ।

ਹਾਲਾਂਕਿ, ਪ੍ਰਧਾਨ ਮੰਤਰੀ ਇੰਦਰਾ ਦੇ ਘਰ ਪਹੁੰਚਣ ਤੋਂ ਬਾਅਦ, ਡੀਜੀਐਸ ਉਨ੍ਹਾਂ ਦੇ ਲਿਵਿੰਗ ਰੂਮ ਵਿੱਚ ਦਾਖਲ ਹੋਏ। ਜਿੱਥੇ ਇੰਦਰਾ ਇੱਕ ਹੋਰ ਵਿਅਕਤੀ ਨਾਲ ਗੰਭੀਰ ਮੁਦਰਾ ਵਿੱਚ ਬੈਠੀ ਸੀ। ਕਾਲੇ ਚਸ਼ਮੇ ਵਾਲਾ ਇਹ ਵਿਅਕਤੀ ਰਾਮੇਸ਼ਵਰ ਕਾਓ ਸੀ। ਰਾਅ ਦੇ ਸੰਸਥਾਪਕ। ਐਮਰਜੈਂਸੀ ਤੋਂ ਬਾਅਦ ਜਦੋਂ ਜਨਤਾ ਪਾਰਟੀ ਦੀ ਸਰਕਾਰ ਸੱਤਾ ਵਿੱਚ ਆਈ ਤਾਂ ਕਾਓ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਪਰ ਫਿਰ 1981 ਵਿੱਚ ਜਦੋਂ ਇੰਦਰਾ ਵਾਪਿਸ ਆਈ ਤਾਂ ਕਾਓ ਵੀ ਉਨ੍ਹਾਂ ਦੇ ਸਲਾਹਕਾਰ ਵਜੋਂ ਉਨ੍ਹਾਂ ਨਾਲ ਜੁੜ ਗਈ। ਉਸ ਸਮੇਂ ਪੰਜਾਬ ਵਿਚ ਖਾਲਿਸਤਾਨੀ ਲਹਿਰ ਆਪਣੇ ਸਿਖਰ 'ਤੇ ਸੀ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਸਰਪ੍ਰਸਤੀ ਹੇਠ ਕੱਟੜਪੰਥੀ ਸਿੱਖ ਜਥੇਬੰਦੀਆਂ ਨੇ ਸਰਕਾਰ ਵਿਰੁੱਧ ਬਗਾਵਤ ਦਾ ਐਲਾਨ ਕਰ ਦਿੱਤਾ ਸੀ। 1981 ਤੋਂ ਸੰਤ ਜਰਨੈਲ ਸਿੰਘ ਆਪਣੇ ਪੈਰੋਕਾਰਾਂ ਨਾਲ ਹਰਿਮੰਦਰ ਸਾਹਿਬ ਵਿੱਚ ਡੇਰਾ ਲਾ ਰਿਹਾ ਸੀ।

ਪੰਜਾਬ ਦਾ ਮਾਹੌਲ ਇੰਦਰਾ ਸਰਕਾਰ ਲਈ ਵੱਡੀ ਸਿਰਦਰਦੀ ਸਾਬਤ ਹੋ ਰਿਹਾ ਸੀ। ਉਸ ਦਿਨ, ਡੀਜੀਐਸ ਨੇ ਪ੍ਰਧਾਨ ਮੰਤਰੀ ਨੂੰ ਹਰਿਮੰਦਰ ਸਾਹਿਬ ਤੋਂ ਖਾੜਕੂਆਂ ਨੂੰ ਬਾਹਰ ਕੱਢਣ ਲਈ ਸਰਜੀਕਲ ਮਿਸ਼ਨ ਦੀ ਸਲਾਹ ਦਿੱਤੀ। ਜਿਸਦਾ ਨਾਮ ਸੀ, ਆਪਰੇਸ਼ਨ 'ਸਨਡਾਊਨ'।

### ਭਿੰਡਰਾਂਵਾਲੇ ਨੂੰ ਹੈਲੀਕਾਪਟਰ ਤੋਂ ਅਗਵਾ ਕਰਨ ਦੀ ਯੋਜਨਾ

ਡੀਜੀਐਸ ਨੇ ਇੰਦਰਾ ਨੂੰ ਦੱਸਿਆ ਕਿ ਇਹ ਇੱਕ 'ਸਨੈਚ ਐਂਡ ਗ੍ਰੈਬ' ਕਾਰਵਾਈ ਹੋਵੇਗੀ। ਹੈਲੀਕਾਪਟਰ ਰਾਹੀਂ ਕਮਾਂਡੋ ਹਰਿਮੰਦਰ ਸਾਹਿਬ ਨੇੜੇ ਸਥਿਤ 'ਗੁਰੂ ਨਾਨਕ ਨਿਵਾਸ' ਗੈਸਟ ਹਾਊਸ ਵਿੱਚ ਦਾਖ਼ਲ ਹੋਣਗੇ ਅਤੇ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਅਗਵਾ ਕਰਨਗੇ। ਆਪਰੇਸ਼ਨ ਨੂੰ 'ਸਨ ਡਾਊਨ' ਦਾ ਨਾਂ ਦਿੱਤਾ ਗਿਆ ਕਿਉਂਕਿ ਇਹ ਆਪਰੇਸ਼ਨ ਅੱਧੀ ਰਾਤ 12 ਤੋਂ ਬਾਅਦ ਕੀਤਾ ਜਾਣਾ ਸੀ। ਜਦੋਂ ਸੰਤ ਭਿੰਡਰਾਂਵਾਲੇ ਅਤੇ ਉਸਦੇ ਪਹਿਰੇਦਾਰਾਂ ਨੂੰ ਇਸ ਬਾਰੇ ਕੋਈ ਪਤਾ ਨਹੀਂ ਹੋਵੇਗਾ।

ਸਪੈਸ਼ਲ ਗਰੁੱਪ ਦੇ ਕਮਾਂਡੋ ਇਸ ਤੋਂ ਪਹਿਲਾਂ ਵੀ ਹਰਿਮੰਦਰ ਸਾਹਿਬ ਅੰਦਰ ਜਾ ਕੇ ਰੇਕੀ ਕਰਨ ਲਈ ਪੁੱਜੇ ਸਨ। ਇਸ ਦੇ ਲਈ ਉਨ੍ਹਾਂ ਨੇ ਪੱਤਰਕਾਰਾਂ ਅਤੇ ਸ਼ਰਧਾਲੂਆਂ ਦਾ ਭੇਸ ਧਾਰ ਲਿਆ। ਇਸ ਲਈ ਉਸਦੇ ਅੰਦਰ ਪੂਰਾ ਖਾਕਾ ਸੀ। ਅਤੇ ਐਸ.ਜੀ.ਕਮਾਂਡੋਜ਼ ਮਿਸ਼ਨ ਯੋਜਨਾ ਨੂੰ ਪ੍ਰਧਾਨ ਮੰਤਰੀ ਤੱਕ ਪਹੁੰਚਾਉਣ ਤੋਂ ਕਈ ਹਫ਼ਤੇ ਪਹਿਲਾਂ ਆਪਰੇਸ਼ਨ ਦੀ ਤਿਆਰੀ ਵਿੱਚ ਰੁੱਝੇ ਹੋਏ ਸਨ। ਇਸ ਮਿਸ਼ਨ ਦੀ ਰਿਹਰਸਲ ਸਹਾਰਨਪੁਰ ਦੇ ਸਰਸਾਵਾ ਸਥਿਤ ਐਸਜੀ ਬੇਸ 'ਤੇ ਕੀਤੀ ਗਈ। ਫਰਜ਼ੀ ਗੈਸਟ ਹਾਊਸ ਬਣਾਇਆ ਗਿਆ। ਜਿਸ ਵਿੱਚ ਕਮਾਂਡੋ ਦੋ MI-4 ਹੈਲੀਕਾਪਟਰਾਂ ਤੋਂ ਉਤਰਨਗੇ। ਅਤੇ ਸੰਤ ਭਿੰਡਰਾਂਵਾਲੇ ਨੂੰ ਸਿੱਧਾ ਫੜਨ ਦੀ ਕੋਸ਼ਿਸ਼ ਕੀਤੀ ਹੋਵੇਗੀ। ਇਸ ਤੋਂ ਬਾਅਦ ਗਰਾਊਂਡ ਟੀਮ ਦੀ ਮਦਦ ਨਾਲ ਉਸ ਨੂੰ ਅਗਵਾ ਕੀਤਾ ਜਾਵੇਗਾ। ਪਰ ਇਸ ਆਪ੍ਰੇਸ਼ਨ ਵਿੱਚ ਇਸ ਗੱਲ ਦੀ ਪੂਰੀ ਸੰਭਾਵਨਾ ਸੀ ਕਿ ਐਸਜੀ ਨੂੰ ਸੰਤ ਭਿੰਡਰਾਂਵਾਲਿਆਂ ਦੇ ਸਮਰਥਕਾਂ ਨਾਲ ਮੁਸੀਬਤ ਵਿੱਚ ਫਸਣਾ ਪਵੇਗਾ। ਗੋਲੀਬਾਰੀ 'ਚ ਲੋਕਾਂ ਦੀ ਜਾਨ ਜਾਣ ਦਾ ਖਦਸ਼ਾ ਸੀ।

ਜਦੋਂ ਡੀਜੀਐਸ ਇਸ ਯੋਜਨਾ ਦੀ ਵਿਆਖਿਆ ਕਰ ਰਹੇ ਸਨ ਤਾਂ ਇੰਦਰਾ ਚੁੱਪਚਾਪ ਸਭ ਕੁਝ ਸੁਣ ਰਹੀ ਸੀ। ਅੰਤ ਵਿੱਚ ਉਸਨੇ ਸਿਰਫ਼ ਇੱਕ ਸਵਾਲ ਪੁੱਛਿਆ, 'ਕਿੰਨੇ ਲੋਕ ਜ਼ਖਮੀ ਹੋ ਸਕਦੇ ਹਨ?'

20% ਕਮਾਂਡੋ ਫੋਰਸ ਅਤੇ ਦੋਵੇਂ ਹੈਲੀਕਾਪਟਰ', ਡੀਜੀਐਸ ਨੇ ਜਵਾਬ ਦਿੱਤਾ। ਇੰਦਰਾ ਦਾ ਚਿਹਰਾ ਹੋਰ ਗੰਭੀਰ ਹੋ ਗਿਆ। ਸਵਾਲ ਤੋਂ ਉਸਦਾ ਮਤਲਬ ਕੁਝ ਹੋਰ ਸੀ। ਉਸਨੇ ਇੱਕ ਹੋਰ ਸਵਾਲ ਕੀਤਾ, 'ਕਿੰਨੇ ਆਮ ਲੋਕ ਮਰ ਸਕਦੇ ਹਨ?'

ਇਸ ਵਾਰ ਡੀਜੀਐਸ ਕੋਲ ਕੋਈ ਜਵਾਬ ਨਹੀਂ ਸੀ। ਉਸਨੇ ਕਾਓ ਵੱਲ ਦੇਖਿਆ। ਉਸ ਕੋਲ ਵੀ ਇਸ ਸਵਾਲ ਦਾ ਕੋਈ ਜਵਾਬ ਨਹੀਂ ਸੀ। ਅੰਤ ਵਿੱਚ ਜਾਨੀ ਨੁਕਸਾਨ ਦੇ ਖਤਰੇ ਨੂੰ ਦੇਖਦੇ ਹੋਏ, ਇੰਦਰਾ ਨੇ ਆਪ੍ਰੇਸ਼ਨ ਲਈ ਇਨਕਾਰ ਕਰ ਦਿੱਤਾ ਅਤੇ ਓਪਰੇਸ਼ਨ ਸਨਡਾਊਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਖਤਮ ਹੋ ਗਿਆ।

### ਲੰਡਨ 'ਚ ਆਪਰੇਸ਼ਨ ਦਾ ਖੁਲਾਸਾ ਹੋਇਆ ਹੈ

ਇਸ ਘਟਨਾ ਤੋਂ ਠੀਕ ਦੋ ਮਹੀਨੇ ਬਾਅਦ ਪ੍ਰਧਾਨ ਮੰਤਰੀ ਇੰਦਰਾ ਨੇ ਫੌਜ ਨੂੰ ਹਰਿਮੰਦਰ ਸਾਹਿਬ ਤੋਂ ਖਾੜਕੂਆਂ ਨੂੰ ਬਾਹਰ ਕੱਢਣ ਦਾ ਹੁਕਮ ਦਿੱਤਾ। ਇਸ ਸੰਘਰਸ਼ ਵਿੱਚ ਸੁਰੱਖਿਆ ਬਲਾਂ ਦੇ 83 ਲੋਕ ਅਤੇ 492 ਆਮ ਨਾਗਰਿਕ ਮਾਰੇ ਗਏ ਸਨ। ਇਹ ਸਰਕਾਰੀ ਆਂਕੜੇ ਹਨ ਪਰ ਅਸਲ ਨੁਕਸਾਨ ਇਸ ਤੋਂ ਵੀ ਜ਼ਿਆਦਾ ਹੋਇਆ ਹੈ। ਆਪ੍ਰੇਸ਼ਨ ਬਲੂ ਸਟਾਰ ਭਾਰਤੀ ਇਤਿਹਾਸ ਦਾ

ਸਭ ਤੋਂ ਖੂਨੀ ਹਥਿਆਰਬੰਦ ਸੰਘਰਸ਼ ਸਾਬਤ ਹੋਇਆ। ਫੌਜ ਨੂੰ ਮਸ਼ੀਨ ਗੰਨਾਂ, ਰਾਕੇਟ ਅਤੇ ਅੰਤ ਵਿੱਚ, ਲੋੜ ਪੈਣ 'ਤੇ, ਜੰਗੀ ਟੈਂਕ ਵੀ ਚਲਾਉਣੇ ਪਏ। ਬਲੂ ਸਟਾਰ ਦੇ ਤੂਫਾਨ ਵਿੱਚ, ਆਪਰੇਸ਼ਨ ਸਨ ਡਾਊਨ ਅਤੇ ਇਸ ਦੀਆਂ ਤਿਆਰੀਆਂ ਦੇ ਵੇਰਵੇ ਰਾਅ ਦੇ ਗੁਪਤ ਦਸਤਾਵੇਜ਼ਾਂ ਵਿੱਚ ਦੱਬੇ ਰਹਿ ਗਏ।

ਇਸ ਘਟਨਾ ਦਾ ਜਿੰਨ ਸਾਲ 2012 'ਚ ਬੋਤਲ 'ਚੋਂ ਨਿਕਲਿਆ ਸੀ। ਜਦੋਂ ਇਸ ਕਾਰਵਾਈ ਦਾ ਵੇਰਵਾ ਲੰਡਨ ਦੇ ਕੁਝ ਪੱਤਰਾਂ ਤੋਂ ਸਾਹਮਣੇ ਆਇਆ। ਲੋਕ ਇਹ ਮੰਨ ਰਹੇ ਸਨ ਕਿ ਸਾਕਾ ਨੀਲਾ ਤਾਰਾ ਵਿੱਚ ਬ੍ਰਿਟਿਸ਼ ਇੰਟੈਲੀਜੈਂਸ ਨੇ ਭਾਰਤ ਸਰਕਾਰ ਦੀ ਮਦਦ ਕੀਤੀ ਸੀ। ਪਰ ਰਾਅ ਦੇ ਸੇਵਾਮੁਕਤ ਅਧਿਕਾਰੀ ਇਸ ਮਾਮਲੇ ਵਿੱਚ ਵੱਖਰੀ ਕਹਾਣੀ ਦੱਸਦੇ ਹਨ।

ਦਰਅਸਲ, ਇਸ ਪੂਰੇ ਆਪ੍ਰੇਸ਼ਨ ਪਿੱਛੇ ਕਾਓ ਦਾ ਦਿਮਾਗ ਸੀ। ਉਹ ਬ੍ਰਿਟਿਸ਼ ਇੰਟੈਲੀਜੈਂਸ MI-5 ਵਿੱਚ ਚੰਗੀ ਤਰ੍ਹਾਂ ਜਾਣਿਆ ਜਾਂਦਾ ਸੀ। ਅਤੇ ਉਸ ਦੀ ਬੇਨਤੀ 'ਤੇ, ਐਸਏਐਸ ਅਧਿਕਾਰੀ ਆਪਰੇਸ਼ਨ ਸਨ ਡਾਊਨ ਵਿੱਚ ਮਦਦ ਲਈ ਆਏ ਸਨ। ਬੀ ਰਮਨ, ਜੋ ਰਾਅ ਕਾਊਂਟਰ ਡਿਵੀਜ਼ਨ ਦੇ ਮੁਖੀ ਸਨ, ਆਪਣੀ ਕਿਤਾਬ 'ਦਿ ਕਾਊਬੌਏਜ਼ ਆਫ਼ ਰਾਅ' ਵਿੱਚ ਲਿਖਦੇ ਹਨ ਕਿ ਦਸੰਬਰ 1983 ਵਿੱਚ ਦੋ ਐਮਆਈ-5 ਅਧਿਕਾਰੀਆਂ ਨੇ ਹਰਿਮੰਦਰ ਸਾਹਿਬ ਕੰਪਲੈਕਸ ਦੀ ਰੇਕੀ ਕੀਤੀ ਸੀ। ਫਿਰ ਉਸਨੇ ਯੂਕੇ ਤੋਂ ਇੱਕ ਸੀਨੀਅਰ ਐਸਏਐਸ ਅਧਿਕਾਰੀ ਨੂੰ ਦਿੱਲੀ ਭੇਜਿਆ, ਜਿਸ ਨੇ ਕਾਓ ਨੂੰ ਦੱਸਿਆ ਕਿ ਅਜਿਹਾ ਆਪ੍ਰੇਸ਼ਨ ਸੰਭਵ ਹੈ।

ਇੰਡੀਆ ਟੂਡੇ ਦੇ ਸੀਨੀਅਰ ਪੱਤਰਕਾਰ ਸੰਦੀਪ ਉਨੀਥਨ ਨੇ ਸਾਲ 2014 'ਚ ਇਸ ਪੂਰੇ ਖੁਲਾਸੇ 'ਤੇ ਕਵਰ ਸਟੋਰੀ ਕੀਤੀ ਸੀ। ਉਸ ਅਨੁਸਾਰ ਇੰਦਰਾ ਨੇ ਇਸ ਆਪ੍ਰੇਸ਼ਨ ਲਈ ਨਾਂਹ ਕਰ ਦਿੱਤੀ। ਸ਼ਾਇਦ ਕਾਓ ਇੰਦਰਾ ਦੇ ਫੈਸਲੇ ਨਾਲ ਸਹਿਮਤ ਨਹੀਂ ਸਨ ਪਰ ਉਨ੍ਹਾਂ ਨੇ ਇਸ ਦਾ ਅਸਰ ਆਪਣੇ ਚਿਹਰੇ 'ਤੇ ਨਹੀਂ ਪੈਣ ਦਿੱਤਾ। ਕਿਉਂਕਿ ਕਾਓ ਵੀ ਸਥਿਤੀ ਦੀ ਨਾਜ਼ੁਕਤਾ ਨੂੰ ਸਮਝ ਰਿਹਾ ਸੀ। ਕਈ ਹਫ਼ਤਿਆਂ ਤੋਂ ਉਸਨੂੰ ਵਿਦੇਸ਼ਾਂ ਵਿੱਚ ਰਾਅ ਦੇ ਸਟੇਸ਼ਨ ਮੁਖੀਆਂ ਤੋਂ ਚੇਤਾਵਨੀਆਂ ਮਿਲ ਰਹੀਆਂ ਸਨ ਕਿ ਫੌਜੀ ਕਾਰਵਾਈਆਂ ਦੇ ਗੰਭੀਰ ਨਤੀਜੇ ਨਿਕਲ ਸਕਦੇ ਹਨ। ਜਿਨ੍ਹਾਂ ਦੇਸ਼ਾਂ ਵਿਚ ਸਿੱਖਾਂ ਦੀ ਚੰਗੀ ਆਬਾਦੀ ਸੀ, ਉਨ੍ਹਾਂ ਦੇਸ਼ਾਂ ਵਿਚ ਭਾਰਤ ਪ੍ਰਤੀ ਨਾਰਾਜ਼ਗੀ ਵਧ ਰਹੀ ਸੀ।

ਕਾਓ ਖੁਦ ਕਈ ਮਹੀਨਿਆਂ ਤੋਂ ਵਿਦੇਸ਼ਾਂ ਵਿਚ ਮੌਜੂਦ ਸਿੱਖ ਕੱਟੜਪੰਥੀ ਆਗੂਆਂ ਦੇ ਸੰਪਰਕ ਵਿਚ ਸੀ। ਕਾਓ ਭਿੰਡਰਾਂਵਾਲੇ ਨੂੰ ਹਰਿਮੰਦਰ ਸਾਹਿਬ ਖਾਲੀ ਕਰਨ ਲਈ ਮਨਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਪਰ ਇਸ ਕੋਸ਼ਿਸ਼ ਦਾ ਕੋਈ ਨਤੀਜਾ ਨਹੀਂ ਨਿਕਲਿਆ।

### ਭਿੰਡਰਾਂਵਾਲੇ ਨਾਲ ਸਮਝੌਤਾ ਕਰਨ ਦੀ ਕੋਸ਼ਿਸ਼

ਇਸ ਮੁੱਦੇ ਨੂੰ ਹੱਲ ਕਰਨ ਲਈ ਫੌਜੀ ਕਾਰਵਾਈਆਂ ਤੋਂ ਇਲਾਵਾ ਸਿਆਸੀ ਯਤਨ ਵੀ ਕੀਤੇ ਜਾ ਰਹੇ ਸਨ। ਜਨਵਰੀ 1984 ਤੋਂ ਰਾਜੀਵ ਗਾਂਧੀ ਦੀ ਪਹਿਲਕਦਮੀ 'ਤੇ ਸਰਕਾਰ ਨੇ ਭਿੰਡਰਾਂਵਾਲੇ ਨਾਲ ਗੁਪਤ ਗੱਲਬਾਤ ਸ਼ੁਰੂ ਕਰ ਦਿੱਤੀ ਸੀ। ਪਰ ਚਾਰ ਮਹੀਨਿਆਂ ਤੱਕ ਚੱਲੀ ਗੱਲਬਾਤ ਦਾ ਕੋਈ ਨਤੀਜਾ ਨਹੀਂ ਨਿਕਲਿਆ। ਦੋਵੇਂ ਪਾਸੇ ਲੋਕ ਜੰਗ ਲਈ ਤਿਆਰ ਸਨ।

ਇਹ ਅਪ੍ਰੈਲ ਦੇ ਆਖਰੀ ਮਹੀਨਿਆਂ ਦੀ ਗੱਲ ਹੈ। ਬੀਬੀਸੀ ਦਿੱਲੀ ਬਿਊਰੋ ਦੇ ਸਤੀਸ਼ ਜੈਕਬ ਹਰਿਮੰਦਰ ਸਾਹਿਬ ਵਿਖੇ ਮੌਜੂਦ ਸਨ। ਉਸ ਨੇ ਦੇਖਿਆ ਕਿ ਨਿਰਮਾਣ ਸਮੱਗਰੀ ਨਾਲ ਭਰੇ ਕੁਝ ਟਰੱਕ ਹਰਿਮੰਦਰ ਸਾਹਿਬ ਦੇ ਅੰਦਰ ਜਾ ਰਹੇ ਸਨ। ਉਸਨੇ ਇਹ ਵੀ ਦੇਖਿਆ ਕਿ ਇੱਕ ਪਤਲਾ ਅਤੇ ਦਰਮਿਆਨਾ ਕੱਦ ਵਾਲਾ ਆਦਮੀ ਇਸ ਕੰਮ ਲਈ ਹਦਾਇਤਾਂ ਦੇ ਰਿਹਾ ਸੀ। ਚਿੱਟੇ ਰੰਗ ਦੀ ਸਲਵਾਰ ਕਮੀਜ਼ ਪਹਿਨਣ ਵਾਲਾ ਇਹ ਵਿਅਕਤੀ ਮੇਜਰ ਜਨਰਲ ਸ਼ੁਬੇਗ ਸਿੰਘ ਸੀ। ਸ਼ਾਹਬੇਗ 1971 ਵਿੱਚ ਬੰਗਲਾਦੇਸ਼ ਦੀ ਜੰਗ ਦਾ ਹੀਰੋ ਰਿਹਾ ਸੀ। ਉਸਨੇ ਮੁਕਤੀ ਬਾਹਿਨੀ ਦੇ ਲੜਾਕਿਆਂ ਨੂੰ ਸਿਖਲਾਈ ਦਿੱਤੀ ਸੀ। ਪਰ 1976 ਵਿਚ ਸੇਵਾਮੁਕਤ ਹੋਣ ਤੋਂ ਠੀਕ ਪਹਿਲਾਂ ਉਸ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਾਏ ਗਏ ਸਨ।

ਇਸ ਅਪਮਾਨ ਦਾ ਬਦਲਾ ਲੈਣ ਲਈ ਸੁਬੇਗ ਸਿੰਘ ਭਿੰਡਰਾਂਵਾਲੇ ਦਾ ਫੌਜੀ ਸਲਾਹਕਾਰ ਬਣ ਗਿਆ। ਅਤੇ ਉਨ੍ਹਾਂ ਦੇ ਹੁਕਮਾਂ 'ਤੇ ਅਕਾਲ ਤਖ਼ਤ ਨੂੰ ਗੜ੍ਹ ਬਣਾਇਆ ਗਿਆ। ਮਈ 1984 ਦੇ ਅੰਤ ਵਿਚ ਪੰਜਾਬ ਬਾਰੂਦ ਦੇ ਢੇਰ 'ਤੇ ਖੜ੍ਹਾ ਸੀ। ਅਪ੍ਰੈਲ 1983 ਵਿੱਚ, ਡੀਆਈਜੀ ਅਟਵਾਲ ਦਾ ਹਰਿਮੰਦਰ ਸਾਹਿਬ ਦੇ ਅਹਾਤੇ ਵਿੱਚ ਸ਼ਰੇਆਮ ਕਤਲ ਕਰ ਦਿੱਤਾ ਗਿਆ ਸੀ। ਜਿਸ ਤੋਂ ਬਾਅਦ ਸਥਿਤੀ ਵਿਗੜਦੀ ਦੇਖ ਕੇ ਅਕਤੂਬਰ 1983 ਵਿੱਚ ਸੂਬਾ ਸਰਕਾਰ ਨੂੰ ਭੰਗ ਕਰ ਦਿੱਤਾ ਗਿਆ। ਦਿੱਲੀ ਤੋਂ ਹਜ਼ਾਰਾਂ ਨੀਮ ਫੌਜੀ ਬਲਾਂ ਨੂੰ ਅੰਮ੍ਰਿਤਸਰ ਵਿਚ ਤਾਇਨਾਤ ਕੀਤਾ ਗਿਆ ਸੀ। ਸਮਝੌਤੇ ਦੀ ਇੱਕ ਆਖਰੀ ਕੋਸ਼ਿਸ਼ 11 ਮਈ ਨੂੰ ਕੀਤੀ ਗਈ ਸੀ ਪਰ ਭਿੰਡਰਾਂਵਾਲੇ ਨੇ ਇਸ ਨੂੰ ਵੀ ਰੱਦ ਕਰ ਦਿੱਤਾ ਸੀ।

ਕੁਝ ਦਿਨਾਂ ਬਾਅਦ ਫੌਜ ਮੁਖੀ ਜਨਰਲ ਅਰੁਣ ਕੁਮਾਰ ਵੈਦਿਆ ਨੇ ਪ੍ਰਧਾਨ ਮੰਤਰੀ ਦਫਤਰ ਆਉਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਮੀਟਿੰਗਾਂ ਵਿੱਚ ਇੰਦਰਾ ਦੇ ਨਿੱਜੀ ਸਕੱਤਰ ਆਰ ਕੇ ਧਵਨ ਮੌਜੂਦ ਸਨ। 'ਇੰਡੀਆ ਟੂਡੇ' ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਜਨਰਲ ਵੈਦਿਆ ਨੇ ਇੰਦਰਾ ਨਾਲ ਵਾਅਦਾ ਕੀਤਾ ਸੀ ਕਿ ਹਰਿਮੰਦਰ ਸਾਹਿਬ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਜਾਵੇਗਾ ਅਤੇ ਆਮ ਲੋਕਾਂ ਦੀ ਜਾਨ ਨਹੀਂ ਜਾਵੇਗੀ।

2 ਜੂਨ ਤੱਕ ਸਰਕਾਰ ਅਕਾਲੀ ਦਲ ਰਾਹੀਂ ਗੱਲਬਾਤ ਦੀ ਕੋਸ਼ਿਸ਼ ਕਰਦੀ ਰਹੀ। ਪਰ ਜਦੋਂ ਸਾਰੇ ਰਸਤੇ ਬੰਦ ਹੋ ਗਏ ਤਾਂ ਇੰਦਰਾ ਗਾਂਧੀ ਨੇ ਸਾਕਾ ਨੀਲਾ ਤਾਰਾ ਨੂੰ ਹਰੀ ਝੰਡੀ ਦੇ ਦਿੱਤੀ। ਇਹ ਕਾਰਵਾਈ 5 ਤਰੀਕ ਨੂੰ ਸ਼ੁਰੂ ਹੋਈ ਅਤੇ 10 ਤਰੀਕ ਤੱਕ ਜਾਰੀ ਰਹੀ। ਸੈਂਕੜੇ ਲੋਕਾਂ ਦੀ ਜਾਨ ਚਲੀ ਗਈ। ਸਿਰਫ਼ ਇੱਕ ਸਵਾਲ ਪਿੱਛੇ ਰਹਿ ਗਿਆ? ਜੇਕਰ ਆਪ੍ਰੇਸ਼ਨ ਸਨ ਡਾਊਨ ਨੂੰ ਹਰੀ ਝੰਡੀ ਦਿੱਤੀ ਜਾਂਦੀ ਤਾਂ ਸੈਂਕੜੇ ਜਾਨਾਂ ਬਚਾਈਆਂ ਜਾ ਸਕਦੀਆਂ ਸਨ। ਪਰ ਇਹ ਗੱਲ ਫਿਰ 'ਕੀ ਹੋਇਆ ਜੇ ਇਸ ਤਰ੍ਹਾਂ ਹੋਇਆ' ਦੇ ਡੱਬੇ ਵਿਚ ਜਮਾਂ ਹੋ ਜਾਂਦਾ ਹੈ।

ਬਾਕੀ ਸਫ਼ਾ 7 'ਤੇ




ਜੂਨ 1984 ਦੇ ਸਾਕਾ ਨੀਲਾ ਤਾਰਾ ਦੀ ਮੰਦਭਾਗੀ ਘਟਨਾ ਤੋਂ ਐਨ ਪਹਿਲਾਂ ਸ਼ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਵੱਡੇ ਵੱਡੇ ਗੁਮਰਾਹਕੁਨ ਬਿਆਨ ਦਾਗੇ ਕਿ ਜੇਕਰ ਹਰਿਮੰਦਰ ਸਾਹਿਬ ਕੰਪਲੈਕਸ ਅੰਦਰ ਫ਼ੌਜ ਦਾਖਲ ਹੋਈ ਤਾਂ ਸਾਡੀਆਂ ਲਾਸ਼ਾਂ ਤੋਂ ਹੋ ਕੇ ਹੀ ਅੰਦਰ ਜਾ ਸਕੇਗੀ,ਜਦੋਂ ਕਿ ਸਚਾਈ ਇਹ ਸੀ ਕਿ ਸਿੱਖ ਲੀਡਰਾਂ ਦੀ ਖਿਚੜੀ ਕੱਟੜ ਹਿੰਦੂ ਸੰਗਠਨ ਆਰ ਐੱਸ ਐੱਸ ਅਤੇ ਕੇਂਦਰ ਸਰਕਾਰ ਦੇ ਨਾਲ ਹੀ ਪੱਕ ਰਹੀ ਸੀ।ਇੱਕ ਪਾਸੇ ਸਿੱਖ ਕੌਮ ਨੂੰ ਗੁਮਰਾਹ ਕਰਨ ਲਈ ਅਜਿਹੇ ਬਿਆਨ ਦਿੱਤੇ ਜਾ ਰਹੇ ਸਨ ਦੂਜੇ ਪਾਸੇ ਕੇਂਦਰ ਨੂੰ ਫ਼ੌਜੀ ਹਮਲਾ ਕਰਨ ਦੀ ਖੁੱਲ ਦਿੱਤੀ ਜਾ ਰਹੀ ਸੀ।ਭਾਰਤੀ ਫ਼ੌਜ ਵੱਲੋਂ ਜੋ ਅਤਿਆਚਾਰ ਬੇਗੁਨਾਹ ਸ਼ਰਧਾਲੂਆਂ ਤੇ ਕੀਤੇ ਗਏ ਉਹਦੇ ਲਈ ਸਿੱਖ ਆਗੂ ਖ਼ੁਦ ਜ਼ੁੰਮੇਵਾਰ ਸਨ,ਜਿਨ੍ਹਾਂ ਲਈ ਐਡਾ ਵੱਡਾ ਨੁਕਸਾਨ ਇੱਕ ਡਰਾਮੇ ਤੋਂ ਵੱਧ ਕੁੱਝ ਵੀ ਨਹੀਂ ਸੀ।ਆਪਣਾ ਮਕਸਦ ਪੂਰਾ ਹੁੰਦਿਆਂ ਹੀ ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਧਰਮਯੁੱਧ ਮੋਰਚੇ ਦੇ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ,ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਬਲਵੰਤ ਸਿੰਘ ਰਾਮੂਵਾਲੀਆ ਹੱਥ ਖੜੇ ਕਰਕੇ ਦਰਬਾਰ ਸਾਹਿਬ ਕੰਪਲੈਕਸ ਚੋਂ ਬਾਹਰ ਆ ਗਏ।ਕੇਂਦਰ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਇਹਨਾਂ ਸਿੱਖ ਆਗੂਆਂ ਨੂੰ ਫ਼ੌਜ ਨੇ ਗ੍ਰਿਫ਼ਤਾਰ ਕਰਨ ਦਾ ਨਾਟਕ ਕਰਕੇ ਬਾਇੱਜ਼ਤ ਸੁਰੱਖਿਅਤ ਸਥਾਨਾਂ ਤੇ ਭਾਵ ਇਹਨਾਂ ਦੀਆਂ ਮਨ ਭਾਉਂਦੀਆਂ ਜੇਲ੍ਹਾਂ (ਰੈਸਟ ਹਾਊਸਾਂ)ਵਿੱਚ ਛੱਡ ਦਿੱਤਾ,ਜਦੋਂ ਕਿ ਪ੍ਰਕਾਸ਼ ਸਿੰਘ ਬਾਦਲ ਕੇਂਦਰੀ ਰਣਨੀਤੀ ਮੁਤਾਬਿਕ ਆਪਣੇ ਪਿੰਡ ਬਾਦਲ ਵਿਖੇ ਹੀ ਬੈਠ ਕੇ ਸਾਰੀ ਸਥਿਤੀ ਤੇ ਨਜ਼ਰ ਰੱਖ ਰਹੇ ਸਨ। ਕੇਂਦਰੀ ਹਦਾਇਤਾਂ ਮੁਤਾਬਿਕ ਬਾਦਲ ਵੱਲੋਂ ਇੱਕ ਸਰਕਾਰੀ ਗੱਡੀ ਰਾਹੀ ਚੰਡੀਗੜ੍ਹ ਪਹੁੰਚੇ ਪ੍ਰੈੱਸ ਕਾਨਫਰੰਸ ਬੁਲਾਈ ਗਈ ਜਿਸ ਵਿੱਚ ਸਿੱਖ ਫ਼ੌਜੀਆਂ ਨੂੰ ਦਰਬਾਰ ਸਾਹਿਬ ਤੇ ਫ਼ੌਜੀ ਹਮਲੇ ਦੇ ਰੋਸ ਵਜੋਂ ਬੈਰਕਾਂ ਛੱਡਣ ਲਈ ਉਕਸਾਇਆ ਗਿਆ ਸੀ।ਇਹ ਬਿਆਨ ਵੀ ਕੇਂਦਰ ਨੇ ਫ਼ੌਜੀ ਬਗ਼ਾਵਤ ਦੇ ਡਰ ਨੂੰ ਭਾਂਪਦਿਆਂ ਬਾਦਲ ਤੋਂ ਜਾਣ ਬੁੱਝ ਕੇ ਦਿਵਾਇਆ ਸੀ ਤਾਂ ਕਿ ਬਗ਼ਾਵਤ ਕਰਨ ਵਾਲੇ ਸਿੱਖ ਫ਼ੌਜੀਆਂ ਦੀ ਬਗ਼ਾਵਤ ਨੂੰ ਸਮੇਂ ਸਿਰ ਹੀ ਕੁਚਲਿਆ ਜਾ ਸਕੇ।ਧਰਮਯੁੱਧ ਮੋਰਚੇ ਦੌਰਾਨ ਵਧੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਹਰਮਨ ਪਿਆਰਤਾ ਨੇ ਹੀ ਹਰਮੰਦਰ ਸਾਹਿਬ ਤੇ ਫ਼ੌਜੀ ਹਮਲੇ ਨੂੰ ਯਕੀਨੀ ਬਣਾਇਆ ,ਕਿਉਂ ਕਿ ਪੰਜਾਬ ਦੇ ਲੋਕਾਂ ਦੀ ਵੱਡੀ ਗਿਣਤੀ ਸੰਤ ਜਰਨੈਲ ਸਿੰਘ ਦੀ ਦੀਵਾਨੀ ਹੋ ਚੁੱਕੀ ਸੀ ਜਿਹੜੀ ਹਰ ਤਰਾਂ ਦੇ ਜਬਰ ਜ਼ੁਲਮ ਦਾ ਟਾਕਰਾ ਕਰਨ ਲਈ ਉਹਨਾਂ ਦੇ ਇਸ਼ਾਰੇ ਦੀ ਉਡੀਕ ਵਿੱਚ ਵਿਆਕੁਲ ਹੋ ਰਹੀ ਸੀ।ਸਿੱਖਾਂ ਦੀ ਸੰਤ ਭਿੰਡਰਾਂ ਵਾਲਿਆਂ ਪ੍ਰਤੀ ਇਹ ਦੀਵਾਨਗੀ ਜਿੱਥੇ ਕੱਟੜ ਹਿੰਦੂ ਸੰਗਠਨ ਆਰ ਐੱਸ ਐੱਸ ਦੀ ਅੱਖ ਵਿੱਚ ਬੁਰੀ ਤਰਾਂ ਰੜਕਣ ਲੱਗੀ, ਉੱਥੇ ਸ਼ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਨੂੰ ਵੀ ਭਿੰਡਰਾਂਵਾਲਾ ਦੁਸ਼ਮਣ ਦਿਖਾਈ ਦੇਣ ਲੱਗਾ।ਉਹਨਾਂ ਨੂੰ ਇਹ ਡਰ ਸਤਾਉਣ ਲੱਗਾ ਕਿ ਭਿੰਡਰਾਂਵਾਲੇ ਦੇ ਜਿਉਂਦੇ ਜੀਅ ਹੁਣ ਪੰਜਾਬ ਦਾ ਰਾਜ ਭਾਗ ਉਹਨਾਂ ਨੂੰ ਮਿਲਣਾ ਅਸੰਭਵ ਹੈ ਇਸ ਲਈ ਉਹਨਾਂ ਨੇ ਆਪਣੀ ਬੇਈਮਾਨ ਤੇ ਸੌੜੀ ਸੋਚ ਤਹਿਤ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਖ਼ਤਮ ਕਰਵਾਉਣ ਲਈ ਪਵਿੱਤਰ ਸ੍ਰੀ ਹਰਿਮੰਦਰ ਸਾਹਿਬ ਅਤੇ ਸਮੁੱਚੀ ਸਿੱਖ ਕੌਮ ਦੀ ਹੀ ਬਲੀ ਦੇਣ ਦਾ ਮਨ ਬਣਾ ਲਿਆ,ਇੱਕ ਸੋਚੀ ਸਮਝੀ ਸਾਜਿਸ਼ ਤਹਿਤ ਉਹਨਾਂ ਨੇ ਆਰ ਐੱਸ ਐੱਸ ਅਤੇ ਕੇਂਦਰੀ ਹਕੂਮਤ ਨਾਲ ਨੇੜਤਾ ਬਣਾ ਕੇ ਦਰਬਾਰ ਸਾਹਿਬ ਤੇ ਫ਼ੌਜੀ ਹਮਲੇ ਦੀ ਯੋਜਨਾ ਨੂੰ ਅੰਜਾਮ ਦਿੱਤਾ।ਇਸ ਫ਼ੌਜੀ ਹਮਲੇ ਵਿੱਚ ਅਕਾਲੀਆਂ ਦੀ ਭਾਈਵਾਲੀ ਨੂੰ ਗੁਪਤ ਰੱਖੇ ਜਾਣ ਦਾ ਕੇਂਦਰ ਨਾਲ ਬਕਾਇਦਾ ਲਿਖਤੀ ਸਮਝੌਤਾ ਹੋਇਆ ਸੀ ਜਿਸ ਦੇ ਤਹਿਤ ਕੇਂਦਰ ਨੇ ਵਫ਼ਾਦਾਰੀ ਪੁਗਾਉਣ ਬਦਲੇ ਸਮਾ ਆਉਣ ਤੇ ਅਕਾਲੀਆਂ ਨੂੰ ਪੰਜਾਬ ਦੇ ਰਾਜ ਭਾਗ ਦੀ ਗੱਦੀ ਸੌਂਪਣੀ ਸੀ।ਕੇਂਦਰ ਨਾਲ ਪੁਗਾਈ ਇਸ ਵਫ਼ਾਦਾਰੀ ਦਾ ਸਭ ਤੋਂ ਵੱਧ ਲਾਹਾ ਵੀ ਪ੍ਰਕਾਸ਼ ਸਿੰਘ ਬਾਦਲ ਨੂੰ ਹੋਇਆ ਹੈ,ਜਿਹੜਾ ਕੌਮ ਨਾਲ ਧਰੋਹ ਕਮਾ ਕੇ ਰਾਜ ਸਤਾ ਦਾ ਸੁੱਖ ਭੋਗਦਾ ਆ ਰਿਹਾ ਹੈ।ਦੂਜੇ ਪਾਸੇ ਉਹ ਯੋਧੇ ਜਰਨੈਲ ਜਿਨ੍ਹਾਂ ਨੇ ਫ਼ੌਜੀ ਹਮਲੇ ਲਈ ਕੇਂਦਰ ਦੀ ਬਦਨੀਤੀ ਨੂੰ ਮਹਿਸੂਸ ਕਰਦਿਆਂ ਬਾਬਾ ਬੋਤਾ ਸਿੰਘ ਤੇ ਬਾਬਾ ਗ਼ਰਜ਼ਾਂ ਸਿੰਘ ਦੇ ਅਸਲੀ ਵਾਰਸ ਹੋਣ ਦਾ ਸਬੂਤ ਦਿੰਦਿਆਂ ਹਰ ਜਬਰ ਜ਼ੁਲਮ ਦਾ ਮੁਕਾਬਲਾ ਕਰਨ ਦੀ ਠਾਣੀ ਹੋਈ ਸੀ।ਉਹਨਾਂ ਨੇ ਆਪਣੇ ਆਪ ਦੇ ਅੰਦਰ ਗੁਰੂ ਦੀ ਬਖ਼ਸ਼ੀ ਸੱਚੀ ਸਿੱਖੀ ਦੀ ਅਥਾਹ ਤਾਕਤ ਨੂੰ ਮਹਿਸੂਸ ਕਰਦਿਆਂ ਉਸ ਸਮੇਂ ਨੂੰ ਯਾਦ ਕੀਤਾ ਜਦੋਂ ਚਮਕੌਰ ਦੀ ਕੱਚੀ ਗੜ੍ਹੀ ਵਿੱਚ ਦਸ ਲੱਖ ਫ਼ੌਜਾਂ ਨਾਲ ਚਾਲੀ ਸਿੰਘਾਂ ਦੀ ਲੜਾਈ ਵਿੱਚ ਵੀ ਜਿੱਤ ਗੁਰੂ ਖ਼ਾਲਸੇ ਨੂੰ ਹੋਈ ਸੀ।ਭਾਰਤੀ ਫ਼ੌਜ ਨਾਲ ਇਸ ਲੜਾਈ ਵਿੱਚ ਅਕਾਲੀਆਂ ਦੀਆਂ ਗਦਰੀਆਂ ਦੇ ਬਾਵਜੂਦ ਵੀ ਉਹ ਵੀਹਵੀਂ ਸਦੀ ਦਾ ਮਹਾਨ ਸਿੱਖ ਸ਼ਹੀਦ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂ ਵਾਲਾ ਦੁਨੀਆ ਨੂੰ ਇਹ ਦਰਸਾਉਣ ਵਿੱਚ ਕਾਮਯਾਬ ਰਿਹਾ ਕਿ ਸਿੱਖ ਅੱਜ ਵੀ ਆਪਣੇ ਪਵਿੱਤਰ ਸ੍ਰੀ ਹਰਿਮੰਦਰ ਸਾਹਿਬ ਦੀ ਆਨ ਸ਼ਾਨ ਨੂੰ ਢਾਹ ਲਾਉਣ ਵਾਲਿਆਂ ਨਾਲ ਲੋਹਾ ਲੈਣ ਦੇ ਓਨੇ ਹੀ ਸਮਰੱਥ ਹਨ ਜਿੰਨੇ ਅਠਾਰਵੀਂ ਸਦੀ ਵਿੱਚ ਨਾਦਰ,ਅਬਦਾਲੀਆਂ ਦੇ ਸਿੱਖਾਂ ਨੂੰ ਖ਼ਤਮ ਕਰਨ ਦਾ ਭਰਮ ਤੋੜ ਕੇ ਦੰਦ ਖੱਟੇ ਕਰਨ ਵੇਲੇ ਦੇ ਸਿੰਘਾਂ ਵਿੱਚ ਗੁਰੂ ਨੇ ਸਮਰੱਥਾ ਬਖ਼ਸ਼ੀ ਸੀ।ਵੀਹਵੀਂ ਸਦੀ ਦੀ ਇਹ ਖ਼ੂੰਨ ਡੋਲਵੀਂ ਲੜਾਈ ਵਿੱਚ ਜਿਥੇ ਭਾਰਤ ਸਰਕਾਰ ਨੇ ਰੂਸ ਅਤੇ ਬਰਤਾਨੀਆਂ ਦੀ ਮਦਦ ਸਮੇਤ ਆਪਣੀ ਸਾਰੀ ਤਾਕਤ ਝੋਕ ਦਿੱਤੀ ਉਥੇ ਮੁੱਠੀ ਭਰ ਸਿੰਘਾਂ ਨੇ ਲੱਖਾਂ ਦੀ ਗਿਣਤੀ ਵਿੱਚ ਚੜ੍ਹਕੇ ਆਈ ਭਾਰਤੀ ਫ਼ੌਜ ਨੂੰ ਉਹ ਸਬਕ ਸਿਖਾਇਆ ਜਿਹੜਾ ਉਹਨਾਂ ਦੇ ਚੇਤਿਆਂ ਵਿੱਚ ਵੀ ਨਹੀਂ ਸੀ।ਇਸ ਫ਼ੌਜੀ ਹਮਲੇ ਦੀ ਕਮਾਂਡ ਕਰ ਰਹੇ ਇੱਕ ਫ਼ੌਜੀ ਜਰਨੈਲ ਕੁਲਦੀਪ ਬਰਾੜ ਨੇ ਆਪਣੀ ਪੁਸਤਕ "ਦਾ ਟਰੂ ਸਟੋਰੀ ਔਫ ਬਲੂ ਸਟਾਰ"ਵਿੱਚ ਖ਼ੁਦ ਲਿਖਿਆ ਹੈ ਕਿ ਇਸ ਲੜਾਈ ਵਿੱਚ ਜਿੰਨਾ ਭਾਰਤੀ ਫ਼ੌਜ ਦਾ ਨੁਕਸਾਨ ਹੋਇਆ ਓਨਾ 1965 ਅਤੇ 1971ਦੀਆਂ ਚੀਨ ਅਤੇ ਪਾਕਿਸਤਾਨ ਨਾਲ ਹੋਈਆਂ ਲੜਾਈਆਂ ਵਿੱਚ ਵੀ ਨਹੀਂ ਸੀ ਹੋਇਆ ਬਲਕਿ ਇਸ ਤੋਂ ਕਈ ਗੁਣਾ ਘੱਟ ਨੁਕਸਾਨ ਹੋਇਆ।ਕਿਸੇ ਵੀ ਲੜਾਈ ਸਮੇਂ ਪੂਰੇ ਜੋਸ਼ ਨਾਲ ਵੈਰੀ ਤੇ ਹਮਲਾ ਕਰਨ ਲਈ ਹਰ ਸਮੇਂ ਤਤਪਰ ਰਹਿਣ ਵਾਲੀ ਭਾਰਤੀ ਫ਼ੌਜ ਦੀ ਸਿੱਖਾਂ ਨਾਲ ਹੋਈ ਇਹ ਹਫ਼ਤਾ ਭਰ ਲੜਾਈ ਨੇ ਹੌਸਲੇ ਤੋੜ ਦਿੱਤੇ।ਜਰਨਲ ਕੁਲਦੀਪ ਬਰਾੜ ਅਨੁਸਾਰ ਵੱਡੀ ਗਿਣਤੀ ਵਿੱਚ ਫ਼ੌਜੀ ਨੌਕਰੀਆਂ ਛੱਡ ਕੇ ਜਾਣ ਨੂੰ ਤਿਆਰ ਹੋ ਗਏ ਸਨ ਜਦੋਂ ਕਿ ਪਾਕਿਸਤਾਨ ਅਤੇ ਚੀਨ ਦੀ ਲੜਾਈ ਸਮੇਂ ਨੌਕਰੀਆਂ ਛੱਡ ਜਾਣ ਵਾਲਿਆਂ ਦੀ ਇਹ ਗਿਣਤੀ ਬਹੁਤ ਹੀ ਘੱਟ ਰਹੀ ਹੈ।ਜੂਨ 1984 ਦੇ ਇਤਿਹਾਸ ਨੂੰ ਵਾਚਦਿਆਂ ਇੱਥੇ ਇੱਕ ਅੰਤਰ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂ ਵਾਲਿਆਂ ਵਿੱਚ ਅਤੇ ਸ਼ਰੋਮਣੀ ਅਕਾਲ ਦਲ ਦੀ ਲੀਡਰਸ਼ਿਪ ਵਿੱਚ ਸੁੱਤੇ ਸਿੱਧ ਹੀ ਅਨੁਭਵ ਕੀਤਾ ਜਾ ਸਕਦਾ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਦਾ ਸੰਕਲਪ ਸਿੱਖ ਸੰਗਤ ਨੂੰ ਜਗਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੋੜਨਾ ਅਤੇ ਸਮੁੱਚੀ ਕੌਮ ਨੂੰ ਅੰਮ੍ਰਿਤਧਾਰੀ ਬਣਾਉਣਾ ਸੀ ਜਦੋਂ ਕਿ ਸ਼ਰੋਮਣੀ ਅਕਾਲੀ ਦਲ ਦੀ ਸਾਰੀ ਲੀਡਰਸ਼ਿਪ ਦਾ ਸੰਕਲਪ ਮਹਿਜ਼ ਰਾਜ ਗੱਦੀ ਦੀ ਭੁੱਖ ਤੋਂ ਵਧ ਕੇ ਕੁੱਝ ਵੀ ਨਹੀਂ ਸੀ,ਜਿਸ ਨੂੰ ਪ੍ਰਾਪਤ ਕਰਨ ਲਈ ਉਹਨਾਂ ਨੇ ਉਸ ਮਹਾਨ ਪੁਰਸ਼,ਮਹਾਨ ਸੰਤ ਸਿਪਾਹੀ ਅਤੇ ਸਿੱਖ ਕੌਮ ਦੀ ਆਣ ਇੱਜ਼ਤ ਦੇ ਪ੍ਰਤੀਕ ਬਾਬੇ ਨੂੰ ਖ਼ਤਮ ਕਰਨ ਲਈ ਭਾਰਤੀ ਹਕੂਮਤ ਦਾ ਸਾਥ ਦੇ ਕੇ ਉਹ ਕਲੰਕ ਖੱਟ ਲਿਆ ਜਿਹੜਾ ਇਤਿਹਾਸ ਵਿੱਚ ਹਮੇਸ਼ਾ ਦਰਜ ਰਹਿ ਕੇ ਇਹਨਾਂ ਦੀਆਂ ਆਉਣ ਵਾਲੀਆਂ ਨਸਲਾਂ ਨੂੰ ਸ਼ਰਮਸਾਰ ਕਰਦਾ ਰਹੇਗਾ।



ਬਘੇਲ ਸਿੰਘ ਧਾਲੀਵਾਲ
99142-58142

**ਵੀਹਵੀਂ ਸਦੀ ਦਾ ਮਹਾਨ ਸਿੱਖ ਸ਼ਹੀਦ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂ ਵਾਲਾ ਦੁਨੀਆ ਨੂੰ ਇਹ ਦਰਸਾਉਣ ਵਿੱਚ ਕਾਮਯਾਬ ਰਿਹਾ ਕਿ ਸਿੱਖ ਅੱਜ ਵੀ ਆਪਣੇ ਪਵਿੱਤਰ ਸ੍ਰੀ ਹਰਿਮੰਦਰ ਸਾਹਿਬ ਦੀ ਆਨ ਸ਼ਾਨ ਨੂੰ ਢਾਹ ਲਾਉਣ ਵਾਲਿਆਂ ਨਾਲ ਲੋਹਾ ਲੈਣ ਦੇ ਓਨੇ ਹੀ ਸਮਰੱਥ ਹਨ ਜਿੰਨੇ ਅਠਾਰਵੀਂ ਸਦੀ ਵਿੱਚ ਨਾਦਰ,ਅਬਦਾਲੀਆਂ ਦੇ ਸਿੱਖਾਂ ਨੂੰ ਖ਼ਤਮ ਕਰਨ ਦਾ ਭਰਮ ਤੋੜ ਕੇ ਦੰਦ ਖੱਟੇ ਕਰਨ ਵੇਲੇ ਦੇ ਸਿੰਘਾਂ ਵਿੱਚ ਗੁਰੂ ਨੇ ਸਮਰੱਥਾ ਬਖ਼ਸ਼ੀ ਸੀ**




ਭਾਰਤ ਦੇ ਇਤਿਹਾਸ ਵਿਚ 'ਸਾਕਾ ਨੀਲਾ ਤਾਰਾ' ਦੇ ਦੁਖ਼ਾਂਤ ਨੂੰ ਹਮੇਸ਼ਾਂ ਕਾਲੇ ਅਖ਼ਰਾਂ ਵਿਚ ਯਾਦ ਕੀਤਾ ਜਾਂਦਾ ਰਹੇਗਾ। ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ 'ਤੇ ਦੂਰੋਂ ਦੂਰੋਂ ਆਏ ਯਾਤਰੂਆਂ ਦੇ ਹੁੰਦਿਆਂ ਸ੍ਰੀ ਦਰਬਾਰ ਸਾਹਿਬ 'ਤੇ ਤੋਪਾਂ ਟੈਂਕਾਂ ਨਾਲ ਫ਼ੌਜੀ ਹਮਲਾ ਕਰਨਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਸੀ। ਇਹੋ ਕਾਰਨ ਸੀ ਕਿ ਉਸ ਸਮੇਂ ਦੇ ਡਿਪਟੀ ਕਮਿਸ਼ਨਰ ਸ. ਗੁਰਦੇਵ ਸਿੰਘ ਬਰਾੜ ਨੇ ਇਸ ਹਮਲੇ ਦੀ ਆਗਿਆ ਨਹੀਂ ਸੀ ਦਿੱਤੀ ਕਿਉਂਕਿ ਉਹ ਜਾਣਦੇ ਸਨ ਕਿ ਇਸ ਨਾਲ ਵੱਡੀ ਪੱਧਤ 'ਤੇ ਕਤਲੋਗਾਰਤ ਹੋਵੇਗੀ ਤੇ ਸਿੱਖ ਕੌਮ ਉਨ੍ਹਾਂ ਨੂੰ ਕਦੇ ਮੁਆਫ਼ ਨਹੀਂ ਕਰੇਗੀ।ਉਨ੍ਹਾਂ ਨੂੰ ਛੁੱਟੀ 'ਤੇ ਭੇਜ ਕੇ ਪੰਜਾਬ ਸਰਕਾਰ ਨੇ ਸ. ਰਮੇਸ਼ ਇੰਦਰ ਸਿੰਘ ਨੂੰ ਲਿਆਂਦਾ ਜਿਨ੍ਹਾਂ ਨੂੰ 1986 ਵਿਚ ਭਾਰਤ ਦਾ ਸਰਵ-ਉਚ ਪੁਰਸਕਾਰ ਪਦਮਸ੍ਰੀ ਨਾਲ ਨਿਵਾਜਿਆ ਗਿਆ। ਬਾਦ ਵਿਚ ਉਸ ਸਮੇਂ ਦੀ ਪ੍ਰਧਾਨ ਮੰਤਰੀ ਸ੍ਰੀ ਮਤੀ ਇੰਦਰਾ ਗਾਂਧੀ ਦਾ ਕਤਲ ਤੇ ਉਸ ਦੇ ਕਤਲ ਤੋਂ ਬਾਦ ਦੇਸ਼ ਭਰ ਵਿਚ ਬੇ-ਦੋਸ਼ੇ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਇਸ ਸਾਕੇ ਦਾ ਸਿੱਟਾ ਸੀ। 42 ਸਾਲ ਬੀਤ ਜਾਣ ਦੇ ਬਾਵਜੂਦ ਅਜੇ ਤੀਕ ਸਿੱਖਾਂ ਨੂੰ ਇਨਸਾਫ਼ ਨਹੀਂ ਮਿਲਿਆ।ਇਹ ਪ੍ਰਸ਼ਨ ਵਾਰ ਵਾਰ ਉਠਾਇਆ ਜਾਂਦਾ ਰਿਹਾ ਹੈ ਤੇ ਜਾਂਦਾ ਰਹਿਗਾ ਕਿ ਇਹ ਦੁਖ਼ਾਂਤ ਕਿਉਂ ਵਾਪਰਿਆ? ਪੰਜਾਬ ਦੇ ਹਾਲਾਤ ਖ਼ਰਾਬ ਕਿਉਂ ਹੋਇ? ਉਹ ਕਿਹੜੀਆਂ ਸ਼ਕਤੀਆਂ ਸਨ ਜਿਹੜੀਆਂ ਇਸ ਲਈ ਦੋਸ਼ੀ ਸਨ? ਕੀ ਇਸ ਪਿੱਛੇ ਵਿਦੇਸ਼ੀ ਹੱਥ ਸੀ? ਅਕਾਲੀ ਕਾਂਗਰਸੀਆਂ ਇਸ ਤੇ ਸਿਆਸਤ ਕਰ ਰਹੇ ਹਨ ਤੇ ਇਕ ਦੂਜੇ 'ਤੇ ਦੋਸ਼ ਮੜ੍ਹ ਰਹੇ ਹਨ।

ਬੀ ਬੀ ਸੀ ਦੇ ਪ੍ਰਸਿੱਧ ਪੱਤਰਕਾਰ ਮਾਰਕ ਟੱਲੀ ਅਤੇ ਸਤੀਸ਼ ਜੈਕਬ ਨੇ ਆਪਣੀ ਪੁਸਤਕ 'ਅੰਮ੍ਰਿਤਸਰ : ਸ੍ਰੀ ਮਤੀ ਗਾਂਧੀ ਦੀ ਅੰਤਲੀ ਲੜਾਈ' ਵਿਚ ਇਨ੍ਹਾਂ ਸੁਆਲਾਂ ਦੇ ਜੁਆਬ ਦੇਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਨੇ ਇਹ ਪੁਸਤਕ ਨਵੰਬਰ 1985 ਵਿੱਚ ਲਿਖੀ ਜਦ ਕਿ ਸ੍ਰੀ ਮਤੀ ਇੰਦਰਾ ਗਾਂਧੀ ਦੇ ਕਤਲ ਹੋਇਆਂ ਸਾਲ ਹੋ ਚੁੱਕਾ ਸੀ ਤੇ ਉਸ ਦੇ ਪੁੱਤਰ ਸ੍ਰੀ ਰਾਜੀਵ ਗਾਂਧੀ ਨੂੰ ਭਾਰਤ ਦਾ ਪ੍ਰਧਾਨ ਮੰਤਰੀ ਬਣਿਆਂ ਨੂੰ ਸਾਲ ਤੋਂ ਜ਼ਿਆਦਾ ਸਮਾਂ ਹੋ ਚੁੱਕਾ ਸੀ।ਉਸ ਸਮੇਂ ਤੀਕ 20 ਅਗਸਤ 1985 ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਕਤਲ ਪਿੱਛੋਂ ਹੋਈਆਂ ਚੋਣਾਂ ਵਿੱਚ ਸ. ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਿੱਚ ਅਕਾਲੀ ਸਰਕਾਰ ਬਣ ਚੁੱਕੀ ਸੀ।

ਉਹ ਲਿਖਦੇ ਹਨ, "ਸ੍ਰੀ ਮਤੀ ਇੰਦਰਾ ਗਾਂਧੀ ਨੇ ਵਿਦੇਸ਼ੀ ਸ਼ਕਤੀਆਂ ਨੂੰ ਪੰਜਾਬ ਸੰਕਟ ਲਈ ਦੋਸ਼ੀ ਠਹਿਰਾਇਆ ਜਿਹੜੀਆਂ ਭਾਰਤ ਨੂੰ ਸ਼ਕਤੀਸ਼ਾਲੀ ਅਤੇ ਇੱਕਮੁੱਠ ਨਹੀਂ ਸਨ ਦੇਖਣਾ ਚਾਹੁੰਦੀਆਂ। ਨਿਰਸੰਦੇਹ ਉਨ੍ਹਾਂ ਨੇ ਆਪਣਾ ਰੋਲ ਅਦਾ ਕੀਤਾ। ਆਤੰਕਵਾਦ ਨਾਲ ਬੱਝੇ ਸਿੱਖ ਅੱਤਵਾਦੀਆਂ ਨੂੰ ਉਕਸਾ ਕੇ ਅਤੇ ਉਨ੍ਹਾਂ ਦੀ ਮਦਦ ਕਰਕੇ ਉਹ ਸ਼ਕਤੀਆਂ ਇਹ ਰੋਲ ਅਦਾ ਕਰਨਾ ਜਾਰੀ ਰੱਖਣਗੀਆਂ। ਪ੍ਰੰਤੂ ਇਕੱਲੀਆਂ ਬਾਹਰੀ ਸ਼ਕਤੀਆਂ ਭਾਰਤ ਵਰਗੇ ਸ਼ਕਤੀਸ਼ਾਲੀ ਅਤੇ ਸਥਿਰ ਦੇਸ਼ ਲਈ ਖ਼ਤਰਾ ਨਾ ਬਣ ਸਕਦੀਆਂ ਸਨ ਅਤੇ ਨਾ ਹੀ ਬਣ ਸਕਣਗੀਆਂ। ਭਾਰਤੀਆਂ ਨੂੰ ਹੁਣ ਆਪਣੇ ਦੇਸ਼ ਅਤੇ ਉਨ੍ਹਾਂ ਕਮਜ਼ੋਰੀਆਂ ਵੱਲ ਵੇਖਣਾ ਚਾਹੀਦਾ ਹੈ ਜਿਨ੍ਹਾਂ ਨੇ ਪੰਜਾਬ ਨੂੰ ਸਿਆਸੀ ਤਬਾਹੀ ਦੀਆਂ ਬਰੂਹਾਂ 'ਤੇ ਲਿਆਂਦਾ"।

ਡਾ. ਚਰਨਜੀਤ ਸਿੰਘ ਗੁਮਟਾਲਾ

ਉਨ੍ਹਾਂ ਨੇ ਵਿਦੇਸ਼ੀ ਹੱਥਾਂ ਦੀ ਥਾਂ 'ਤੇ ਅੰਦਰੂਨੀ ਸ਼ਕਤੀਆਂ ਨੂੰ ਇਸ ਦੁਖਾਂਤ ਲਈ ਜ਼ਿੰਮੇਵਾਰ ਠਹਿਰਾਇਆ ਹੈ ।ਉਨ੍ਹਾਂ ਭਾਰਤੀ ਪ੍ਰਸ਼ਾਸਨ ਪ੍ਰਣਾਲੀ ਬਾਰੇ ਮਹੱਤਵਪੂਰਨ ਟਿੱਪਣੀਆਂ ਕੀਤੀਆਂ ਹਨ। ਉਨ੍ਹਾਂ ਦੇ ਸ਼ਬਦਾਂ ਵਿੱਚ, "ਦੁਨੀਆਂ ਦੇ ਇਸ ਸਭ ਤੋਂ ਵੱਡੇ ਪ੍ਰਜਾਤੰਤਰ ਦਾ ਸੰਚਾਲਨ ਅਤੇ ਪ੍ਰਬੰਧ ਅਜੇ ਵੀ ਬ੍ਰਿਟਿਸ਼ ਰਾਜ ਦੁਆਰਾ ਸਥਾਪਤ ਸੰਸਥਾਵਾਂ ਰਾਹੀਂ ਹੁੰਦਾ ਹੈ। ਇੰਡੀਅਨ ਐਡਮਨਿਸਟਰੇਟਿਵ ਸਰਵਿਸ ਜਿਹੜੀ ਪ੍ਰਸ਼ਾਸਨ 'ਤੇ ਗਾਲਿਬ ਹੈ ਬ੍ਰਿਟਿਸ਼ ਰਾਜ ਦੀ ਆਈ ਸੀ ਐਸ ਦੀ ਨਕਲ ਹੈ ਅਤੇ ਇੰਡੀਅਨ ਪੁਲਿਸ ਸਰਵਿਸ ਆਈ ਪੀ ਦੀ। ਮੈਕਾਲੇ ਦਾ ਪੀਨਲ ਕੋਡ ਅਜੇ ਵੀ ਲਾਗੂ ਹੈ। ਭਾੜੇ ਦੇ ਗਵਾਹ ਜਿਹੜੇ ਰਾਜ ਦੇ ਹੱਕ ਵਿੱਚ ਭੁਗਤਿਆ ਕਰਦੇ ਸਨ ਅੱਜ ਮਜਿਸਟਰੇਟਾਂ ਸਾਹਮਣੇ ਆਜ਼ਾਦ ਭਾਰਤ ਦੀ ਪੁਲਿਸ ਦੇ ਹੱਕ ਵਿੱਚ ਭੁਗਤਦੇ ਹਨ। ਅੰਗਰੇਜ਼ਾਂ ਦੀ ਦਿੱਤੀ ਕਾਨੂੰਨ ਪ੍ਰਣਾਲੀ ਸਰਕਾਰ ਦੇ ਇਰਾਦਿਆਂ ਨੂੰ ਨਿਸਫ਼ਲ ਕਰਨ ਲਈ ਅਮੀਰ ਜਾਗੀਰਦਾਰ ਅਤੇ ਪ੍ਰਭਾਵਸ਼ਾਲੀ ਤੱਤਾਂ ਰਾਹੀਂ ਵਰਤੀ ਜਾਂਦੀ ਹੈ। ਗਰੀਬ ਅਦਾਲਤ ਅਤੇ ਪੁਲਿਸ ਨੂੰ ਅਤਿਆਚਾਰੀ ਸਮਝਦੇ ਹਨ"।

ਉਨ੍ਹਾਂ ਅਨੁਸਾਰ, "ਪੰਜਾਬ ਸੰਕਟ ਨੇ ਦੱਸ ਦਿੱਤਾ ਹੈ ਕਿ ਆਧੁਨਿਕ ਭਾਰਤ ਦੀਆਂ ਸਮੱਸਿਆਵਾਂ ਨੂੰ ਨਜਿੱਠਣ ਲਈ ਬ੍ਰਿਟਿਸ਼ ਰਾਜ ਸਮੇਂ ਦੀਆਂ ਸੰਸਥਾਵਾਂ ਨਾ-ਮੁਆਫ਼ਕ ਹਨ। ਪੁਲਿਸ ਲਾਚਾਰ ਸੀ ਕਿਉਂਕਿ ਵਰ੍ਹਿਆਂ ਦੀ ਨਾਕਾਫ਼ੀ ਤਨਖ਼ਾਹ ਅਤੇ ਇਸ ਦੇ ਸਿੱਟੇ ਵਜੋਂ ਫੈਲੀ ਰਿਸ਼ਵਤ ਨੇ ਇਸ ਦੇ ਅਮਲੇ ਨੂੰ ਅੰਦਰੋਂ ਨਸ਼ਟ ਕਰ ਦਿੱਤਾ ਸੀ-ਦੋਵੇਂ ਹੀ ਅੰਗਰੇਜ਼ੀ ਰਾਜ ਦੀ ਪੁਲਿਸ ਦੀਆਂ ਵਿਸ਼ੇਸ਼ਤਾਵਾਂ ਸਨ। ਜਿਨ੍ਹਾਂ ਕੁਝ ਆਤੰਕਵਾਦੀਆਂ ਨੂੰ ਉਨ੍ਹਾਂ ਨੇ ਫੜ੍ਹਿਆ ਵੀ ਪੁਲਿਸ ਅਫ਼ਸਰ ਜਾਣਦੇ ਸਨ ਕਿ ਉਨ੍ਹਾਂ ਨੂੰ ਜੱਜਾਂ ਸਾਹਮਣੇ ਪੇਸ਼ ਕਰਨ ਦਾ ਕੋਈ ਫ਼ਾਇਦਾ ਨਹੀਂ ਸੀ ਕਿਉਂਕਿ ਉਨ੍ਹਾਂ ਦੀਆਂ ਦਮ ਤੋੜਦੀਆਂ ਅਦਾਲਤਾਂ ਤੋਂ ਸਜ਼ਾਵਾਂ ਪ੍ਰਾਪਤ ਕਰਨ ਵਿੱਚ ਕਈ ਵਰ੍ਹੇ ਬੀਤ ਜਾਣਗੇ। ਇਸ ਲਈ ਪੁਲਿਸ ਨੇ 'ਪੁਲਿਸ ਮੁਕਾਬਲੇ ਦੀ' ਆੜ ਵਿੱਚ ਕਤਲਾਂ ਦਾ ਸਹਾਰਾ ਲਿਆ।ਉਨ੍ਹਾਂ ਨੇ ਇਸ ਸਬੰਧੀ ਪ੍ਰਧਾਨ ਮੰਤਰੀ ਸ੍ਰੀ ਮਤੀ ਇੰਦਰਾ ਗਾਂਧੀ ਨੂੰ ਵੀ ਦੋਸ਼ੀ ਠਹਿਰਾਇਆ ਹੈ। ਉਹ ਲਿਖਦੇ ਹਨ, "ਸ੍ਰੀ ਮਤੀ ਇੰਦਰਾ ਗਾਂਧੀ ਨੇ ਭਾਰਤ ਦੀਆਂ ਸੰਸਥਾਵਾਂ ਨੂੰ ਸੁਧਾਰਨ ਦੀ ਕਦੇ ਕੋਸ਼ਿਸ਼ ਨਹੀਂ ਕੀਤੀ ਅਤੇ ਉਸ ਨੇ ਇਸ ਦੀ ਕੀਮਤ ਆਪਣੀ ਜਾਨ ਦੇ ਕੇ ਤਾਰੀ"।

ਅੱਜ ਤੋਂ ਕੋਈ 35 ਸਾਲ ਪਹਿਲਾਂ ਲਿਖੀ ਪੁਸਤਕ ਵਿੱਚ ਉਨ੍ਹਾਂ ਨੇ ਆਪਣੀ ਭੂਮਿਕਾ ਦਾ ਅੰਤ ਇਨ੍ਹਾਂ ਸਤਰਾਂ ਨਾਲ ਕੀਤਾ, " ਰਾਜੀਵ ਗਾਂਧੀ ਭਾਰਤ ਨੂੰ 21 ਵੀਂ ਸਦੀ ਵਿੱਚ ਲੈ ਜਾਣਾ ਚਾਹੁੰਦਾ ਹੈ। ਉਸ ਨੂੰ ਪਹਿਲਾਂ ਭਾਰਤ ਦੀਆਂ ਸੰਸਥਾਵਾਂ ਨੂੰ 20ਵੀਂ ਸਦੀ ਦਾ ਹਾਣੀ ਬਣਾਉਣਾ ਪਵੇਗਾ"।

ਉਨ੍ਹਾਂ ਨੇ ਭਾਰਤੀ ਸਿਆਸੀ ਪਾਰਟੀਆਂ ਉਪਰ ਵੀ ਮਹੱਤਵਪੂਰਨ ਟਿੱਪਣੀਆਂ ਕੀਤੀਆਂ ਹਨ। ਉਸ ਸਮੇਂ ਦੀ ਕਾਂਗਰਸ ਪਾਰਟੀ ਨੂੰ ਮੌਕਾ ਪ੍ਰਸਤਾਂ ਦਾ ਟੋਲਾ ਕਰਾਰ ਦਿੰਦੇ ਉਹ ਲਿਖਦੇ ਹਨ, "ਸੰਤ ਭਿੰਡਰਾਂਵਾਲੇ ਰਾਹੀਂ ਫੈਲਾਈ ਜਾ ਰਹੀ ਨਫ਼ਰਤ ਦਾ ਟਾਕਰਾ ਕਰਨ ਲਈ , ਜਿਸ ਕਾਂਗਰਸ ਪਾਰਟੀ ਨੂੰ ਪੰਜਾਬ ਦੇ ਪਿੰਡਾਂ ਵਿੱਚ ਸ੍ਰੀ ਮਤੀ ਇੰਦਰਾ ਗਾਂਧੀ ਦਾ ਦੂਤ ਹੋਣਾ ਚਾਹੀਦਾ ਸੀ, ਮੌਕਾ ਪ੍ਰਸਤਾਂ ਦਾ ਟੋਲਾ ਸੀ, ਜਿਨ੍ਹਾਂ ਦੀਆਂ ਅੱਖਾਂ ਆਪਣੇ ਹਲਕਿਆਂ ਦੀ ਬਜਾਏ ਸਦਾ ਹੀ ਸ਼ਕਤੀ ਦੇ ਸੋਮੇ, ਦਿੱਲੀ 'ਤੇ ਹੁੰਦੀਆਂ ਸਨ। ਮੌਕਾ ਪ੍ਰਸਤ ਸਿਵਿਲ ਸੇਵਾ 'ਤੇ ਵੀ ਗਾਲਿਬ ਸਨ ਜੋ ਆਪਣੇ ਸਿਆਸੀ ਮਾਲਕਾਂ ਨੂੰ ਖ਼ੁਸ਼ ਕਰਨ ਲਈ ਕੋਈ ਵੀ ਨਿਯਮ ਤੋੜਨ ਲਈ ਤਿਆਰ ਸਨ। ਪਾਰਲੀਮੈਂਟ ਸ਼ਕਤੀਵਿਹੀਨ ਸੀ ਕਿਉਂਕਿ ਸ੍ਰੀ ਮਤੀ ਗਾਂਧੀ ਦੇ ਪਾਰਲੀਮੈਂਟ ਦੇ ਮੈਂਬਰਾਂ ਵਿੱਚੋਂ ਕੋਈ ਹੌਂਸਲੇ ਵਾਲਾ ਹੀ ਉਸ ਦੀ ਪੰਜਾਬ ਨੀਤੀ ਵਿਰੁੱਧ ਬੋਲਣ ਦੀ ਜ਼ੁਰਅਤ ਕਰਦਾ ਸੀ।"

ਉਨ੍ਹਾਂ ਨੇ ਭਾਰਤੀ ਸਿਆਸਤਦਾਨਾਂ ਦੇ ਅਸਲੀ ਚਿਹਰੇ ਬੇਨਕਾਬ ਕੀਤਾ ਹੈ। ਉਹ ਲਿਖਦੇ ਹਨ, "ਸ੍ਰੀ ਮਤੀ ਇੰਦਰਾ ਗਾਂਧੀ ਬਹੁਤ ਸਾਰੇ ਪੂਰਬੀ ਬਾਦਸ਼ਾਹਾਂ ਵਾਂਗ ਜਾਲ ਵਿੱਚ ਉਲਝ ਗਈ ਸੀ,ਉਸ ਨੇ ਆਪਣੇ ਆਪ ਨੂੰ ਚਾਪਲੂਸਾਂ, ਜੀਅ ਹਜ਼ੂਰੀਆਂ ਨਾਲ ਘੇਰ ਲਿਆ ਸੀ ਜਿਹੜੇ ਉਸ ਨੂੰ ਉਹੋ ਦੱਸਦੇ ਸਨ, ਜੋ ਉਹ ਸੁਣਨਾ ਚਾਹੁੰਦੀ ਸੀ, ਉਹ ਨਹੀਂ ਜੋ ਉਸ ਨੂੰ ਸੁਣਨਾ ਚਾਹੀਦਾ ਸੀ। ਭਾਵੇਂ ਉਹ ਪ੍ਰਜਾਤੰਤਰੀ ਪ੍ਰਣਾਲੀ ਨਾਲ ਚੁਣੀ ਪ੍ਰਧਾਨ ਮੰਤਰੀ ਸੀ, ਪਰ ਉਹ ਪੁਰਾਣੇ ਜ਼ਮਾਨੇ ਦੇ ਰਾਜਿਆਂ ਵਾਂਗ ਹੀ ਰਾਜਸੀ ਦਰਬਾਰ ਲਾਉਂਦੀ ਸੀ, ਜਿਹੜਾ ਕਿ ਅਫ਼ਵਾਹਾਂ ਤੇ ਸਾਜ਼ਿਸ਼ਾਂ ਦੇ ਪਨਪਣ ਤੇ ਪੁੰਗਰਣ ਲਈ ਬੜਾ ਉਪਜਾਊ ਹੁੰਦਾ ਹੈ।"

ਸਿਆਸਤਦਾਨਾਂ ਵੱਲੋਂ ਵੋਟਾਂ ਦੀ ਰਾਜਨੀਤਕ ਖੇਡ ਨੂੰ, ਉਨ੍ਹਾਂ ਨੇ ਸ੍ਰੀ ਮਤੀ ਇੰਦਰਾ ਗਾਂਧੀ ਨੇ ਪਹਿਲਾਂ ਕਾਰਵਾਈ ਕਿਉਂ ਨਾ ਕੀਤੀ ? ਸਿਰਲੇਖ ਹੇਠ ਨੰਗਿਆਂ ਕੀਤਾ ਹੈ। ਉਹ ਖੇਡ ਜੋ ਅਜੇ ਵੀ ਖੇਡੀ ਜਾ ਰਹੀ ਹੈ। ਉਨ੍ਹਾਂ ਅਨੁਸਾਰ ਸ੍ਰੀ ਮਤੀ ਇੰਦਰਾ ਗਾਂਧੀ

ਬਾਕੀ ਸਫ਼ਾ 7 'ਤੇ

**ਡਿਪਟੀ ਕਮਿਸ਼ਨਰ ਸ. ਗੁਰਦੇਵ ਸਿੰਘ ਬਰਾੜ ਨੇ ਇਸ ਹਮਲੇ ਦੀ ਆਗਿਆ ਨਹੀਂ ਸੀ ਦਿੱਤੀ ਕਿਉਂਕਿ ਉਹ ਜਾਣਦੇ ਸਨ ਕਿ ਇਸ ਨਾਲ ਵੱਡੀ ਪੱਧਤ 'ਤੇ ਕਤਲੋਗਾਰਤ ਹੋਵੇਗੀ ਤੇ ਸਿੱਖ ਕੌਮ ਉਨ੍ਹਾਂ ਨੂੰ ਕਦੇ ਮੁਆਫ਼ ਨਹੀਂ ਕਰੇਗੀ।ਉਨ੍ਹਾਂ ਨੂੰ ਛੁੱਟੀ 'ਤੇ ਭੇਜ ਕੇ ਪੰਜਾਬ ਸਰਕਾਰ ਨੇ ਸ. ਰਮੇਸ਼ ਇੰਦਰ ਸਿੰਘ ਨੂੰ ਲਿਆਂਦਾ ਜਿਨ੍ਹਾਂ ਨੂੰ 1986 ਵਿਚ ਭਾਰਤ ਦਾ ਸਰਵ-ਉੱਚ ਪੁਰਸਕਾਰ ਪਦਮਸ੍ਰੀ ਨਾਲ ਨਿਵਾਜਿਆ ਗਿਆ। ਬਾਦ ਵਿਚ ਉਸ ਸਮੇਂ ਦੀ ਪ੍ਰਧਾਨ ਮੰਤਰੀ ਸ੍ਰੀ ਮਤੀ ਇੰਦਰਾ ਗਾਂਧੀ ਦਾ ਕਤਲ ਤੇ ਉਸ ਦੇ ਕਤਲ ਤੋਂ ਬਾਦ ਦੇਸ਼ ਭਰ ਵਿਚ ਬੇ-ਦੋਸ਼ੇ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਇਸ ਸਾਕੇ ਦਾ ਸਿੱਟਾ ਸੀ। 42 ਸਾਲ ਬੀਤ ਜਾਣ ਦੇ ਬਾਵਜੂਦ ਅਜੇ ਤੀਕ ਸਿੱਖਾਂ ਨੂੰ ਇਨਸਾਫ਼ ਨਹੀਂ ਮਿਲਿਆ।ਇਹ ਪ੍ਰਸ਼ਨ ਵਾਰ ਵਾਰ ਉਠਾਇਆ ਜਾਂਦਾ ਰਿਹਾ ਹੈ ਤੇ ਜਾਂਦਾ ਰਹਿਗਾ ਕਿ ਇਹ ਦੁਖ਼ਾਂਤ ਕਿਉਂ ਵਾਪਰਿਆ?**

# ਆਪ੍ਰੇਸ਼ਨ ਬਲਿਊ ਸਟਾਰ ਤੋਂ ਪਹਿਲਾਂ ਹੋਣਾ ਆਪ੍ਰੇਸ਼ਨ ਸੰਨ ਡਾਊਨ


RN Kao with Indira Gandhi









ਸਫ਼ਾ 6 ਦੀ ਬਾਕੀ

ਸਭ ਤੋਂ ਖ਼ੂਨੀ ਹਥਿਆਰਬੰਦ ਸੰਘਰਸ਼ ਸਾਬਤ ਹੋਇਆ। ਫੌਜ ਨੂੰ ਮਸ਼ੀਨ ਗੰਨਾਂ, ਰਾਕੇਟ ਅਤੇ ਅੰਤ ਵਿੱਚ, ਲੋੜ ਪੈਣ 'ਤੇ, ਜੰਗੀ ਟੈਂਕ ਵੀ ਚਲਾਉਣੇ ਪਏ। ਬਲੂ ਸਟਾਰ ਦੇ ਤੂਫਾਨ ਵਿੱਚ, ਆਪਰੇਸ਼ਨ ਸਨ ਡਾਊਨ ਅਤੇ ਇਸ ਦੀਆਂ ਤਿਆਰੀਆਂ ਦੇ ਵੇਰਵੇ ਰਾਅ ਦੇ ਗੁਪਤ ਦਸਤਾਵੇਜ਼ਾਂ ਵਿੱਚ ਦੱਬੇ ਰਹਿ ਗਏ।

ਇਸ ਘਟਨਾ ਦਾ ਜਿੰਨ ਸਾਲ 2012 'ਚ ਬੋਤਲ 'ਚੋਂ ਨਿਕਲਿਆ ਸੀ। ਜਦੋਂ ਇਸ ਕਾਰਵਾਈ ਦਾ ਵੇਰਵਾ ਲੰਡਨ ਦੇ ਕੁਝ ਪੱਤਰਾਂ ਤੋਂ ਸਾਹਮਣੇ ਆਇਆ। ਲੋਕ ਇਹ ਮੰਨ ਰਹੇ ਸਨ ਕਿ ਸਾਕਾ ਨੀਲਾ ਤਾਰਾ ਵਿੱਚ ਬ੍ਰਿਟਿਸ਼ ਇੰਟੈਲੀਜੈਂਸ ਨੇ ਭਾਰਤ ਸਰਕਾਰ ਦੀ ਮਦਦ ਕੀਤੀ ਸੀ। ਪਰ ਰਾਅ ਦੇ ਸੇਵਾਮੁਕਤ ਅਧਿਕਾਰੀ ਇਸ ਮਾਮਲੇ ਵਿੱਚ ਵੱਖਰੀ ਕਹਾਣੀ ਦੱਸਦੇ ਹਨ।

ਦਰਅਸਲ, ਇਸ ਪੂਰੇ ਆਪ੍ਰੇਸ਼ਨ ਪਿੱਛੇ ਕਾਓ ਦਾ ਦਿਮਾਗ ਸੀ। ਉਹ ਬ੍ਰਿਟਿਸ਼ ਇੰਟੈਲੀਜੈਂਸ MI-5 ਵਿੱਚ ਚੰਗੀ ਤਰ੍ਹਾਂ ਜਾਣਿਆ ਜਾਂਦਾ ਸੀ। ਅਤੇ ਉਸ ਦੀ ਬੇਨਤੀ 'ਤੇ, ਐਸਏਐਸ ਅਧਿਕਾਰੀ ਆਪਰੇਸ਼ਨ ਸਨ ਡਾਊਨ ਵਿੱਚ ਮਦਦ ਲਈ ਆਏ ਸਨ। ਬੀ ਰਮਨ, ਜੋ ਰਾਅ ਕਾਊਂਟਰ ਡਿਵੀਜ਼ਨ ਦੇ ਮੁਖੀ ਸਨ, ਆਪਣੀ ਕਿਤਾਬ 'ਦਿ ਕਾਊਬੋਏਜ਼ ਆਫ਼ ਰਾਅ' ਵਿੱਚ ਲਿਖਦੇ ਹਨ ਕਿ ਦਸੰਬਰ 1983 ਵਿੱਚ ਦੋ ਐਮਆਈ-5 ਅਧਿਕਾਰੀਆਂ ਨੇ ਹਰਿਮੰਦਰ ਸਾਹਿਬ ਕੰਪਲੈਕਸ ਦੀ ਰੇਕੀ ਕੀਤੀ ਸੀ। ਫਿਰ ਉਸਨੇ ਯੂਕੇ ਤੋਂ ਇੱਕ ਸੀਨੀਅਰ ਐਸਏਐਸ ਅਧਿਕਾਰੀ ਨੂੰ ਦਿੱਲੀ ਭੇਜਿਆ, ਜਿਸ ਨੇ ਕਾਓ ਨੂੰ ਦੱਸਿਆ ਕਿ ਅਜਿਹਾ ਆਪ੍ਰੇਸ਼ਨ ਸੰਭਵ ਹੈ।

ਇੰਡੀਆ ਟੂਡੇ ਦੇ ਸੀਨੀਅਰ ਪੱਤਰਕਾਰ ਸੰਦੀਪ ਉਨੀਥਨ ਨੇ ਸਾਲ 2014 'ਚ ਇਸ ਪੂਰੇ ਖੁਲਾਸੇ 'ਤੇ ਕਵਰ ਸਟੋਰੀ ਕੀਤੀ ਸੀ। ਉਸ ਅਨੁਸਾਰ ਇੰਦਰਾ ਨੇ ਇਸ ਆਪ੍ਰੇਸ਼ਨ ਲਈ ਨਾਂਹ ਕਰ ਦਿੱਤੀ। ਸ਼ਾਇਦ ਕਾਓ ਇੰਦਰਾ ਦੇ ਫੈਸਲੇ ਨਾਲ ਸਹਿਮਤ ਨਹੀਂ ਸਨ ਪਰ ਉਨ੍ਹਾਂ ਨੇ ਇਸ ਦਾ ਅਸਰ ਆਪਣੇ ਚਿਹਰੇ 'ਤੇ ਨਹੀਂ ਪੈਣ ਦਿੱਤਾ। ਕਿਉਂਕਿ ਕਾਓ ਵੀ ਸਥਿਤੀ ਦੀ ਨਾਜ਼ੁਕਤਾ ਨੂੰ ਸਮਝ ਰਿਹਾ ਸੀ। ਕਈ ਹਫ਼ਤਿਆਂ ਤੋਂ ਉਸਨੂੰ ਵਿਦੇਸ਼ਾਂ ਵਿੱਚ ਰਾਅ ਦੇ ਸਟੇਸ਼ਨ ਮੁਖੀਆਂ ਤੋਂ ਚੇਤਾਵਨੀਆਂ ਮਿਲ ਰਹੀਆਂ ਸਨ ਕਿ ਫੌਜੀ ਕਾਰਵਾਈਆਂ ਦੇ ਗੰਭੀਰ ਨਤੀਜੇ ਨਿਕਲ ਸਕਦੇ ਹਨ। ਜਿਨ੍ਹਾਂ ਦੇਸ਼ਾਂ ਵਿਚ ਸਿੱਖਾਂ ਦੀ ਚੰਗੀ ਆਬਾਦੀ ਸੀ, ਉਨ੍ਹਾਂ ਦੇਸ਼ਾਂ ਵਿਚ ਭਾਰਤ ਪ੍ਰਤੀ ਨਾਰਾਜ਼ਗੀ ਵਧ ਰਹੀ ਸੀ।

ਕਾਓ ਖੁਦ ਕਈ ਮਹੀਨਿਆਂ ਤੋਂ ਵਿਦੇਸ਼ਾਂ ਵਿਚ ਮੌਜੂਦ ਸਿੱਖ ਕੱਟੜਪੰਥੀ ਆਗੂਆਂ ਦੇ ਸੰਪਰਕ ਵਿਚ ਸੀ। ਕਾਓ ਭਿੰਡਰਾਂਵਾਲੇ ਨੂੰ ਹਰਿਮੰਦਰ ਸਾਹਿਬ ਖਾਲੀ ਕਰਨ ਲਈ ਮਨਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਪਰ ਇਸ ਕੋਸ਼ਿਸ਼ ਦਾ ਕੋਈ ਨਤੀਜਾ ਨਹੀਂ ਨਿਕਲਿਆ।

ਭਿੰਡਰਾਂਵਾਲੇ ਨਾਲ ਸਮਝੌਤਾ ਕਰਨ ਦੀ ਕੋਸ਼ਿਸ਼ ਇਸ ਮੁੱਦੇ ਨੂੰ ਹੱਲ ਕਰਨ ਲਈ ਫੌਜੀ ਕਾਰਵਾਈਆਂ ਤੋਂ ਇਲਾਵਾ ਸਿਆਸੀ ਯਤਨ ਵੀ ਕੀਤੇ ਜਾ ਰਹੇ ਸਨ। ਜਨਵਰੀ 1984 ਤੋਂ ਰਾਜੀਵ ਗਾਂਧੀ ਦੀ ਪਹਿਲਕਦਮੀ 'ਤੇ ਸਰਕਾਰ ਨੇ ਭਿੰਡਰਾਂਵਾਲੇ ਨਾਲ ਗੁਪਤ ਗੱਲਬਾਤ ਸ਼ੁਰੂ ਕਰ ਦਿੱਤੀ ਸੀ। ਪਰ ਚਾਰ ਮਹੀਨਿਆਂ ਤੱਕ ਚੱਲੀ ਗੱਲਬਾਤ ਦਾ ਕੋਈ ਨਤੀਜਾ ਨਹੀਂ ਨਿਕਲਿਆ। ਦੋਵੇਂ ਪਾਸੇ ਲੋਕ ਜੰਗ ਲਈ ਤਿਆਰ ਸਨ।

ਇਹ ਅਪ੍ਰੈਲ ਦੇ ਆਖਰੀ ਮਹੀਨਿਆਂ ਦੀ ਗੱਲ ਹੈ। ਬੀਬੀਸੀ ਦਿੱਲੀ ਬਿਊਰੋ ਦੇ ਸਤੀਸ਼ ਜੈਕਬ ਹਰਿਮੰਦਰ ਸਾਹਿਬ ਵਿਖੇ ਮੌਜੂਦ ਸਨ। ਉਸ ਨੇ ਦੇਖਿਆ ਕਿ ਨਿਰਮਾਣ ਸਮੱਗਰੀ ਨਾਲ ਭਰੇ ਕੁਝ ਟਰੱਕ ਹਰਿਮੰਦਰ ਸਾਹਿਬ ਦੇ ਅੰਦਰ ਜਾ ਰਹੇ ਸਨ। ਉਸਨੇ ਇਹ ਵੀ ਦੇਖਿਆ ਕਿ ਇੱਕ ਪਤਲਾ ਅਤੇ ਦਰਮਿਆਨਾ ਕੱਦ ਵਾਲਾ ਆਦਮੀ ਇਸ ਕੰਮ ਲਈ ਹਦਾਇਤਾਂ ਦੇ ਰਿਹਾ ਸੀ। ਚਿੱਟੇ ਰੰਗ ਦੀ ਸਲਵਾਰ ਕਮੀਜ਼ ਪਹਿਨਣ ਵਾਲਾ ਇਹ ਵਿਅਕਤੀ ਮੇਜਰ ਜਨਰਲ ਸ਼ੁਬੇਗ ਸਿੰਘ ਸੀ। ਸ਼ਾਹਬੇਗ 1971 ਵਿੱਚ ਬੰਗਲਾਦੇਸ਼ ਦੀ ਜੰਗ ਦਾ ਹੀਰੋ ਰਿਹਾ ਸੀ। ਉਸਨੇ ਮੁਕਤੀ ਬਾਹਿਨੀ ਦੇ ਲੜਾਕਿਆਂ ਨੂੰ ਸਿਖਲਾਈ ਦਿੱਤੀ ਸੀ। ਪਰ 1976 ਵਿਚ ਸੇਵਾਮੁਕਤ ਹੋਣ ਤੋਂ ਠੀਕ ਪਹਿਲਾਂ ਉਸ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਾਏ ਗਏ ਸਨ।

ਇਸ ਅਪਮਾਨ ਦਾ ਬਦਲਾ ਲੈਣ ਲਈ ਸੁਬੇਗ ਸਿੰਘ ਭਿੰਡਰਾਂਵਾਲੇ ਦਾ ਫੌਜੀ ਸਲਾਹਕਾਰ ਬਣ ਗਿਆ। ਅਤੇ ਉਨ੍ਹਾਂ ਦੇ ਹੁਕਮਾਂ 'ਤੇ ਅਕਾਲ ਤਖ਼ਤ ਨੂੰ ਗੜ੍ਹ ਬਣਾਇਆ ਗਿਆ। ਮਈ 1984 ਦੇ ਅੰਤ ਵਿਚ ਪੰਜਾਬ ਬਾਰੂਦ ਦੇ ਢੇਰ 'ਤੇ ਖੜ੍ਹਾ ਸੀ। ਅਪ੍ਰੈਲ 1983 ਵਿੱਚ, ਡੀਆਈਜੀ ਅਟਵਾਲ ਦਾ ਹਰਿਮੰਦਰ ਸਾਹਿਬ ਦੇ ਅਹਾਤੇ ਵਿੱਚ ਸ਼ਰੇਆਮ ਕਤਲ ਕਰ ਦਿੱਤਾ ਗਿਆ ਸੀ। ਜਿਸ ਤੋਂ ਬਾਅਦ ਸਥਿਤੀ ਵਿਗੜਦੀ ਦੇਖ ਕੇ ਅਕਤੂਬਰ 1983 ਵਿੱਚ ਸੂਬਾ ਸਰਕਾਰ ਨੂੰ ਭੰਗ ਕਰ ਦਿੱਤਾ ਗਿਆ। ਦਿੱਲੀ ਤੋਂ ਹਜ਼ਾਰਾਂ ਨੀਮ ਫੌਜੀ ਬਲਾਂ ਨੂੰ ਅੰਮ੍ਰਿਤਸਰ ਵਿਚ ਤਾਇਨਾਤ ਕੀਤਾ ਗਿਆ ਸੀ। ਸਮਝੌਤੇ ਦੀ ਇੱਕ ਆਖਰੀ ਕੋਸ਼ਿਸ਼ 11 ਮਈ ਨੂੰ ਕੀਤੀ ਗਈ ਸੀ ਪਰ ਭਿੰਡਰਾਂਵਾਲੇ ਨੇ ਇਸ ਨੂੰ ਵੀ ਰੱਦ ਕਰ ਦਿੱਤਾ ਸੀ।

ਕੁਝ ਦਿਨਾਂ ਬਾਅਦ ਫੌਜ ਮੁਖੀ ਜਨਰਲ ਅਰੁਣ ਕੁਮਾਰ ਵੈਦਿਆ ਨੇ ਪ੍ਰਧਾਨ ਮੰਤਰੀ ਦਫਤਰ ਆਉਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਮੀਟਿੰਗਾਂ ਵਿੱਚ ਇੰਦਰਾ ਦੇ ਨਿੱਜੀ ਸਕੱਤਰ ਆਰ ਕੇ ਧਵਨ ਮੌਜੂਦ ਸਨ। 'ਇੰਡੀਆ ਟੂਡੇ' ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਜਨਰਲ ਵੈਦਿਆ ਨੇ ਇੰਦਰਾ ਨਾਲ ਵਾਅਦਾ ਕੀਤਾ ਸੀ ਕਿ ਹਰਿਮੰਦਰ ਸਾਹਿਬ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਜਾਵੇਗਾ ਅਤੇ ਆਮ ਲੋਕਾਂ ਦੀ ਜਾਨ ਨਹੀਂ ਜਾਵੇਗੀ।

2 ਜੂਨ ਤੱਕ ਸਰਕਾਰ ਅਕਾਲੀ ਦਲ ਰਾਹੀਂ ਗੱਲਬਾਤ ਦੀ ਕੋਸ਼ਿਸ਼ ਕਰਦੀ ਰਹੀ। ਪਰ ਜਦੋਂ ਸਾਰੇ ਰਸਤੇ ਬੰਦ ਹੋ ਗਏ ਤਾਂ ਇੰਦਰਾ ਗਾਂਧੀ ਨੇ ਸਾਕਾ ਨੀਲਾ ਤਾਰਾ ਨੂੰ ਹਰੀ ਝੰਡੀ ਦੇ ਦਿੱਤੀ। ਇਹ ਕਾਰਵਾਈ 5 ਤਰੀਕ ਨੂੰ ਸ਼ੁਰੂ ਹੋਈ ਅਤੇ 10 ਤਰੀਕ ਤੱਕ ਜਾਰੀ ਰਹੀ। ਸੈਂਕੜੇ ਲੋਕਾਂ ਦੀ ਜਾਨ ਚਲੀ ਗਈ। ਸਿਰਫ਼ ਇੱਕ ਸਵਾਲ ਪਿੱਛੇ ਰਹਿ ਗਿਆ? ਜੇਕਰ ਆਪ੍ਰੇਸ਼ਨ ਸਨ ਡਾਊਨ ਨੂੰ ਹਰੀ ਝੰਡੀ ਦਿੱਤੀ ਜਾਂਦੀ ਤਾਂ ਸੈਂਕੜੇ ਜਾਨਾਂ ਬਚਾਈਆਂ ਜਾ ਸਕਦੀਆਂ ਸਨ। ਪਰ ਇਹ ਗੱਲ ਫਿਰ 'ਕੀ ਹੋਇਆ ਜੇ ਇਸ ਤਰ੍ਹਾਂ ਹੋਇਆ' ਦੇ ਡੱਬੇ ਵਿਚ ਜਮਾਂ ਹੋ ਜਾਂਦਾ ਹੈ।

## ਕੌਣ ਸਨ ਇਤਿਹਾਸ ਦੀ ਖ਼ੂਨੀ ਲੜਾਈ 'ਆਪ੍ਰੇਸ਼ਨ ਬਲਿਊ ਸਟਾਰ' ਦੇ 6 ਅਹਿਮ ਕਿਰਦਾਰ



ਸਾਲ 1984 ਵਿੱਚ ਇੰਦਰਾ ਗਾਂਧੀ ਦੇਸ਼ ਦੀ ਪ੍ਰਧਾਨ ਮੰਤਰੀ ਸੀ, ਅਤੇ ਉਨ੍ਹਾਂ ਨੇ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਸਮਰਥਕਾਂ ਵਿਰੁੱਧ ਕਾਰਵਾਈ ਕਰਨ ਲਈ ਫੌਜ ਨੂੰ ਆਪ੍ਰੇਸ਼ਨ ਬਲੂ ਸਟਾਰ ਚਲਾਉਣ ਦੀ ਇਜ਼ਾਜਤ ਦਿੱਤੀ ਸੀ।

ਪੰਜਾਬ ਵਿੱਚ ਸਾਕਾ ਨੀਲਾ ਤਾਰਾ ਨੂੰ 42 ਸਾਲ ਪੂਰੇ ਹੋ ਗਏ ਹਨ। ਇਹ ਕਾਰਵਾਈ 1 ਜੂਨ 1984 ਤੋਂ 8 ਜੂਨ 1984 ਤੱਕ ਚੱਲੀ। ਖਾਲਿਸਤਾਨੀ ਅੱਤਵਾਦੀ ਜਰਨੈਲ ਸਿੰਘ ਭਿੰਡਰਾਂਵਾਲਾ ਦੀ ਮੌਤ ਨਾਲ ਇਹ ਅਪਰੇਸ਼ਨ ਸਫਲ ਰਿਹਾ। ਪਰ ਇਸ ਅਪਰੇਸ਼ਨ ਤੋਂ ਬਾਅਦ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਕਰ ਦਿੱਤੀ ਗਈ ਸੀ। ਇਸ ਘਟਨਾ ਨਾਲ ਪੂਰਾ ਦੇਸ਼ ਹਿੱਲ ਗਿਆ ਸੀ। ਅੱਜ ਅਸੀਂ ਤੁਹਾਨੂੰ ਸਾਕਾ ਨੀਲਾ ਤਾਰਾ ਨਾਲ ਜੁੜੇ ਅਹਿਮ ਕਿਰਦਾਰਾਂ ਬਾਰੇ ਦੱਸਾਂਗੇ ਅਤੇ ਇਹ ਜਾਣਨ ਦੀ ਕੋਸ਼ਿਸ਼ ਕਰਾਂਗੇ ਕਿ ਉਹ ਇਸ ਮਿਲਟਰੀ ਆਪਰੇਸ਼ਨ ਨਾਲ ਕਿਵੇਂ ਜੁੜੇ ਹੋਏ ਸਨ। ਅੱਧੀ ਰਾਤ ਨੂੰ ਭਿੰਡਰਾਂਵਾਲੇ ਵਿਰੁੱਧ ਕਾਰਵਾਈ ਕਰਨ ਦੀ ਯੋਜਨਾ ਬਣਾਈ ਗਈ। ਇਸੇ ਕਰਕੇ ਇਸ ਨੂੰ ਅਪਰੇਸ਼ਨ ਬਲੂ ਸਟਾਰ ਦਾ ਨਾਮ ਦਿੱਤਾ ਗਿਆ। ਨੀਲੇ ਦਾ ਅਰਥ ਹੈ ਨੀਲਾ ਅਸਮਾਨ ਅਤੇ ਤਾਰਾ ਦਾ ਮਤਲਬ ਤਾਰੇ।

**1- ਲੈਫਟੀਨੈਂਟ ਜਨਰਲ ਕੁਲਦੀਪ ਸਿੰਘ ਬਰਾੜ: ਆਪਰੇਸ਼ਨ ਦਾ ਹੀਰੋ**

ਲੈਫਟੀਨੈਂਟ ਜਨਰਲ ਕੁਲਦੀਪ ਸਿੰਘ ਬਰਾੜ ਸਾਕਾ ਨੀਲਾ ਤਾਰਾ ਦੇ ਹੀਰੋ ਸਨ। ਉਨ੍ਹਾਂ ਨੇ ਹੀ ਇਸ ਆਪਰੇਸ਼ਨ ਦੀ ਅਗਵਾਈ ਕੀਤੀ ਸੀ। ਜਦੋਂ ਉਨ੍ਹਾਂ ਨੂੰ ਇਸ ਆਪਰੇਸ਼ਨ ਬਾਰੇ ਦੱਸਿਆ ਗਿਆ ਤਾਂ ਉਸ ਸਮੇਂ ਉਹ ਮੇਰਠ ਦੀ 9 ਇਨਫੈਂਟਰੀ ਡਿਵੀਜ਼ਨ ਦੀ ਕਮਾਂਡ ਕਰ ਰਹੇ ਸਨ। ਓਪਰੇਸ਼ਨ ਬਲੂ ਸਟਾਰ ਸ਼ੁਰੂ ਹੋਣ ਤੋਂ ਦੋ ਦਿਨ ਪਹਿਲਾਂ 30 ਮਈ 1984 ਨੂੰ ਉਨ੍ਹਾਂ ਨੂੰ ਆਪਰੇਸ਼ਨ ਦੀ ਅਗਵਾਈ ਕਰਨ ਬਾਰੇ ਫ਼ੋਨ 'ਤੇ ਦੱਸਿਆ ਗਿਆ ਸੀ। ਬਰਾੜ ਨੇ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ ਉਨ੍ਹਾਂ ਨੂੰ ਇਸ ਅਪਰੇਸ਼ਨ ਦਾ ਕੋਈ ਪਛਤਾਵਾ ਨਹੀਂ ਹੈ। ਉਨ੍ਹਾਂ ਦੱਸਿਆ ਕਿ ਫੌਜ ਨੂੰ ਇਸ ਆਪਰੇਸ਼ਨ ਬਾਰੇ ਨਹੀਂ ਦੱਸਿਆ ਗਿਆ ਕਿਉਂਕਿ ਫੌਜ ਨੂੰ ਡਰ ਸੀ ਕਿ ਪੁਲਿਸ ਖਾਲਿਸਤਾਨ ਦਾ ਸਮਰਥਨ ਕਰੇਗੀ। ਸਾਕਾ ਨੀਲਾ ਤਾਰਾ ਵਿੱਚ 492 ਲੋਕਾਂ ਦੀ ਜਾਨ ਚਲੀ ਗਈ ਸੀ। ਇਸ ਵਿੱਚ 4 ਫੌਜੀ ਅਫਸਰਾਂ ਸਮੇਤ 83 ਜਵਾਨ ਸ਼ਹੀਦ ਹੋਏ ਸਨ।

**2-ਭਿੰਡਰਾਂਵਾਲੇ: ਅਕਾਲ ਤਖ਼ਤ ਤੇ ਕਬਜ਼ਾ ਕਰਕੇ ਹਥਿਆਰ ਇਕੱਠੇ ਕੀਤੇ**

ਜਰਨੈਲ ਸਿੰਘ ਭਿੰਡਰਾਂਵਾਲੇ ਦੀ ਗੱਲ ਕਰੀਏ ਤਾਂ ਉਹ ਸ਼ੁਰੂ ਵਿੱਚ ਸਿਰਫ਼ ਇੱਕ ਧਾਰਮਿਕ ਆਗੂ ਸੀ। ਸੰਨ 1977 ਵਿੱਚ ਉਸ ਨੂੰ ਸਿੱਖਾਂ ਦੇ ਧਰਮ ਪ੍ਰਚਾਰ ਦੀ ਮੁੱਖ ਸ਼ਾਖਾ ਦਮਦਮੀ ਟਕਸਾਲ ਦਾ ਪ੍ਰਧਾਨ ਬਣਾਇਆ ਗਿਆ। ਸਾਲ 1978 ਵਿਚ ਵਿਸਾਖੀ ਵਾਲੇ ਦਿਨ ਸਿੱਖਾਂ ਅਤੇ ਨਿਰੰਕਾਰੀ ਸਿੱਖਾਂ ਵਿਚਕਾਰ ਹਿੰਸਾ ਹੋਈ ਸੀ। ਇਸ ਵਿੱਚ 12 ਨਿਰੰਕਾਰੀ ਮਾਰੇ ਗਏ ਅਤੇ ਭਿੰਡਰਾਂਵਾਲਾ ਉਭਰਿਆ। ਤਿੰਨ ਸਾਲ ਪਹਿਲਾਂ ਵਿਸਾਖੀ ਵਾਲੇ ਦਿਨ ਹੋਈ ਹਿੰਸਾ 'ਤੇ 1980 'ਚ ਫੈਸਲਾ ਆਇਆ ਅਤੇ ਨਿਰੰਕਾਰੀ ਬਾਬਾ ਗੁਰਬਚਨ ਨੂੰ ਰਿਹਾਅ ਕਰ ਦਿੱਤਾ ਗਿਆ। ਦੋ ਮਹੀਨੇ ਬਾਅਦ ਦਿੱਲੀ ਵਿੱਚ ਉਸ ਦਾ ਕਤਲ ਕਰ ਦਿੱਤਾ ਗਿਆ ਅਤੇ ਭਿੰਡਰਾਂਵਾਲੇ ਅਤੇ ਉਸ ਦੇ ਸਮਰਥਕਾਂ ਉੱਤੇ ਇਸ ਦਾ ਦੋਸ਼ ਲਾਇਆ ਗਿਆ। ਇਸ ਤੋਂ ਬਾਅਦ ਪੰਜਾਬ ਕੇਸਰੀ ਦੇ ਮਾਲਕ ਲਾਲਾ ਜਗਤ ਨਰਾਇਣ ਸਿੰਘ ਦਾ ਕਤਲ ਕਰ ਦਿੱਤਾ ਗਿਆ। ਇਸ ਮਾਮਲੇ ਵਿੱਚ ਭਿੰਡਰਾਂਵਾਲੇ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਕਾਰਨ ਉਹ ਸਿੱਖ ਸਿਆਸਤ ਵਿੱਚ ਇੱਕ ਵੱਡੇ ਚਿਹਰੇ ਵਜੋਂ ਉਭਰਿਆ। ਕੁਝ ਸਮੇਂ ਬਾਅਦ ਭਿੰਡਰਾਂਵਾਲਿਆਂ ਨੇ ਹਰਿਮੰਦਰ ਸਾਹਿਬ ਨੂੰ ਆਪਣਾ ਆਧਾਰ ਬਣਾ ਲਿਆ। ਇਸ ਤੋਂ ਬਾਅਦ ਉਨ੍ਹਾਂ ਨੇ ਆਪਣੇ ਸਮਰਥਕਾਂ ਸਮੇਤ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕਬਜ਼ਾ ਕਰ ਲਿਆ ਅਤੇ ਕੰਪਲੈਕਸ ਅੰਦਰ ਹਥਿਆਰ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ। ਸਾਕਾ ਨੀਲਾ ਤਾਰਾ ਵਿੱਚ ਭਿੰਡਰਾਂਵਾਲਾ ਮਾਰਿਆ ਗਿਆ ਸੀ।

**3-ਮੇਜਰ ਜਨਰਲ ਸੁਬੇਗ ਸਿੰਘ: ਖਾਲਿਸਤਾਨੀ ਫੌਜ ਨੂੰ ਸਿਖਲਾਈ ਦਿੱਤੀ**

ਮੇਜਰ ਜਨਰਲ ਸੁਬੇਗ ਸਿੰਘ ਉਹ ਵਿਅਕਤੀ ਸੀ ਜਿਸ ਨੇ ਭਿੰਡਰਾਂਵਾਲੇ ਦੁਆਰਾ ਬਣਾਈ ਖਾਲਿਸਤਾਨੀ ਫੌਜ ਨੂੰ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਦੇ ਅੰਦਰ ਫੌਜ ਦਾ ਮੁਕਾਬਲਾ ਕਰਨ ਲਈ ਸਿਖਲਾਈ ਦਿੱਤੀ ਸੀ। ਉਹ ਹਮੇਸ਼ਾ ਭਿੰਡਰਾਂਵਾਲੇ ਦੇ ਆਲੇ-ਦੁਆਲੇ ਨਜ਼ਰ ਆਉਂਦਾ ਸੀ। ਸੁਬੇਗ ਨੇ ਆਪਣੀ ਮੌਤ ਤੋਂ ਪਹਿਲਾਂ ਕਰੀਬ 200 ਖਾਲਿਸਤਾਨੀ ਸਮਰਥਕਾਂ ਨਾਲ ਫੌਜ ਨਾਲ ਲੋਹਾ ਲਿਆ ਸੀ। ਸੁਬੇਗ ਦੀ ਗੱਲ ਕਰੀਏ ਤਾਂ ਉਸ ਨੂੰ ਵਿੱਤੀ ਗੜਬੜੀ ਦੇ ਇੱਕ ਮਾਮਲੇ ਵਿੱਚ ਸੇਵਾਮੁਕਤੀ ਤੋਂ ਇੱਕ ਦਿਨ ਪਹਿਲਾਂ ਬਰਖਾਸਤ ਕਰ ਦਿੱਤਾ ਗਿਆ ਸੀ। ਇਸ ਨਾਲ ਉਹ ਸਰਕਾਰ ਦੇ ਖਿਲਾਫ ਹੋ ਗਿਆ। ਭਾਰਤੀ ਫੌਜ ਵਿੱਚ ਰਹਿੰਦਿਆਂ ਉਸ ਨੇ 1962, 1965 ਅਤੇ 1971 ਦੀਆਂ ਜੰਗਾਂ ਵਿੱਚ ਹਿੱਸਾ ਲਿਆ। ਪਾਕਿਸਤਾਨ ਨਾਲ 1971 ਦੀ ਜੰਗ ਵਿੱਚ ਉਸ ਨੇ ਬੰਗਲਾਦੇਸ਼ ਦੀ ਮੁਕਤੀ ਵਾਹਿਨੀ ਨੂੰ ਸਿਖਲਾਈ ਦਿੱਤੀ ਸੀ।

**4- ਇੰਦਰਾ ਗਾਂਧੀ: ਆਪ੍ਰੇਸ਼ਨ ਜੋ ਮੌਤ ਦਾ ਕਾਰਨ ਬਣਿਆ**

ਇੰਦਰਾ ਗਾਂਧੀ ਸਾਲ 1984 ਵਿੱਚ ਦੇਸ਼ ਦੀ ਪ੍ਰਧਾਨ ਮੰਤਰੀ ਸੀ ਅਤੇ ਉਨ੍ਹਾਂ ਨੇ ਭਿੰਡਰਾਂਵਾਲੇ ਅਤੇ ਉਸ ਦੇ ਸਮਰਥਕਾਂ ਵਿਰੁੱਧ ਕਾਰਵਾਈ ਕਰਨ ਲਈ ਫੌਜ ਨੂੰ ਆਪ੍ਰੇਸ਼ਨ ਬਲੂ ਸਟਾਰ ਚਲਾਉਣ ਦੀ ਇਜਾਜ਼ਤ ਦਿੱਤੀ ਸੀ। ਇਸ ਦਾ ਕਾਰਨ ਖੁਫੀਆ ਜਾਣਕਾਰੀਆਂ ਸਨ, ਜਿਨ੍ਹਾਂ ਨੇ ਸੁਝਾਅ ਦਿੱਤਾ ਸੀ ਕਿ ਜੇਕਰ ਸਥਿਤੀ ਨੂੰ ਕਾਬੂ ਹੇਠ ਨਾ ਲਿਆਂਦਾ ਗਿਆ ਤਾਂ ਪੰਜਾਬ ਹੱਥੋਂ ਨਿਕਲ ਸਕਦਾ ਹੈ। ਸਾਕਾ ਨੀਲਾ ਤਾਰਾ ਤੋਂ ਪਹਿਲਾਂ ਪੰਜਾਬ ਵਿੱਚ ਹਿੰਸਾ ਵਿੱਚ 300 ਲੋਕ ਮਾਰੇ ਗਏ ਸਨ। ਇਸ ਅਪਰੇਸ਼ਨ ਨੂੰ ਮਨਜ਼ੂਰੀ ਦੇਣ ਦੀ ਕੀਮਤ ਇੰਦਰਾ ਨੂੰ ਆਪਣੀ ਜਾਨ ਦੇ ਕੇ ਚੁਕਾਉਣੀ ਪਈ। ਇਸ ਆਪਰੇਸ਼ਨ ਤੋਂ ਬਾਅਦ 31 ਅਕਤੂਬਰ 1984 ਨੂੰ ਇੰਦਰਾ ਗਾਂਧੀ ਨੂੰ ਉਨ੍ਹਾਂ ਦੇ ਸਿੱਖ ਅੰਗ ਰੱਖਿਅਕਾਂ ਨੇ ਗੋਲੀ ਮਾਰ ਦਿੱਤੀ ਸੀ। ਇਸ ਲਈ ਆਪਰੇਸ਼ਨ ਬਲੂ ਸਟਾਰ ਨੂੰ ਜ਼ਿੰਮੇਵਾਰ ਮੰਨਿਆ ਜਾਂਦਾ ਹੈ।

**5- ਆਰ ਐਨ. ਕਾਓ: RAW ਸਥਾਪਿਤ, ਕਾਰਵਾਈ ਲਈ ਕੀਤਾ ਅਲਰਟ**

ਕਾਲੇ ਅਤੇ ਮੋਟੇ ਐਨਕਾਂ ਪਾਉਣ ਵਾਲੇ ਆਰ ਐਨ. ਕਾਓ ਦਾ ਅਪਰੇਸ਼ਨ ਬਲੂ ਸਟਾਰ ਨਾਲ ਵੀ ਵਿਸ਼ੇਸ਼ ਸਬੰਧ ਸੀ। ਕਾਓ ਨੇ 1968 ਵਿੱਚ ਖੁਫੀਆ ਏਜੰਸੀ RAW ਦੀ ਨੀਂਹ ਰੱਖੀ ਸੀ। 1981 ਵਿੱਚ, ਉਹ ਇੰਦਰਾ ਗਾਂਧੀ ਦੀ ਸਰਕਾਰ ਵਿੱਚ ਸੀਨੀਅਰ ਸਹਾਇਕ ਦੇ ਅਹੁਦੇ 'ਤੇ ਵਾਪਸ ਆ ਗਏ ਅਤੇ ਰਾਸ਼ਟਰੀ ਸਲਾਹਕਾਰ ਬਣ ਗਏ। ਇਹ ਉਹ ਸੀ ਜੋ ਆਪ੍ਰੇਸ਼ਨ ਬਲੂ ਸਟਾਰ ਸ਼ੁਰੂ ਹੋਣ ਤੋਂ ਪਹਿਲਾਂ ਸਿੱਖ ਆਬਾਦੀ ਵਾਲੇ ਸ਼ਹਿਰਾਂ ਵਿੱਚ ਰਾਅ ਦਾ ਮੁਖੀ ਸਨ। ਉਹ ਭਲੀ ਭਾਂਤ ਜਾਣਦੇ ਸੀ ਕਿ ਉਗਰਵਾਦਿਆਂ ਨੂੰ ਬਾਹਰ ਕੱਢਣ ਦੀ ਕਾਰਵਾਈ ਕਰਨ ਨਾਲ ਮਾੜਾ ਪ੍ਰਭਾਵ ਪਵੇਗਾ।

**6-ਏ.ਐੱਸ. ਵੈਦਿਆ: ਦਾਅਵਾ ਕੀਤਾ ਕਿ ਅਪਰੇਸ਼ਨ 'ਚ ਕੋਈ ਮੌਤ ਨਹੀਂ ਹੋਵੇਗੀ**

ਜਨਰਲ ਅਰੁਣ ਸ਼੍ਰੀਧਰ ਵੈਦਿਆ ਨੂੰ ਭਾਰਤੀ ਫੌਜ ਦਾ ਮੁਖੀ ਨਿਯੁਕਤ ਕੀਤਾ ਗਿਆ ਸੀ। 31 ਜੁਲਾਈ 1983 ਨੂੰ ਉਹ ਸੈਨਾ ਦੇ 13ਵੇਂ ਮੁਖੀ ਬਣੇ। ਸ੍ਰੀਧਰ ਵੈਦਿਆ ਨੇ 1984 ਵਿੱਚ ਹਰਿਮੰਦਰ ਸਾਹਿਬ ਤੋਂ ਵੱਖਵਾਦੀਆਂ ਨੂੰ ਬਾਹਰ ਕੱਢਣ ਲਈ ਸਾਕਾ ਨੀਲਾ ਤਾਰਾ ਦੀ ਯੋਜਨਾ ਬਣਾਈ ਸੀ। ਉਨ੍ਹਾਂ ਨੇ ਅਪਰੇਸ਼ਨ ਤੋਂ ਪਹਿਲਾਂ ਦਾਅਵਾ ਕੀਤਾ ਸੀ ਕਿ ਪੂਰੇ ਅਪਰੇਸ਼ਨ ਦੌਰਾਨ ਕਿਸੇ ਦੀ ਮੌਤ ਨਹੀਂ ਹੋਵੇਗੀ। ਹਾਲਾਂਕਿ ਅਜਿਹਾ ਨਹੀਂ ਹੋ ਸਕਿਆ।






ਸਫ਼ਾ 6 ਦੀ ਬਾਕੀ

ਨੇ ਆਪਣੇ ਰਾਜ ਦੇ ਅੰਤਲੇ ਕਾਲ ਵਿੱਚ ਆਪਣੇ ਰਵਾਇਤੀ ਮਦਦਗਾਰਾਂ- ਮੁਸਲਮਾਨਾਂ ਤੇ ਹਰੀਜਨਾਂ ਨੂੰ ਛੱਡ ਦਿੱਤਾ ਅਤੇ ਬਹੁਮਤ ਹਿੰਦੂ ਭਾਈਚਾਰੇ ਨੂੰ ਇੱਕ ਨਿੱਗਰ ਵੋਟ ਸਮੂਹ ਵਿੱਚ ਢਾਲਣ ਦੀ ਕੋਸ਼ਿਸ਼ ਕੀਤੀ। ਉਸ ਨੇ ਭਿੰਡਰਾਂਵਾਲੇ ਦੇ ਖ਼ਿਲਾਫ਼ ਕਾਰਵਾਈ ਵਿੱਚ ਦੇਰ ਇਸ ਲਈ ਕੀਤੀ, ਕਿਉਂਕਿ ਉਹ ਘੱਟ ਗਿਣਤੀ ਭਾਈਚਾਰੇ ਦੇ ਹਿੰਦੂ ਧਰਮ ਨੂੰ ਪ੍ਰਤੱਖ ਵੰਗਾਰਣ 'ਤੇ ਖ਼ੁਸ਼ ਸੀ। ਇਸ ਨੇ ਉਸ ਦੀ ਹਿੰਦੂ ਭਾਈਵਾਰੇ ਨੂੰ ਇਕੱਠਾ ਕਰਕੇ ਜੋੜਨ ਵਿੱਚ ਮਦਦ ਕੀਤੀ। ਲੇਖਕਾਂ ਅਨੁਸਾਰ 1984 ਵਿੱਚ ਸ੍ਰੀ ਮਤੀ ਇੰਦਰਾ ਗਾਂਧੀ ਦੀ ਪ੍ਰਤਿਸ਼ਠਾ ਨੀਵੀਂ ਹੋ ਗਈ ਸੀ। ਉਪ ਚੋਣਾਂ ਸ੍ਰੀ ਮਤੀ ਇੰਦਰਾ ਗਾਂਧੀ ਦੀ ਕਾਂਗਰਸ ਲਈ ਭੈੜੀਆਂ ਸਿੱਧ ਹੋ ਰਹੀਆਂ ਸਨ। ਆਪਣੇ ਸਾਹਮਣੇ ਮੂੰਹ ਅੱਡੀ ਖੜ੍ਹੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਸ੍ਰੀ ਮਤੀ ਇੰਦਰਾ ਗਾਂਧੀ ਅਨਿਸਚਿਤ ਜਾਪਦੀ ਸੀ। ਪਾਰਲੀਮੈਂਟ ਦੇ ਕੇਂਦਰੀ ਹਾਲ ਵਿੱਚ ਜਿੱਥੇ ਕਿ ਮੈਂਬਰ ਅਕਸਰ ਅਫ਼ਵਾਹਾਂ ਦੇ ਅਦਾਨ ਪ੍ਰਦਾਨ ਲਈ ਇਕੱਠੇ ਹੁੰਦੇ ਵਿੱਚ ਇਸ ਸੰਭਾਵਨਾ ਦੀ ਕਾਫੀ ਚਰਚਾ ਸੀ ਕਿ ਕਾਂਗਰਸ ਚੋਣ ਹਾਰ ਜਾਵੇਗੀ। ਪ੍ਰੈਸ ਵੀ ਸ੍ਰੀ ਮਤੀ ਇੰਦਰਾ ਗਾਂਧੀ ਦੇ ਚੋਣ ਭਵਿੱਖ ਤੋਂ ਜ਼ਿਆਦਾ ਆਸ਼ਾਵਦੀ ਨਹੀਂ ਸੀ। ਇਸ ਲਈ ਲੇਖਕਾਂ ਦਾ ਵਿਸ਼ਵਾਸ ਹੈ ਇੱਕ ਵਾਰ ਫਿਰ ਤਬਾਹੀ ਦਾ ਸਾਹਮਣਾ ਕਰਦੇ ਹੋਏ, ਸ੍ਰੀ ਮਤੀ ਇੰਦਰਾ ਗਾਂਧੀ ਭਿੰਡਰਾਂਵਾਲੇ ਦੇ ਖ਼ਿਲਾਫ਼ ਕਰੜੀ ਕਾਰਵਾਈ ਕਰਨ ਲਈ ਮਜ਼ਬੂਰ ਹੋ ਗਈ। ਦਿੱਲੀ ਵਿਚਲੇ ਸਿੱਖ ਕਤਲੇਆਮ ਤੋਂ ਬਾਅਦ ਇਸ ਦੀ ਜਾਂਚ ਪੰਜ ਮਹੀਨੇ ਬਾਅਦ ਕਰਾਉਣਾ ਵੀ ਸ੍ਰੀ ਰਾਜੀਵ ਗਾਂਧੀ ਦੀ ਵੋਟ ਰਾਜਨੀਤੀ ਸੀ।ਸ੍ਰੀ ਰਾਜੀਵ ਗਾਂਧੀ ਨੇ ਜਾਂਚ ਨੂੰ ਆਮ ਚੋਣਾਂ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਹੋਣ ਤੀਕ ਮੁਲਤਵੀ ਰੱਖਿਆ, ਜਿਨ੍ਹਾਂ ਨੂੰ ਆਪਣੇ ਪ੍ਰਧਾਨ ਮੰਤਰੀ ਪਦ ਨੂੰ ਪ੍ਰਾਪਤ ਕਰਨ ਲਈ ਫੈਸਲਾਕੁੰਨ ਰੂਪ ਵਿੱਚ ਜਿੱਤਣਾ ਉਸ ਦੀ ਜ਼ਰੂਰਤ ਸੀ। ਉਹ ਇਸ ਗੱਲੋਂ ਡਰਦਾ ਸੀ ਕਿ ਕੋਈ ਵੀ ਜਾਂਚ ਹਿੰਦੂ ਵੋਟਰਾਂ ਵਿੱਚ ਅਪ੍ਰਿਯ ਹੋਵੇਗੀ ਭਾਵ ਹਿੰਦੂਆਂ ਨੂੰ ਨਰਾਜ਼ ਕਰੇਗੀ।

ਗ੍ਰਹਿ ਮੰਤਰਾਲੇ ਦੇ ਅਧਿਕਾਰੀ ਚਾਹੁੰਦੇ ਸਨ ਕਿ ਜੋ ਵੀ ਪੰਜਾਬ ਵਿੱਚ ਗ਼ਲਤ ਹੋਇਆ ਹੈ, ਇਸ ਦਾ ਜ਼ਿਆਦਾ ਦੋਸ਼ ਪਾਕਿਸਤਾਨ ਸਿਰ ਮੜ੍ਹਿਆ ਜਾਵੇ। ਉਨ੍ਹਾਂ ਨੂੰ ਯਕੀਨ ਸੀ ਕਿ ਇਹ ਬਹੁਤ ਸਾਰੇ ਸਿੱਖਾਂ ਨੂੰ ਜਚਾ ਦੇਵੇਗਾ ਕਿ ਸਰਕਾਰ ਨੇ ਉਨ੍ਹਾਂ ਨੂੰ ਇੱਕ ਸਾਜ਼ਿਸ਼ ਤੋਂ ਬਚਾਇਆ ਹੈ, ਜਿਹੜੀ ਉਨ੍ਹਾਂ ਨੂੰ ਮੁੜ ਉਸ ਮੁਸਲਿਮ ਗ਼ਲਬੇ ਅਧੀਨ ਕਰ ਦਿੰਦੀ, ਜਿਸ ਨੂੰ ਉਨ੍ਹਾਂ ਨੇ ਵੰਡ ਸਮੇਂ ਰੱਦ ਕੀਤਾ ਸੀ। ਪ੍ਰੰਤੂ ਵਿਦੇਸ਼ੀ ਮਾਮਲਿਆਂ ਦੇ ਮੰਤਰਾਲੇ ਨੇ ਚਿਤਾਵਨੀ ਦਿੱਤੀ ਕਿ ਪਾਕਿਸਤਾਨ ਦਾ ਹਵਾਲਾ ਭਾਰਤ ਦੇ ਅਮਰੀਕਾ ਨਾਲ ਸਬੰਧਾਂ ਨਾਲ ਬਖ਼ੇੜਾ ਕਰੇਗਾ। ਇਸ ਤਰ੍ਹਾਂ ਲੰਬੀ ਸੋਚ ਵਿਚਾਰ ਪਿੱਛੋਂ ਵਾਇਟ ਪੇਪਰ, ਪਾਕਿਸਤਾਨ ਦਾ ਹਵਾਲਾ ਦਿੱਤੇ ਬਿਨਾਂ ਛਾਪਿਆ ਗਿਆ। ਲੇਖਕਾਂ ਨੇ ਸ੍ਰੀ ਮਤੀ ਇੰਦਰਾ ਗਾਂਧੀ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜਨ ਦੇ ਮਨਸੂਬਿਆਂ ਬਾਰੇ ਵੀ ਦੱਸਿਆ ਹੈ ਅਤੇ ਸ੍ਰੀ ਦਰਬਾਰ ਸਾਹਿਬ ਦਾ ਕਬਜ਼ਾ ਮੁੜ ਸ਼੍ਰੋਮਣੀ ਕਮੇਟੀ ਨੂੰ ਸੌਂਪਣ ਲਈ ਸਿੰਘ ਸਾਹਿਬਾਨ ਨਾਲ ਸ. ਬੂਟਾ ਸਿੰਘ ਅਤੇ ਫੌਜ਼ੀ ਅਧਿਕਾਰੀਆਂ ਵੱਲੋਂ ਕੀਤੇ ਸਮਝੌਤਿਆਂ ਨੂੰ ਤਾਰਪੀਡੋ ਕਰਨ ਦਾ ਸਾਰਾ ਦੋਸ਼ ਸ੍ਰੀ ਮਤੀ ਇੰਦਰਾ ਗਾਂਧੀ ਉਪਰ ਲਾਇਆ ਹੈ।

ਉਨ੍ਹਾਂ ਨੇ ਪੰਜਾਬ ਦੇ ਦੁਖਾਂਤ ਅਤੇ ਸ੍ਰੀ ਮਤੀ ਗਾਂਧੀ ਦੇ ਕਤਲ ਲਈ ਸੰਤ ਭਿੰਡਰਾਂਵਾਲੇ ਅਤੇ ਸ. ਬੇਅੰਤ ਸਿੰਘ ਨੂੰ ਦੋਸ਼ ਮੁਕਤ ਕਰਦੇ ਹੋਏ ਸ੍ਰੀ ਮਤੀ ਇੰਦਰਾ ਗਾਂਧੀ ਦੁਆਰਾ ਸਿਰਜੇ ਸਿਆਸੀ ਵਾਤਾਵਰਣ ਨੂੰ ਮੁੱਖ ਦੋਸ਼ੀ ਠਹਿਰਾਇਆ ਹੈ। ਉਨ੍ਹਾਂ ਇਸ ਅਧਿਆਇ ਨੂੰ ਇਨ੍ਹਾਂ ਸ਼ਬਦਾਂ ਨਾਲ ਸ਼ੁਰੂ ਕੀਤਾ ਹੈ " ਸ੍ਰੀ ਮਤੀ ਗਾਂਧੀ ਦਾ ਕਤਲ ਕਿਸ ਨੇ ਕੀਤਾ ? 'ਮੈਂ'! ਸਬ ਇੰਸਪੈਕਟਰ ਬੇਅੰਤ ਸਿੰਘ ਨੇ ਕਿਹਾ ਜਦੋਂ ਉਸ ਨੇ ਸ੍ਰੀ ਮਤੀ ਗਾਂਧੀ ਦੇ ਬਾਗ਼ ਵਿੱਚ ਕਮਾਂਡੋਆਂ ਨੂੰ ਆਤਮ ਸਮਰਪਣ ਕੀਤਾ। ਪ੍ਰੰਤੂ ਉਹ ਆਪ ਸ਼ਿਕਾਰ ਸੀ, ਬਲੀ ਦਾ ਬਕਰਾ ਸੀ, ਜਿਸ ਨੂੰ ਅਪਰੇਸ਼ਨ ਬਲੂ ਸਟਾਰ ਤੋਂ ਬਾਅਦ ਸਾਰੇ ਸਿੱਖ ਭਾਈਚਾਰੇ ਵਿੱਚ ਫੈਲਿਆ ਗੁਸਾ ਵਹਾ ਲੈ ਗਿਆ ਸੀ-ਉਹ ਗੁੱਸਾ ਜਿਸ ਨੂੰ ਸਿਰਜਣ ਲਈ ਉਸ ਨੇ ਕੁਝ ਨਹੀਂ ਸੀ ਕੀਤਾ। ਇਹ ਉਨ੍ਹਾਂ ਦੀ ਸਿਰਜਣਾ ਸੀ ਜਿਨ੍ਹਾਂ ਨੇ ਸਿੱਖ ਭਾਈਚਾਰੇ ਦੀ ਅਗਵਾਈ ਕਰਨ ਦੀ ਜ਼ਿੰਮੇਵਾਰੀ ਚੁੱਕੀ ਸੀ। ਉਨ੍ਹਾਂ ਦੀ ਜਿਨ੍ਹਾਂ ਨੇ ਭਾਰਤ ਉੱਤੇ ਰਾਜ ਕਰਨ ਦੀ ਜ਼ਿੰਮੇਵਾਰੀ ਸਾਂਭੀ ਹੋਈ ਸੀ। ਉਸ ਸਮੇਂ ਤੇ ਕਾਲ ਦੀ ਜਿਸ ਨੇ ਜਿਸ ਵਿੱਚ ਉਹ ਜੀਅ ਰਹੇ ਸਨ। ਸੰਤ ਭਿੰਡਰਾਂਵਾਲੇ ਅਤੇ ਉਸ ਦੀ ਸਿੱਖ ਮੂਲ ਸਿਧਾਂਤਵਾਦਿਤਾ ਜਿਸ ਦੀ ਪਰਵਿਰਸ਼ ਹਿੰਦੂਆਂ ਦੀ ਨਫ਼ਰਤ ਨਾਲ ਕੀਤੀ ਗਈ ਸੀ ਨੂੰ ਆਸਾਨੀ ਨਾਲ ਦੋਸ਼ ਦੇ ਦੇਣਾ ਬਹੁਤ ਸੌਖਾ ਹੈ। ਪ੍ਰੰਤੂ ਮੂਲ ਸਿਧਾਂਤਵਾਦਿਤਾ ਦੀ ਹੋਂਦ ਖਲਾਅ (ਖਾਲੀ ਥਾਂ) ਵਿੱਚ ਨਹੀਂ ਹੁੰਦੀ। ਕੋਈ ਸ਼ਾਹ ਨਹੀਂ ਤਾਂ ਕੋਈ ਖੁਮੈਨੀ ਨਹੀਂ ਉਪਜਦਾ। ਕੋਈ ਇੰਦਰਾ ਨਹੀਂ ਤਾਂ ਕੋਈ ਭਿੰਡਰਾਂਵਾਲਾ ਨਹੀਂ ਬਣਦਾ। ਇਹ ਟਿੱਪਣੀ ਬਹੁਤ ਸਖ਼ਤ ਪ੍ਰਤੀ ਹੋ ਸਕਦੀ ਹੈ। ਇਹ ਇਸ ਕਰਕੇ ਕਿ ਸ੍ਰੀ ਮਤੀ ਗਾਂਧੀ ਕਿਸੇ ਵੀ ਤਰ੍ਹਾਂ ਅੱਤਿਆਚਾਰੀ ਸ਼ਾਸਕ ਜਾਂ ਖ਼ੁਦ ਮੁਖ਼ਤਾਰ ਬਾਦਸ਼ਾਹ ਨਹੀਂ ਸੀ। ਪਰ ਉਹ ਅਜਿਹੇ ਸਿਆਸੀ ਵਾਤਾਵਰਣ ਲਈ ਜ਼ਿੰਮੇਵਾਰ ਸੀ ਜਿਸ ਨੇ ਭਿੰਡਰਾਂਵਾਲੇ ਦੀ ਮੂਲ਼ ਸਿਧਾਂਤਵਾਦਿਤਾ ਨੂੰ ਉਚਿਤਤਾ ਪ੍ਰਦਾਨ ਕੀਤੀ"। ਉਨ੍ਹਾਂ ਨੇ ਸੰਤ ਭਿੰਡਰਾਂਵਾਲੇ ਨੂੰ ਉਚਾ ਚੁੱਕਣ ਅਤੇ ਉਸ ਵਿਰੁੱਧ ਸਮੇਂ ਸਿਰ ਕਾਰਵਾਈ ਨਾ ਕਰਨ ਲਈ ਕਾਂਗਰਸ ਪਾਰਟੀ ਨੂੰ ਦੋਸ਼ੀ ਠਹਿਰਾਇਆ ਹੈ। ਕੈਪਟਨ ਅਮਰਿੰਦਰ ਸਿੰਘ ਦੇ ਰੋਲ ਬਾਰੇ ਵੀ ਲਿਖਿਆ ਹੈ ਕਿ ਸ੍ਰੀ ਮਤੀ ਇੰਦਰਾ ਗਾਂਧੀ ਦੇ ਗਿਰਦ ਅਫ਼ਸਰਸ਼ਾਹੀ ਨੇ ਉਸ ਦੇ ਯਤਨਾਂ ਨੂੰ ਸਫ਼ਲ ਨਾ ਹੋਣ ਦਿੱਤਾ। ਉਹ ਲਿਖਦੇ ਹਨ, "...ਇਹ ਮਹੱਤਵਪੂਰਨ ਹੈ ਕਿ ਅਮਰਿੰਦਰ ਸਿੰਘ ਅਕਾਲੀ ਦਲ ਨਾਲ ਗੱਲਬਾਤ ਵਿੱਚ ਆਪਣੇ ਵਿਚੋਲੇ ਦੇ ਰੋਲ ਤੋਂ ਪਿਛਾਹ ਹੱਟ ਗਿਆ ਸੀ ਕਿਉਂਕਿ ਸ੍ਰੀ ਮਤੀ ਗਾਂਧੀ ਦੇ ਗਿਰਦ ਅਫ਼ਸਰਸ਼ਾਹ ਹਰ ਮਸਲੇ ਨੂੰ ਉਲਝਾ ਦਿੰਦੇ ਸਨ"।

ਲੇਖਕਾਂ ਨੇ ਸ੍ਰੀ ਰਾਜੀਵ ਗਾਂਧੀ ਵੱਲੋਂ ਸੰਤ ਲੌਂਗੋਵਾਲ ਨਾਲ ਕੀਤੇ ਸਮਝੌਤੇ ਦੀ ਭਰਪੂਰ ਪ੍ਰਸੰਸਾ ਕੀਤੀ ਹੈ, ਭਾਵੇਂ ਕਿ ਅਸੀਂ ਇਸ ਨਾਲ ਸਹਿਮਤ ਨਹੀਂ ਹੋ ਸਕਦੇ। ਉਨ੍ਹਾਂ ਨੇ ਕਾਂਗਰਸ ਨੂੰ ਸੱਚੇ ਅਰਥਾਂ ਵਿੱਚ ਧਰਮ ਨਿਰਪੇਖ ਰਾਸ਼ਟਰੀ ਪਾਰਟੀ ਬਣਾਉਣ ਅਤੇ ਰਾਜਨੀਤਕ ਅਫ਼ਸਰਸ਼ਾਹਾਂ ਅਤੇ ਸ਼ਕਤੀ ਦੇ ਟੁੱਕੜ ਬੋਚ ਅਤੇ ਜੋਕ ਵਰਗ ਦੀ ਉਸ ਜਕੜ ਨੂੰ ਤੋੜਨ ਦੀ ਨਸੀਹਤ ਦਿੱਤੀ ਹੈ ਜਿਹੜਾ ਭਾਰਤੀ ਅਰਥਤੰਤਰ ਦਾ ਖ਼ੂਨ ਚੂਸ ਰਿਹਾ ਹੈ। ਉਨ੍ਹਾਂ ਨਵੀਂਆਂ ਸੰਸਥਾਵਾਂ ਸਥਾਪਤ ਕਰਕੇ ਟੁੱਟੇ ਫੁੱਟੇ ਢਾਂਚੇ ਨੂੰ ਓਵਰਹਾਲ ਕਰਨ ਲਈ ਕਿਹਾ ਸੀ ਤਾਂ ਕਿ ਵਾਤਾਵਰਣ, ਵਿੱਦਿਆ, ਮਕਾਨ ਅਤੇ ਸਿਹਤ ਸੇਵਾਵਾਂ ਉਨ੍ਹਾਂ ਭਾਰਤੀਆਂ ਨੂੰ ਵੀ ਪ੍ਰਾਪਤ ਹੋ ਸਕਣ ਜਿਹੜੇ ਅਜੇ ਵੀ ਘਿਣਾਉਣੀਆਂ ਗੰਦੀਆਂ ਬਸਤੀਆਂ ਅਤੇ ਦੂਰ ਦਰਾਜ ਦੇ ਪਿਛੜੇ ਪਿੰਡਾਂ ਵਿੱਚ ਜੀਣ ਲਈ ਸਰਾਪੇ ਹਨ।ਪਰ ਅਫ਼ਸੋਸ ਦੀ ਗੱਲ ਹੈ ਕਿ ਸ੍ਰੀ ਰਾਜੀਵ ਗਾਂਧੀ ਵੀ ਉਹ ਕੁਝ ਨਾ ਕਰ ਸਕਿਆ ਜੋ ਕੁਝ ਕਰਨ ਲਈ ਇਹ ਲੇਖ਼ਕ ਕਹਿ ਰਹੇ ਸਨ ਕਿਉਂਕਿ ਉਸ ਦਾ ਵੀ ਤਾਮਿਲਨਾਡੂ ਵਿਚ ਲਿਟੇ ਦੀ ਇਕ ਕਾਰਕੁਨ ਵਲੋਂ ਆਤਮਘਾਤੀ ਹਮਲੇ ਵਿਚ ਕਤਲ ਕਰ ਦਿੱਤਾ ਗਿਆ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਕਿਸੇ ਵੀ ਸਰਕਾਰ ਨੇ ਖ਼ੂਨ ਪੀਣੀ ਅਫ਼ਸਰਸ਼ਾਹੀ ਨੂੰ ਨੱਥ ਪਾਉਣ ਦੀ ਕੋਸ਼ਿਸ਼ ਨਹੀਂ ਕੀਤੀ ਅਤੇ ਨਾ ਹੀ ਨਵੀਆਂ ਸੰਸਥਾਵਾਂ ਜਿਵੇਂ ਕਿ ਉਪਰ ਸੁਝਾਅ ਦਿੱਤਾ ਗਿਆ ਹੈ ਕਾਇਮ ਕਰਨ ਲਈ ਉਪਰਾਲੇ ਕੀਤੇ ਹਨ। ਪੰਜਾਬ ਮਸਲੇ ਨੂੰ ਸਮੇਂ ਸਿਰ ਹੱਲ ਨਾ ਕਰਨਾ ਪੰਜਾਬ ਦੇ ਖ਼ੂਨ ਖ਼ਰਾਬੇ ਦਾ ਅਸਲ ਕਾਰਨ ਬਣਿਆ। ਪੰਜਾਬ ਮਸਲਾ ਅਜੇ ਵੀ ਜਿਉਂ ਤਾਂ ਤਿਉਂ ਹੈ। ਲੌਂਗੋਵਾਲ-ਰਾਜੀਵ ਸਮਝੌਤਾ ਉਸ ਭਾਵਨਾ ਨਾਲ ਲਾਗੂ ਨਹੀਂ ਕੀਤਾ ਗਿਆ ਜਿਸ ਭਾਵਨਾ ਨਾਲ ਕੀਤਾ ਗਿਆ ਸੀ। ਚੰਡੀਗੜ੍ਹ, ਪਾਣੀਆਂ ਦਾ ਮਸਲਾ, ਪੰਜਾਬੀ ਬੋਲਦੇ ਇਲਾਕੇ ਅਤੇ ਹੋਰ ਸਮੱਸਿਆਵਾਂ ਜਿਉਂ ਦੀਆਂ ਤਿਉਂ ਖੜ੍ਹੀਆਂ ਹਨ।ਦਿੱਲੀ ਅਤੇ ਹੋਰਨਾਂ ਥਾਵਾਂ 'ਤੇ ਹੋਇ ਸਿੱਖ਼ ਕਤਲੇਆਮ ਸਬੰਧੀ 'ਵਿਡੋ ਕਲੋਨੀ' ਵਰਗੀਆਂ ਡੌਕੂਮੈਂਟਰੀ ਬਣ ਰਹੀਆਂ ਹਨ ਜਿਨ੍ਹਾਂ ਰਾਹੀਂ ਉਸ ਬਹਾਦਰ ਕੌਮ ਜਿਸ ਨੇ ਦੇਸ਼ ਨੂੰ ਆਜ਼ਾਦ ਕਰਾਉਣ ਅਤੇ ਬਾਅਦ ਵਿਚ ਹਿੰਦ-ਪਾਕਿ ਲੜਾਈਆਂ ਵਿਚ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਅੰਦਰ ਬੇ-ਗ਼ਾਨਗ਼ੀ ਦੀ ਭਾਵਨਾ ਵੱਧ ਰਹੀ ਹੈ । ਚਾਹੀਦਾ ਹੈ ਕਿ ਜਿਨ੍ਹਾਂ ਦੀ ਜਾਇਦਾਦ ਦਾ ਨੁਕਸਾਨ ਹੋਇਆ ਹੈ, ਉਸ ਦੀ ਭਰਪਾਈ ਮੋਦੀ ਸਰਕਾਰ ਕਰੇ ਤੇ ਹਰੇਕ ਖੇਤਰ ਵਿਚ 10% ਸੀਟਾਂ ਮਾਰੇ ਗਏ ਜਾਂ ਉਜਾੜੇ ਗਏ ਸਿੱਖਾਂ ਦੇ ਬਚਿਆਂ ਲਈ ਰਾਖਵੀਆਂ ਰਖੀਆ ਜਾਣ । ਇਸੇ ਤਰ੍ਹਾਂ ਹਰੇਕ ਸੂਬੇ ਵਿਚ ਵੀ ਅਜਿਹਾ ਰਾਖਵਾਂ ਕਰਨ ਕੀਤਾ ਜਾਵੇ।ਸਾਡੇ ਰਾਜਨੀਤਕ ਲੋਕ ਡੰਗ ਟਪਾਊ ਨੀਤੀਆਂ 'ਤੇ ਚਲ ਰਹੇ ਹਨ।ਉਹ ਕਿਸੇ ਦੀ ਗਲ ਸੁਣਨ ਨੂੰ ਤਿਆਰ ਹੀ ਨਹੀਂ ਹਨ।ਹਰੇਕ ਦੀ ਅਵਾਜ਼ ਨੂੰ ਡੰਡੇ ਨਾਲ ਦਬਾਉਣਾ ਉਨ੍ਹਾਂ ਦੀ ਰਾਜਨੀਤੀ ਹੈ। ਇਸ ਲਈ ਜੇ ਭਾਰਤ ਨੂੰ ਇਕ ਰੱਖਣਾ ਹੈ ਤਾਂ ਭਾਰਤੀ ਸਿਆਸਤਦਾਨਾਂ ਨੂੰ ਠੰਡੇ ਦਿੱਲ ਨਾਲ 'ਸਾਕਾ ਨੀਲਾ ਤਾਰਾ' ਤੋਂ ਸਬਕ ਸਿੱਖ਼ਣਾ ਚਾਹੀਦਾ ਹੈ ਤੇ ਆਪਣੀ ਕਾਰਜ਼ ਸ਼ੈਲੀ ਵਿਚ ਤਬਦੀਲ ਲਿਆਉਣੀ ਚਾਹੀਦੀ ਹੈ।ਸਮੁੱਚੀ ਪ੍ਰਸ਼ਾਸਿਨਕ ਪ੍ਰਣਾਲੀ ਨੂੰ ਬਦਲਣਾ ਚਾਹੀਦਾ ਹੈ।ਅੰਗ਼ਰੇਜ਼ੀ ਰਾਜ਼ ਦੀ ਸ਼ਾਸ਼ਨ ਪ੍ਰਣਾਲੀ ਨੂੰ ਜੜ੍ਹੋਂ ਉਖ਼ਾੜਨਾ ਚਾਹੀਦਾ ਹੈ ਤੇ ਨਵੇਂ ਹਾਲਾਤ ਅਨੁਸਾਰ ਨਵਾਂ ਪ੍ਰਸ਼ਾਸਨਿਕ ਢਾਂਚਾ ਕਾਇਮ ਕਰਨਾ ਚਾਹੀਦਾ ਹੈ ਜੋ ਇਕਵੀਂ ਸਦੀ ਦੀਆਂ ਜ਼ਰੂਰਤਾਂ ਪੂਰੀਆਂ ਕਰ ਸਕੇ।



### ਵੂਮੈਨ ਜਰਨਲਿਸਟ ਕਨਕਲੇਵ-2026

# ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੀਆਂ ਮਹਿਲਾ ਪੱਤਰਕਾਰਾਂ ਨੂੰ ਵੰਡੇ ਪੁਰਸਕਾਰ

## ਡਾ. ਗੁਰਪ੍ਰੀਤ ਕੌਰ ਮਾਨ ਨੇ ਮਹਿਲਾ ਪੱਤਰਕਾਰਾਂ ਨੂੰ ਨਿਡਰ ਹੋ ਕੇ ਕੰਮ ਕਰਨ ਦਾ ਦਿੱਤਾ ਸੱਦਾ





ਚੰਡੀਗੜ੍ਹ, 3 ਜੂਨ (ਹਰਦੀਪ ਕੌਰ) : ਦਿਸ਼ਾ ਵੂਮਨ ਵੈਲਫ਼ੇਅਰ ਟਰੱਸਟ ਅਤੇ ਇੰਡੀਅਨ ਵੂਮਨ ਜਰਨਲਿਸਟ ਐਸੋਸੀਏਸ਼ਨ ਵੱਲੋਂ ਪ੍ਰਧਾਨ ਹਰਦੀਪ ਕੌਰ ਦੀ ਅਗਵਾਈ ਹੇਠ ਹੋਟਲ ਹਿਆਤ ਸੈਂਟ੍ਰਿਕ, ਸੈਕਟਰ-17, ਚੰਡੀਗੜ੍ਹ ਵਿਖੇ ਵੂਮਨ ਜਰਨਲਿਸਟ ਕਨਕਲੇਵ-2026 ਅਤੇ ਮੀਡੀਆ ਐਕਸੀਲੈਂਸ ਅਵਾਰਡਸ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਤੋਂ ਲਗਭਗ 150 ਮਹਿਲਾ ਪੱਤਰਕਾਰਾਂ ਨੇ ਭਾਗ ਲਿਆ, ਜਦਕਿ ਲੁਧਿਆਣਾ, ਜਲੰਧਰ ਅਤੇ ਬਠਿੰਡਾ ਤੋਂ ਵੀ ਵੱਡੀ ਗਿਣਤੀ ਵਿੱਚ ਮਹਿਲਾ ਪੱਤਰਕਾਰਾਂ ਨੇ ਹਾਜ਼ਰੀ ਭਰੀ। ਇਸ ਸਾਲ ਦੇ ਕਨਕਲੇਵ ਦਾ ਕੇਂਦਰੀ ਥੀਮ ਸਿੱਖਿਆ, ਸਮਾਜ ਅਤੇ ਮਹਿਲਾ ਸਸ਼ਕਤੀਕਰਨ ਰਿਹਾ। ਸਮਾਗਮ ਦੌਰਾਨ ਇਸ ਗੱਲ 'ਤੇ ਵਿਸ਼ੇਸ਼ ਚਰਚਾ ਕੀਤੀ ਗਈ ਕਿ ਸਿੱਖਿਆ ਸੰਸਥਾਵਾਂ, ਮੀਡੀਆ ਅਤੇ ਸਮਾਜ ਮਿਲ ਕੇ ਮਹਿਲਾਵਾਂ ਲਈ ਬਿਹਤਰ ਮੌਕੇ ਕਿਵੇਂ ਪੈਦਾ ਕਰ ਸਕਦੇ ਹਨ ਅਤੇ ਉਨ੍ਹਾਂ ਦਾ ਮਾਰਗ-ਦਰਸ਼ਨ ਕਰਕੇ ਰੁਜ਼ਗਾਰ ਅਤੇ ਸਮਾਜਿਕ ਭਾਗੀਦਾਰੀ ਦੇ ਖੇਤਰਾਂ ਵਿੱਚ ਕਿਵੇਂ ਅੱਗੇ ਲਿਆਂਦਾ ਜਾ ਸਕਦਾ ਹੈ।

ਇਸ ਮੌਕੇ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਦੀ ਧਰਮ ਪਤਨੀ ਡਾ. ਗੁਰਪ੍ਰੀਤ ਕੌਰ ਮਾਨ ਨੇ ਸਮਾਗਮ ਦੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਆਪਣੇ ਸੰਬੋਧਨ ਦੌਰਾਨ ਉਨ੍ਹਾਂ ਕਿਹਾ ਕਿ ਮਹਿਲਾ ਪੱਤਰਕਾਰਾਂ ਦਾ ਕੰਮ ਬਹੁਤ ਹੀ ਚੁਣੌਤੀਪੂਰਨ ਹੈ। ਦੁਰਘਟਨਾਵਾਂ, ਧਰਨਿਆਂ, ਪ੍ਰਦਰਸ਼ਨਾਂ ਅਤੇ ਹੋਰ ਅਹਿਮ ਘਟਨਾਵਾਂ ਦੀ ਕਵਰੇਜ ਦੌਰਾਨ ਮਹਿਲਾ ਪੱਤਰਕਾਰਾਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਇਸ ਦੇ ਬਾਵਜੂਦ ਉਹ ਪੂਰੀ ਨਿੱਡਰਤਾ ਅਤੇ ਸਮਰਪਣ ਨਾਲ ਆਪਣਾ ਫਰਜ਼ ਨਿਭਾਉਂਦੀਆਂ ਹਨ।ਡਾ. ਮਾਨ ਨੇ ਕਿਹਾ ਕਿ ਅੱਜ ਦੀਆਂ ਨੌਜਵਾਨ ਲੜਕੀਆਂ ਵਿੱਚ ਆਤਮ-ਵਿਸ਼ਵਾਸ ਅਤੇ ਅੱਗੇ ਵਧਣ ਦੀ ਸੋਚ ਕਾਫ਼ੀ ਮਜ਼ਬੂਤ ਹੋਈ ਹੈ। ਕਈ ਲੜਕੀਆਂ ਆਪਣੇ ਡਿਜੀਟਲ ਪਲੇਟਫਾਰਮ, ਚੈਨਲ ਅਤੇ ਕਾਰੋਬਾਰ ਸਥਾਪਿਤ ਕਰਕੇ ਖ਼ੁਦ ਨੂੰ ਸਾਬਤ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮਹਿਲਾਵਾਂ ਦੀ ਭਾਗੀਦਾਰੀ ਮੀਡੀਆ ਸਮੇਤ ਹਰ ਖੇਤਰ ਵਿੱਚ ਲਗਾਤਾਰ ਵਧ ਰਹੀ ਹੈ।ਉਨ੍ਹਾਂ ਕਿਹਾ ਕਿ ਪੱਤਰਕਾਰ ਸਮਾਜ ਦੀ ਆਵਾਜ਼ ਹੁੰਦੇ ਹਨ ਅਤੇ ਮਹਿਲਾ ਪੱਤਰਕਾਰਾਂ ਲੋਕਤੰਤਰ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੀਆਂ ਹਨ। ਉਨ੍ਹਾਂ ਮਹਿਲਾ ਪੱਤਰਕਾਰਾਂ ਨੂੰ ਨਿਡਰ ਅਤੇ ਬੇਖੌਫ਼ ਹੋ ਕੇ ਕੰਮ ਕਰਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਜਿੱਥੇ ਵੀ ਉਨ੍ਹਾਂ ਨੂੰ ਸਰਕਾਰ ਜਾਂ ਉਨ੍ਹਾਂ ਦੀ ਨਿੱਜੀ ਸਹਾਇਤਾ ਦੀ ਲੋੜ ਹੋਵੇਗੀ, ਉਹ ਹਮੇਸ਼ਾ ਉਨ੍ਹਾਂ ਦੇ ਨਾਲ ਖੜ੍ਹੇ ਰਹਿਣਗੇ। ਡਾ. ਮਾਨ ਨੇ ਭਰੋਸਾ ਦਿੱਤਾ ਕਿ ਜ਼ਮੀਨੀ ਪੱਧਰ 'ਤੇ ਕੰਮ ਕਰਦੀਆਂ ਮਹਿਲਾ ਪੱਤਰਕਾਰਾਂ ਨੂੰ ਦਰਪੇਸ਼ ਸਮੱਸਿਆਵਾਂ, ਖਾਸ ਕਰਕੇ ਬੁਨਿਆਦੀ ਸਹੂਲਤਾਂ ਨਾਲ ਜੁੜੇ ਮੁੱਦਿਆਂ ਨੂੰ ਉਹ ਸਰਕਾਰ ਦੇ ਧਿਆਨ ਵਿੱਚ ਲਿਆਕੇ ਹੱਲ ਕਰਵਾਉਣਗੇ।

ਇਸ ਮੌਕੇ ਡਾ. ਮਾਨ ਨੇ ਚੜ੍ਹਦਕੀਲਾ ਗਰੁੱਪ ਦੇ ਚੇਅਰਮੈਨ 'ਪਦਮ ਸ਼੍ਰੀ' ਡਾ. ਜਗਜੀਤ ਸਿੰਘ ਦਰਦੀ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕਰਦਿਆਂ ਕਿਹਾ ਕਿ ਡਾ. ਦਰਦੀ ਪੰਜਾਬੀ ਪੱਤਰਕਾਰੀ ਦੇ 'ਬਾਬਾ ਬੋਹੜ' ਹਨ ਜਿਨ੍ਹਾਂ ਨੇ ਪ੍ਰਿੰਟ ਅਤੇ ਡਿਜੀਟਲ ਮੀਡੀਆ ਦੇ ਆਪਣੇ ਵੱਖ-ਵੱਖ ਅਦਾਰਿਆਂ ਵਿੱਚ ਮਹਿਲਾ ਪੱਤਰਕਾਰਾਂ ਨੂੰ ਭਰਵੀਂ ਨੁਮਾਇੰਦਗੀ ਦਿੱਤੀ ਹੈ ਅਤੇ ਉਨ੍ਹਾਂ ਦਾ ਹੌਂਸਲਾ ਵਧਾਇਆ ਹੈ। ਉਨ੍ਹਾਂ ਨੇ ਡਾ. ਦਰਦੀ ਦੀ ਧਰਮ ਪਤਨੀ ਡਾ. ਜਸਵਿੰਦਰ ਕੌਰ ਦਰਦੀ ਅਤੇ ਸਪੁੱਤਰੀ ਡਾ. ਇੰਦਰਪ੍ਰੀਤ ਕੌਰ ਦਰਦੀ ਦੀ ਭਰਵੀਂ ਸ਼ਲਾਘਾ ਕਰਦਿਆਂ ਕਿਹਾ ਕਿ ਦਰਦੀ ਪਰਿਵਾਰ ਦੀਆਂ ਇਨ੍ਹਾਂ ਮਿਸਾਲੀ ਮਹਿਲਾ ਪੱਤਰਕਾਰਾਂ ਨੇ ਪੱਤਰਕਾਰੀ ਦੇ ਖੇਤਰ ਵਿੱਚ ਨਵੇਂ ਦਿਸਹੱਦੇ ਕਾਇਮ ਕੀਤੇ ਹਨ। ਡਾ. ਮਾਨ ਨੇ ਡਾ. ਇੰਦਰਪ੍ਰੀਤ ਕੌਰ ਦਰਦੀ ਦਾ ਪੰਜਾਬੀ ਪੱਤਰਕਾਰੀ ਵਿੱਚ ਪਾਏ ਵੱਡਮੁੱਲੇ ਯੋਗਦਾਨ ਲਈ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ।

ਇਸ ਮੌਕੇ ਰੋਜ਼ਾਨਾ ਸਪੋਕਸਮੈਨ ਦੇ ਪ੍ਰਬੰਧ ਨਿਰਦੇਸ਼ਕ ਸ੍ਰੀਮਤੀ ਜਗਜੀਤ ਕੌਰ ਨੂੰ ਪੱਤਰਕਾਰੀ ਦੇ ਖੇਤਰ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ, ਦੂਰਦਰਸ਼ੀ ਅਗਵਾਈ ਅਤੇ ਲੰਬੇ ਸਮੇਂ ਤੋਂ ਨਿਭਾਈਆਂ ਜਾ ਰਹੀਆਂ ਵਿਸ਼ੇਸ਼ ਸੇਵਾਵਾਂ ਲਈ ਟਰੱਸਟ ਵੱਲੋਂ 'ਲਾਈਫ਼ਟਾਈਮ ਅਚੀਵਮੈਂਟ ਅਵਾਰਡ' ਨਾਲ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਦਿਸ਼ਾ ਵੂਮਨ ਵੈਲਫੇਅਰ ਟਰੱਸਟ ਅਤੇ ਇੰਡੀਅਨ ਵੂਮਨ ਜਰਨਲਿਸਟ ਐਸੋਸੀਏਸ਼ਨ ਦੀ ਪ੍ਰਧਾਨ ਹਰਦੀਪ ਕੌਰ ਨੇ ਮਹਿਲਾ ਪੱਤਰਕਾਰਾਂ ਦੇ ਸਨਮਾਨ ਲਈ 'ਫੋਰਥ ਪਿਲਰ ਆਫ ਡੈਮੋਕਰੇਸੀ ਅਵਾਰਡ' ਸ਼ੁਰੂ ਕਰਨ ਦੀ ਮੰਗ ਉਠਾਈ। ਉਨ੍ਹਾਂ ਕਿਹਾ ਕਿ ਮੀਡੀਆ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੀਆਂ ਮਹਿਲਾ ਪੱਤਰਕਾਰਾਂ ਨੂੰ ਸਰਕਾਰੀ ਪੱਧਰ 'ਤੇ ਸਨਮਾਨਿਤ ਕੀਤਾ ਜਾਣਾ ਚਾਹੀਦਾ ਹੈ। ਇਸ 'ਤੇ ਡਾ. ਗੁਰਪ੍ਰੀਤ ਕੌਰ ਮਾਨ ਨੇ ਸਕਾਰਾਤਮਕ ਹੁੰਗਾਰਾ ਭਰਦਿਆਂ ਕਿਹਾ ਕਿ ਇਹ ਇੱਕ ਵਿਲੱਖਣ ਅਤੇ ਸ਼ਲਾਘਾਯੋਗ ਸੁਝਾਅ ਹੈ ਅਤੇ ਉਹ ਇਸ ਸਬੰਧੀ ਮੁੱਖ ਮੰਤਰੀ ਅਤੇ ਸਰਕਾਰ ਨਾਲ ਜ਼ਰੂਰ ਗੱਲਬਾਤ ਕਰਨਗੇ। ਸਮਾਗਮ ਵਿੱਚ ਗੈਸਟ ਆਫ਼ ਆਨਰ ਵਜੋਂ ਸਰਦਾਰ ਮਨਜੀਤ ਸਿੰਘ, ਚੇਅਰਮੈਨ, ਦੁਆਬਾ ਗਰੁੱਪ ਆਫ ਕਾਲਜਜ਼, ਡਾ. ਅੰਸ਼ੂ ਕਟਾਰੀਆ, ਚੇਅਰਮੈਨ, ਆਰੀਅਨ ਗਰੁੱਪ ਆਫ਼ ਕਾਲਜਜ਼, ਆਕਾਸ਼ ਗੋਇਲ, ਮੈਨੇਜਿੰਗ ਡਾਇਰੈਕਟਰ, ਆਈ.ਏ.ਐਸ. ਚਾਣਕਿਆ ਇੰਸਟੀਚਿਊਟ; ਮਨਦੀਪ ਕੌਰ ਟਾਂਗਰਾ, ਮੋਟੀਵੇਸ਼ਨਲ ਸਪੀਕਰ; ਕਪਿਲ ਸ਼ਰਮਾ, ਵਾਈ.ਬੀ.ਟੀ.ਸੀ. , ਜੇ.ਪੀ. ਸਿੰਘ ਚੇਅਰਮੈਨ ਰਾਮ ਟੈਕਸ, ਅੰਗਦ ਸਚਦੇਵਾ ਡਾਇਰੈਕਟਰ ਸਾਜ ਸਿਨੇ ਪ੍ਰੋਡਕਸ਼ਨ ਅਤੇ ਸੁਭਾਸ਼ ਗੋਇਲ ਵਰਦਾਨ ਫਾਊਂਡੇਸ਼ਨ ਦੇ ਡਾਇਰੈਕਟਰ ਸੁਭਾਸ਼ ਗੋਇਲ, ਡੇਲੀ ਪੋਸਟ ਦੇ ਮੈਨੇਜਿੰਗ ਡਾਇਰੈਕਟਰ ਜਗਦੀਪ ਸੰਧੂ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਹਰਦੀਪ ਕੌਰ ਨੇ ਮੁੱਖ ਮਹਿਮਾਨ, ਗੈਸਟ ਆਫ਼ ਆਨਰ, ਪੈਨਲਿਸਟਾਂ, ਸਹਿਯੋਗੀ ਸੰਸਥਾਵਾਂ ਅਤੇ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਤੋਂ ਪਹੁੰਚੀਆਂ ਮਹਿਲਾ ਪੱਤਰਕਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਕਨਕਲੇਵ ਮਹਿਲਾ ਪੱਤਰਕਾਰਾਂ ਦੀ ਆਵਾਜ਼ ਨੂੰ ਹੋਰ ਮਜ਼ਬੂਤ ਕਰਨ, ਉਨ੍ਹਾਂ ਨੂੰ ਇੱਕ ਸਾਂਝਾ ਮੰਚ ਪ੍ਰਦਾਨ ਕਰਨ ਅਤੇ ਸਿੱਖਿਆ, ਸਮਾਜ ਤੇ ਮਹਿਲਾ ਸਸ਼ਕਤੀਕਰਨ ਦੇ ਖੇਤਰ ਵਿੱਚ ਨਵੇਂ ਵਿਚਾਰਾਂ ਨੂੰ ਉਤਸ਼ਾਹਿਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਸਾਬਤ ਹੋਵੇਗਾ।

# ਭਾਰਤ ਦੇ ਨੌਜਵਾਨਾਂ ਨੂੰ ਨੌਕਰੀ ਲੱਭਣ ਵਾਲੇ ਨਹੀਂ, ਸਗੋਂ ਨੌਕਰੀ ਪੈਦਾ ਕਰਨ ਵਾਲੇ ਬਣਨਾ ਚਾਹੀਹੈ: ਰਾਜਪਾਲ ਕਟਾਰੀਆ

ਚੰਡੀਗੜ੍ਹ, 3 ਜੂਨ (ਅੰਮ੍ਰਿਤਪਾਲ ਸਿੰਘ) : 21ਵੀਂ ਸਦੀ ਵਿੱਚ ਭਾਰਤ ਨੂੰ ਦੁਬਾਰਾ ਵਿਸ਼ਵਗੁਰੂ ਬਣਾਉਣ ਲਈ ਨੌਜਵਾਨਾਂ ਨੂੰ ਆਰੀਆਭੱਟ, ਚਰਕ, ਸੁਸ਼ਰੁਤ, ਪਾਣਿਨੀ ਅਤੇ ਚਾਣਕਿਆ ਦੀ ਵਿਰਾਸਤ ਨਾਲ ਜੁੜਨਾ ਚਾਹੀਦਾ ਹੈ: ਰਾਜਪਾਲ ਗੁਲਾਬ ਚੰਦ ਕਟਾਰੀਆ

÷ਭਾਰਤ ਦੇ ਨੌਜਵਾਨਾਂ ਨੂੰ ਸਿੱਖਿਆ ਅਤੇ ਖੋਜ ਲਈ ਸਿਰਫ਼ ਪੱਛਮ ਵੱਲ ਦੇਖਣ ਦੀ ਲੋੜ ਨਹੀਂ ਹੈ, ਸਗੋਂ ਦੇਸ਼ ਦੀ ਗਿਆਨ ਵਿਰਾਸਤ ਨਾਲ ਵੀ ਜੁੜਨਾ ਚਾਹੀਦਾ ਹੈ। ਤੁਸੀਂ ਆਮ ਵਿਦਿਆਰਥੀ ਨਹੀਂ ਹੋ, ਸਗੋਂ ਆਰੀਆਭੱਟ, ਚਰਕ, ਸੁਸ਼ਰੁਤ, ਪਾਣਿਨੀ ਅਤੇ ਚਾਣਕਿਆ ਵਰਗੇ ਮਹਾਨ ਵਿਦਵਾਨਾਂ ਦੀ ਸ਼ਾਨਦਾਰ ਵਿਰਾਸਤ ਦੇ ਵਾਰਸ ਹੋ। ਤੁਹਾਡੇ ਕੋਲ ਵੀ ਉਹੀ ਪ੍ਰਤਿਭਾ, ਖੋਜ ਸਮਰੱਥਾ ਅਤੇ ਉਤਸੁਕਤਾ ਹੈ ਜੋ 21ਵੀਂ ਸਦੀ ਵਿੱਚ ਭਾਰਤ ਨੂੰ ਵਿਸ਼ਵਗੁਰੂ ਵਜੋਂ ਦੁਬਾਰਾ ਸਥਾਪਿਤ ਕਰੇਗੀ, ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਪ੍ਰਸ਼ਾਸਕ, ਗੁਲਾਬ ਚੰਦ ਕਟਾਰੀਆ ਨੇ ਚੰਡੀਗੜ੍ਹ ਯੂਨੀਵਰਸਿਟੀ ਦੇ ਉਦਘਾਟਨੀ ਭਾਸ਼ਣ ਵਿੱਚ ਕਿਹਾ। ਸੀਯੂ ਸਕਾਲਰਜ਼ ਸਮਿਟ 2026 ਦੇ ਤੀਜੇ ਐਡੀਸ਼ਨ ਦੇ ਉਦਘਾਟਨ ਮੌਕੇ



ਪ੍ਰਗਟ ਕੀਤੇ। ਸੀਯੂ ਸਕਾਲਰਜ਼ ਸਮਿਟ 2026 ਦਾ ਉਦਘਾਟਨ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਨੇ ਮੁੱਖ ਮਹਿਮਾਨ ਵਜੋਂ ਕੀਤਾ। ਇਸ ਮੌਕੇ ਚੰਡੀਗੜ੍ਹ ਯੂਨੀਵਰਸਿਟੀ ਦੇ ਸੀਨੀਅਰ ਮੈਨੇਜਿੰਗ ਡਾਇਰੈਕਟਰ ਦੀਪੇਂਦਰ ਸਿੰਘ ਸੰਧੂ, ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਦੇ ਸਲਾਹਕਾਰ ਪ੍ਰੋ. (ਡਾ.) ਆਰ.ਐਸ. ਬਾਵਾ ਅਤੇ ਹੋਰ ਪਤਵੰਤੇ ਵੀ ਸ਼ਾਮਲ ਹੋਏ। ਸੀਯੂ ਸਕਾਲਰਜ਼ ਸਮਿਟ 2026@ ਦੀ ਸ਼ੁਰੂਆਤ ਚੰਡੀਗੜ੍ਹ ਯੂਨੀਵਰਸਿਟੀ ਕਾਮਨ ਐਂਟਰੈਂਸ ਟੈਸਟ (3"35"-2026) ਵਿੱਚ ਉੱਚ ਸਥਾਨ ਪ੍ਰਾਪਤ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਦੇ ਸਨਮਾਨ ਨਾਲ ਹੋਈ। ਇਹ ਸਮਾਗਮ ਚੰਡੀਗੜ੍ਹ ਯੂਨੀਵਰਸਿਟੀ ਦੀ ਪ੍ਰਤਿਭਾ ਅਤੇ ਵਿਦਿਆਰਥੀਆਂ ਦਾ ਸਨਮਾਨ ਕਰਨ ਦੀ ਪਹਿਲਕਦਮੀ ਦਾ ਹਿੱਸਾ ਹੈ। ਸੀਯੂ ਸਕਾਲਰਜ਼ ਸਮਿਟ 2026 ਵਿੱਚ, ਸੀਈਓ, ਉਪ-ਪ੍ਰਧਾਨ, ਉਦਯੋਗ ਦੇ ਨੇਤਾ, ਬਾਲੀਵੁੱਡ ਅਦਾਕਾਰ ਅਤੇ ਮਾਹਰ ਵਿਦਿਆਰਥੀਆਂ ਨਾਲ ਆਪਣੀਆਂ ਸੂਝਾਂ ਸਾਂਝੀਆਂ ਕਰਨਗੇ ਤਾਂ ਜੋ ਉਨ੍ਹਾਂ ਨੂੰ ਤੇਜ਼ੀ ਨਾਲ ਬਦਲਦੀਆਂ ਉਦਯੋਗਿਕ ਜ਼ਰੂਰਤਾਂ ਦੇ ਅਨੁਸਾਰ ਨਵੀਆਂ ਨੌਕਰੀਆਂ ਲਈ ਤਿਆਰ ਕਰਨ ਵਿੱਚ ਮਦਦ ਕੀਤੀ ਜਾ ਸਕੇ। ਇਸ ਸੰਮੇਲਨ ਵਿੱਚ 22 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਤੋਂ ਚੁਣੇ ਗਏ ਵੱਖ-ਵੱਖ ਧਾਰਾਵਾਂ ਦੇ ਲਗਭਗ 3,000 ਵਿਦਿਆਰਥੀ ਸ਼ਾਮਲ ਹੋ ਰਹੇ ਹਨ; ਇਨ੍ਹਾਂ ਵਿੱਚ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਚੰਡੀਗੜ੍ਹ, ਦਿੱਲੀ, ਬਿਹਾਰ, ਰਾਜਸਥਾਨ, ਜੰਮੂ ਅਤੇ ਕਸ਼ਮੀਰ, ਉਤਰਾਖੰਡ, ਮੱਧ ਪ੍ਰਦੇਸ਼, ਝਾਰਖੰਡ, ਛੱਤੀਸਗੜ੍ਹ, ਕਰਨਾਟਕ, ਮਹਾਰਾਸ਼ਟਰ, ਓਡੀਸ਼ਾ, ਕੇਰਲ, ਆਂਧਰਾ ਪ੍ਰਦੇਸ਼, ਅਸਾਮ, ਮੇਘਾਲਿਆ ਅਤੇ ਹੋਰ ਰਾਜਾਂ ਦੇ ਵਿਦਿਆਰਥੀ ਸ਼ਾਮਲ ਹਨ। ਕੁੱਲ ਮਿਲਾ ਕੇ, CUCET 2026 ਵਿੱਚ ਟਾਪ ਕਰਨ ਵਾਲੇ 7,000 ਵਿਦਿਆਰਥੀਆਂ ਨੂੰ CU ਸਕਾਲਰਜ਼ ਸੰਮੇਲਨ 2026 ਦੇ ਦੋ ਪੜਾਵਾਂ ਦੌਰਾਨ ਚੰਡੀਗੜ੍ਹ ਯੂਨੀਵਰਸਿਟੀ ਦੁਆਰਾ ਸਨਮਾਨਿਤ ਕੀਤਾ ਜਾਵੇਗਾ।

ਅੰਕਿਤ ਝਾਂਬ, ਚੀਫ ਲਰਨਿੰਗ ਅਫਸਰ, ਗ੍ਰਾਂਟ ਥੋਰਨਟਨ ਭਾਰਤ ਐਲਐਲਪੀ, ਓਪਰੇਸ਼ਨਜ਼, ਟਾਟਾ ਕੰਸਲਟੈਂਸੀ ਸਰਵਿਸਿਜ਼ ਲਿਮਟਿਡ; ਅਤੇ ਰਿਸ਼ੀ ਸੇਠ, ਫ੍ਰੈਕਟਲ ਵਿਖੇ ਜੀਟੀਐਮ, ਪ੍ਰੋਡਕਟਸ, ਗ੍ਰੋਥ ਐਂਡ ਸਟ੍ਰੈਟਜੀ (ਏਪੀਏਸੀ ਅਤੇ ਜੀਸੀਸੀਐਸ) ਦੇ ਮੁਖੀ। ਆਪਣੇ ਸੰਬੋਧਨ ਵਿੱਚ, ਪੰਜਾਬ ਦੇ ਰਾਜਪਾਲ ਕਟਾਰੀਆ ਨੇ ਕਿਹਾ, ÷ਨੌਜਵਾਨਾਂ ਨੂੰ ਸਿਰਫ਼ ਨੌਕਰੀ ਲੱਭਣ ਵਾਲੇ ਨਹੀਂ ਹੋਣਾ ਚਾਹੀਦਾ; ਉਨ੍ਹਾਂ ਨੂੰ ਨੌਕਰੀਆਂ ਪੈਦਾ ਕਰਨ ਵਾਲੇ ਬਣਨਾ ਚਾਹੀਦਾ ਹੈ। ਨੌਜਵਾਨਾਂ ਨੂੰ ਸਵੈ-ਨਿਰਭਰ ਬਣਾਉਣ ਲਈ ਸਟਾਰਟਅੱਪ ਇੰਡੀਆ, ਸਟੈਂਡ-ਅੱਪ ਇੰਡੀਆ, ਸਕਿੱਲ ਇੰਡੀਆ, ਡਿਜੀਟਲ ਇੰਡੀਆ, ਪੀਐਮ ਈ-ਵਿਦਿਆ, ਸਵੈਮ, ਨੈਸ਼ਨਲ ਡਿਜੀਟਲ ਲਾਇਬ੍ਰੇਰੀ, ਅਟਲ ਇਨੋਵੇਸ਼ਨ ਮਿਸ਼ਨ ਅਤੇ ਪੀਐਮ ਵਿਦਿਆ ਲਕਸ਼ਮੀ ਵਰਗੀਆਂ ਕਈ ਯੋਜਨਾਵਾਂ ਲਾਗੂ ਕੀਤੀਆਂ ਜਾ ਰਹੀਆਂ ਹਨ।

# ਸ਼੍ਰੀਮਤੀ ਦ੍ਰੋਪਦੀ ਮੁਰਮੂ ਨੇ ਏਕੀਕ੍ਰਿਤ ਕਬਾਇਲੀ ਵਿਕਾਸ ਪ੍ਰੋਜੈਕਟਾਂ ਨੂੰ ਮਜ਼ਬੂਤ ਕਰਨ 'ਤੇ ਰਾਸ਼ਟਰੀ ਸੰਮੇਲਨ ਦਾ ਕੀਤਾ ਉਦਘਾਟਨ



ਨਵੀਂ ਦਿੱਲੀ, 3 ਜੂਨ (ਅੰਮ੍ਰਿਤਪਾਲ ਸਿੰਘ) : ਭਾਰਤ ਦੇ ਰਾਸ਼ਟਰਪਤੀ, ਸ਼੍ਰੀਮਤੀ ਦ੍ਰੋਪਦੀ ਮੁਰਮੂ ਨੇ ਨਵੀਂ ਦਿੱਲੀ ਵਿੱਚ ਏਕੀਕ੍ਰਿਤ ਕਬਾਇਲੀ ਵਿਕਾਸ ਸੰਸਥਾਵਾਂ ਅਤੇ ਏਕੀਕ੍ਰਿਤ ਕਬਾਇਲੀ ਵਿਕਾਸ ਪ੍ਰੋਜੈਕਟਾਂ ਨੂੰ ਮਜ਼ਬੂਤ ਕਰਨ 'ਤੇ ਰਾਸ਼ਟਰੀ ਸੰਮੇਲਨ ਦਾ ਉਦਘਾਟਨ ਕੀਤਾ। ਇਸ ਮੌਕੇ 'ਤੇ ਰਾਸ਼ਟਰਪਤੀ ਨੇ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ, ਬੰਗਲੂਰੂ ਵਿਖੇ ਸੈਂਟਰ ਫਾਰ ਨੈਨੋ ਸਾਇੰਸ ਐਂਡ ਇੰਜੀਨੀਅਰਿੰਗ ਵਿਖੇ ਟ੍ਰੇਨਿੰਗ ਫੈਬ ਅਤੇ ਏਕਲਵਿਆ ਮਾਡਲ ਰਿਹਾਇਸ਼ੀ ਸਕੂਲਾਂ ਵਿਖੇ 75 ਸਪੇਸ ਲੈਬਾਂ ਦਾ ਵਰਚੁਅਲੀ ਉਦਘਾਟਨ ਵੀ ਕੀਤਾ। ਸਮਾਰੋਹ ਨੂੰ ਸੰਬੋਧਨ ਕਰਦੇ ਹੋਏ, ਰਾਸ਼ਟਰਪਤੀ ਨੇ ਕਿਹਾ ਕਿ ਇਹ ਸੰਮੇਲਨ ਉਨ੍ਹਾਂ ਲੋਕਾਂ ਦਾ ਇਕੱਠ ਹੈ ਜੋ ਕਬਾਇਲੀ ਲੋਕਾਂ ਦੀ ਹਾਲਤ ਵਿੱਚ ਬਦਲਾਅ ਲਿਆ ਰਹੇ ਹਨ। ਹੁਣ ਇਹ ਸਾਰੇ ਭਾਗੀਦਾਰਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਕਬਾਇਲੀ ਭਾਈਚਾਰਿਆਂ ਲਈ ਭਲਾਈ ਅਤੇ ਵਿਕਾਸ ਪ੍ਰੋਗਰਾਮਾਂ ਨੂੰ ਸਿੱਧੇ ਉਨ੍ਹਾਂ ਦੇ ਪਿੰਡਾਂ ਅਤੇ ਘਰਾਂ ਵਿੱਚ ਲਿਆਉਣ। ਅਜਿਹਾ ਕਰਕੇ, ਉਹ ਕਬਾਇਲੀ ਭਾਈਚਾਰਿਆਂ ਦੇ ਆਪਣੇ ਭਰਾਵਾਂ ਅਤੇ ਭੈਣਾਂ ਦੇ ਜੀਵਨ ਵਿੱਚ ਇੱਕ ਡੂੰਘਾ ਬਦਲਾਅ ਲਿਆ ਸਕਦੇ ਹਨ। ਜਦੋਂ ਰਾਜ ਅਤੇ ਪ੍ਰੋਜੈਕਟ ਪੱਧਰ 'ਤੇ ਕੰਮ ਕਰਨ ਵਾਲੇ ਸਾਰੇ ਲੋਕ ਇੱਕ ਸਾਂਝੇ ਅਤੇ ਵੱਡੇ ਉਦੇਸ਼ ਨਾਲ ਵਿਚਾਰ-ਵਟਾਂਦਰਾ ਕਰਨ ਲਈ ਇਕੱਠੇ ਹੋਣਗੇ, ਤਾਂ ਬਹੁਤ ਸਾਰੇ ਲਾਭਦਾਇਕ ਹੱਲ ਜ਼ਰੂਰ ਸਾਹਮਣੇ ਆਉਣਗੇ। ਉਨ੍ਹਾਂ ਨੂੰ ਇਹ ਜਾਣ ਕੇ ਖ਼ੁਸ਼ੀ ਹੋਈ ਕਿ ਇਹ ਕਾਨਫਰੰਸ ਕਬਾਇਲੀ ਵਿਕਾਸ ਦੇ ਮਹੱਤਵਪੂਰਨ ਪਹਿਲੂਆਂ @ਤੇ ਚਰਚਾ ਕਰੇਗੀ। ਉਨ੍ਹਾਂ ਵਿਸ਼ਵਾਸ ਪ੍ਰਗਟ ਕੀਤਾ ਕਿ ਵੱਖ-ਵੱਖ ਏਜੰਸੀਆਂ ਅਤੇ ਪ੍ਰੋਜੈਕਟਾਂ ਵਿੱਚ ਕੰਮ ਕਰਨ ਵਾਲੇ ਲੋਕ ਚੰਗੀ ਤਰ੍ਹਾਂ ਸੋਚ-ਸਮਝ ਕੇ ਲਏ ਗਏ ਫੈਸਲਿਆਂ ਦੇ ਆਧਾਰ 'ਤੇ ਅੱਗੇ ਵਧਣਗੇ। ਇਹ ਯਕੀਨੀ ਬਣਾਏਗਾ ਕਿ ਵੱਖ-ਵੱਖ ਯੋਜਨਾਵਾਂ ਦੇ ਲਾਭ ਕਬਾਇਲੀ ਭਾਈਚਾਰਿਆਂ ਦੇ ਹਰ ਵਿਅਕਤੀ ਤੱਕ ਪਹੁੰਚਣ। ਰਾਸ਼ਟਰਪਤੀ ਨੇ ਕਿਹਾ ਕਿ ਸਾਰੇ ਦੇਸ਼ ਵਾਸੀ ਸਾਲ 2047 ਤੱਕ ਇੱਕ ਵਿਕਸਤ ਭਾਰਤ ਬਣਾਉਣ ਦੇ ਟੀਚੇ ਨਾਲ ਅੱਗੇ ਵਧ ਰਹੇ ਹਨ। ਕਬਾਇਲੀ ਭਾਈਚਾਰਿਆਂ ਦਾ ਸਮੁੱਚਾ ਵਿਕਾਸ ਇਸ ਉਦੇਸ਼ ਦਾ ਇੱਕ ਅਨਿੱਖੜਵਾਂ ਅੰਗ ਹੈ। ਇਹ ਸਮਾਵੇਸ਼ੀ ਵਿਕਾਸ ਰਾਹੀਂ ਦੇਸ਼ ਦੀ ਤਰੱਕੀ ਨੂੰ ਆਕਾਰ ਦੇਵੇਗਾ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਇਸ ਕਾਨਫਰੰਸ ਤੋਂ ਉਭਰਨ ਵਾਲੇ ਸੁਝਾਅ, ਸਿੱਟੇ ਅਤੇ ਰੋਡਮੈਪ ਜ਼ਮੀਨੀ ਪੱਧਰ 'ਤੇ ਕਬਾਇਲੀ ਭਾਈਚਾਰਿਆਂ ਦੇ ਸੰਪੂਰਨ ਵਿਕਾਸ ਲਈ ਯੋਜਨਾਵਾਂ ਨੂੰ ਲਾਗੂ ਕਰਨ ਦੇ ਯੋਗ ਬਣਾਉਣਗੇ।

# ਚਿੱਤਕਾਰਾ ਯੂਨੀਵਰਸਿਟੀ ਵਿਖੇ ਲਾਇਸੰਸਸ਼ੁਦਾ ਗਲੋਬਲ ਸੈਂਟਰ ਫਾਰ ਐਂਟਰਪ੍ਰਾਈਜ਼ ਰਿਸਕ ਮੈਨੇਜਮੈਂਟ ਸਥਾਪਿਤ

ਬਰਨਾਲਾ, 3 ਜੂਨ (ਬਘੇਲ ਸਿੰਘ ਧਾਲੀਵਾਲ) : ਇੰਸਟੀਚਿਊਟ ਆਫ ਰਿਸਕ ਮੈਨੇਜਮੈਂਟ (ਆਈ.ਆਰ.ਐਮ) ਇੰਡੀਆ ਐਫ਼ਿਲੀਏਟ ਵੱਲੋਂ ਚਿਤਕਾਰਾ ਯੂਨੀਵਰਸਿਟੀ, ਪੰਜਾਬ ਵਿੱਚ ਐਂਟਰਪ੍ਰਾਈਜ਼ ਰਿਸਕ ਮੈਨੇਜਮੈਂਟ (ਈ.ਆਰ.ਐਮ) ਦਾ ਤੀਜਾ ਗਲੋਬਲ ਸੈਂਟਰ ਸਥਾਪਿਤ ਕੀਤਾ ਗਿਆ ਹੈ। ਇਹ ਕੇਂਦਰ ਉੱਤਰੀ ਭਾਰਤ ਵਿੱਚ ਰਿਸਕ ਮੈਨੇਜਮੈਂਟ ਸਿੱਖਿਆ, ਖੋਜ ਅਤੇ ਨੀਤੀਗਤ ਵਿਚਾਰ-ਵਟਾਂਦਰੇ ਨੂੰ ਉਤਸ਼ਾਹਿਤ ਕਰਨ ਲਈ ਮਹੱਤਵਪੂਰਨ ਭੂਮਿਕਾ ਨਿਭਾਏਗਾ। ਸੈਂਟਰ ਦਾ ਉਦਘਾਟਨ ਆਈ.ਆਰ.ਐਮ ਇੰਡੀਆ ਰੀਜਨਲ ਗਰੁੱਪ ਦੇ ਚੇਅਰਮੈਨ ਅਤੇ ਸੀ.ਐਫ਼.ਆਈ.ਆਰ.ਐਮ ਰਾਜੀਵ ਤੰਨਾ ਨੇ ਕੀਤਾ। ਇਸ ਮੌਕੇ ਆਈ.ਟੀ.ਸੀ ਲਿਮਿਟਡ ਦੇ ਸਾਬਕਾ ਚੀਫ਼ ਰਿਸਕ ਅਫ਼ਸਰ ਸੰਦੀਪ ਦੱਤਾ, ਚਿੱਤਕਾਰਾ ਯੂਨੀਵਰਸਿਟੀ ਦੇ ਚਾਂਸਲਰ ਡਾ. ਅਸ਼ੋਕ ਕੇ. ਚਿੱਤਕਾਰਾ, ਵਾਈਸ ਚਾਂਸਲਰ ਡਾ. ਸੰਧੀਰ ਸ਼ਰਮਾ, ਆਈ.ਆਰ.ਐਮ



ਇੰਡੀਆ ਐਫ਼ਿਲੀਏਟ ਦੇ ਸੀਈਓ ਹਰਸ਼ ਸ਼ਾਹ ਅਤੇ ਸਿੱਖਿਆ, ਉਦਯੋਗ ਤੇ ਪ੍ਰਸ਼ਾਸਨ ਖੇਤਰ ਨਾਲ ਸੰਬੰਧਿਤ ਕਈ ਪ੍ਰਮੁੱਖ ਹਸਤੀਆਂ ਮੌਜੂਦ ਸਨ। ਆਈ.ਆਰ.ਐਮ ਇੰਡੀਆ ਦੇ ਗਵਰਨੈਂਸ ਬੋਰਡ ਮੈਂਬਰ ਸ਼ੈਲੇਸ਼ ਹਰਿਭਕਤੀ ਨੇ ਵਰਚੁਅਲ ਰੂਪ ਵਿੱਚ ਆਪਣੇ ਵਿਚਾਰ ਸਾਂਝੇ ਕੀਤੇ। ਚਿੱਤਕਾਰਾ ਯੂਨੀਵਰਸਿਟੀ ਵਿੱਚ ਸਥਾਪਿਤ ਇਹ ਕੇਂਦਰ ਵਿਦਿਆਰਥੀਆਂ ਅਤੇ ਪੇਸ਼ੇਵਰਾਂ ਨੂੰ ਰਿਸਕ ਮੈਨੇਜਮੈਂਟ ਦੇ ਅੰਤਰਰਾਸ਼ਟਰੀ ਮਿਆਰਾਂ ਨਾਲ ਜੋੜਨ ਦਾ ਕੰਮ ਕਰੇਗਾ। ਇਸ ਦੇ ਜ਼ਰੀਏ ਵਿਦਿਆਰਥੀਆਂ ਨੂੰ ਵਿੱਤ, ਤਕਨਾਲੋਜੀ, ਸੰਚਾਲਨ, ਗਵਰਨੈਂਸ ਅਤੇ ਸਸਟੇਨੇਬਿਲਟੀ ਨਾਲ ਸੰਬੰਧਿਤ ਜ਼ੋਖਮਾਂ ਬਾਰੇ ਵਿਵਸਥਿਤ ਜਾਣਕਾਰੀ ਅਤੇ ਤਜਰਬਾਤੀ ਸਿੱਖਣ ਦੇ ਮੌਕੇ ਮਿਲਣਗੇ। ਡਾ. ਅਸ਼ੋਕ ਕੇ. ਚਿਤਕਾਰਾ, ਚਿਤਕਾਰਾ ਯੂਨੀਵਰਸਿਟੀ ਦੇ ਚਾਂਸਲਰ ਨੇ ਕਿਹਾ ਕਿ ਮੌਜੂਦਾ ਗਲੋਬਲ ਪ੍ਰਸਥਿਤੀਆਂ ਵਿੱਚ ਰਿਸਕ ਬਾਰੇ ਜਾਗਰੂਕਤਾ ਅਤੇ ਰਣਨੀਤਿਕ ਫੈਸਲੇ ਲੈਣ ਦੀ ਸਮਰੱਥਾ ਭਵਿੱਖ ਦੇ ਆਗੂਆਂ ਲਈ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਕਿਹਾ ਕਿ ਇਹ ਕੇਂਦਰ ਵਿਦਿਆਰਥੀਆਂ ਵਿੱਚ ਇਹ ਯੋਗਤਾਵਾਂ ਵਿਕਸਿਤ ਕਰਨ ਲਈ ਮਹੱਤਵਪੂਰਨ ਸਾਬਤ ਹੋਵੇਗਾ। ਆਈ.ਆਰ.ਐਮ ਇੰਡੀਆ ਐਫ਼ਿਲੀਏਟ ਦੇ ਸੀਈਓ ਹਰਸ਼ ਸ਼ਾਹ ਨੇ ਕਿਹਾ ਕਿ ਰਿਸਕ ਇੰਟੈਲੀਜੈਂਸ ਅੱਜ ਦੇ ਸਮੇਂ ਵਿੱਚ ਲੀਡਰਸ਼ਿਪ ਦਾ ਅਹਿਮ ਅੰਗ ਬਣ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਹ ਕੇਂਦਰ ਵਿਦਿਆਰਥੀਆਂ ਅਤੇ ਪੇਸ਼ੇਵਰਾਂ ਨੂੰ ਅਨਿਸ਼ਚਿਤਤਾਵਾਂ ਨਾਲ ਨਜਿੱਠਣ, ਸੋਚ-ਵਿਚਾਰ ਨਾਲ ਫੈਸਲੇ ਲੈਣ ਅਤੇ ਲਚਕੀਲੀ ਅਰਥਵਿਵਸਥਾ ਦੇ ਨਿਰਮਾਣ ਵਿੱਚ ਯੋਗਦਾਨ ਪਾਉਣ ਲਈ ਤਿਆਰ ਕਰੇਗਾ। ਰਾਜੀਵ ਤੰਨਾ ਨੇ ਕਿਹਾ ਕਿ ਇਹ ਪਹਿਲ ਰਿਸਕ ਸਿੱਖਿਆ, ਉਦਯੋਗ-ਅਕਾਦਮਿਕ ਸਹਿਯੋਗ ਅਤੇ ਗਿਆਨ ਸਾਂਝ ਨੂੰ ਹੋਰ ਮਜ਼ਬੂਤ ਕਰੇਗੀ। ਉਨ੍ਹਾਂ ਅਨੁਸਾਰ ਇਹ ਕੇਂਦਰ ਖੇਤਰੀ ਪੱਧਰ 'ਤੇ ਪੇਸ਼ੇਵਰ ਵਿਕਾਸ ਅਤੇ ਰਿਸਕ-ਸਚੇਤ ਲੀਡਰਸ਼ਿਪ ਨੂੰ ਉਤਸ਼ਾਹਿਤ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਦੇਵੇਗਾ। ਇਹ ਪਹਿਲ ਆਈ.ਆਰ.ਐਮ ਇੰਡੀਆ ਐਫ਼ਿਲੀਏਟ ਵੱਲੋਂ ਰਿਸਕ-ਸਚੇਤ ਅਤੇ ਲਚਕੀਲੇ ਭਾਰਤ ਦੇ ਨਿਰਮਾਣ ਲਈ ਕੀਤੇ ਜਾ ਰਹੇ ਯਤਨਾਂ ਨੂੰ ਹੋਰ ਮਜ਼ਬੂਤ ਕਰਦੀ ਹੈ। 140 ਤੋਂ ਵੱਧ ਦੇਸ਼ਾਂ ਵਿੱਚ ਮੌਜੂਦਗੀ ਰੱਖਣ ਵਾਲੀ ਆਈ.ਆਰ.ਐਮ ਸੰਸਥਾ ਪਿਛਲੇ ਚਾਰ ਦਹਾਕਿਆਂ ਤੋਂ ਐਂਟਰਪ੍ਰਾਈਜ਼ ਰਿਸਕ ਮੈਨੇਜਮੈਂਟ ਦੇ ਵਿਕਾਸ ਲਈ ਕੰਮ ਕਰ ਰਹੀ ਹੈ। ਚਿਤਕਾਰਾ ਯੂਨੀਵਰਸਿਟੀ ਨਾਲ ਇਸ ਦਾ ਸਹਿਯੋਗ ਭਾਰਤ ਦੀ ਉੱਚ ਸਿੱਖਿਆ ਪ੍ਰਣਾਲੀ ਵਿੱਚ ਅੰਤਰਰਾਸ਼ਟਰੀ ਮਿਆਰਾਂ ਨੂੰ ਸ਼ਾਮਲ ਕਰਨ ਵੱਲ ਇੱਕ ਅਹਿਮ ਕਦਮ ਮੰਨਿਆ ਜਾ ਰਿਹਾ ਹੈ। ਇਸ ਨਾਲ ਵਿਦਿਆਰਥੀਆਂ ਨੂੰ ਵਿਸ਼ਵ ਪੱਧਰ ਦੀਆਂ ਲੋੜਾਂ ਅਨੁਸਾਰ ਗਿਆਨ, ਹੁਨਰ ਅਤੇ ਦ੍ਰਿਸ਼ਟੀਕੋਣ ਪ੍ਰਾਪਤ ਹੋਣਗੇ, ਜੋ ਉਨ੍ਹਾਂ ਨੂੰ ਭਵਿੱਖ ਦੀਆਂ ਪੇਸ਼ੇਵਰ ਚੁਣੌਤੀਆਂ ਲਈ ਬਿਹਤਰ ਢੰਗ ਨਾਲ ਤਿਆਰ ਕਰਨਗੇ।

# ਗੁਰਦੁਆਰਾ ਸਾਹਿਬ ਲੇਨੋ ਵਿਖੇ ਸ਼ਰਧਾ ਨਾਲ ਮਨਾਈ ਗਈ ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇ ਵਾਲਿਆ ਦੀ 76 ਵੀਂ ਬਰਸੀ

ਮਿਲਾਨ, 3 ਜੂਨ (ਦਲਜੀਤ ਮੱਕੜ) : ਬ੍ਰਹਮ ਗਿਆਨੀ ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇ ਵਾਲਿਆ ਦੀ ਬਰਸੀ ਨੂੰ ਸਮਰਪਿਤ ਇਟਲੀ ਦੇ ਵੱਖ ਵੱਖ ਗੁਰਦੁਆਰਾ ਸਾਹਿਬ ਵਿਖੇ ਸਮਾਗਮ ਕਰਵਾਏ ਜਾ ਰਹੇ ਹਨ। ਇਸੇ ਤਹਿਤ ਇਟਲੀ ਦੇ ਜਿਲਾ ਬਰੇਸ਼ੀਆ ਦੇ ਗੁਰਦੁਆਰਾ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਲੇਨੋ ਵਿਖੇ ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇ ਵਾਲਿਆ ਦੀ 76 ਵੀਂ ਬਰਸੀ ਨੂੰ ਸਮਰਪਿਤ ਸਮਾਗਮ ਕਰਵਾਇਆ। ਐਤਵਾਰ ਨੂੰ ਸ਼੍ਰੀ ਆਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਜਗਦੇਵ ਸਿੰਘ ਜੰਮੂ ਅਤੇ ਸਾਥੀਆ ਨੇ ਇਲਾਹੀ ਬਾਣੀ ਦੇ ਰਸਭਿੰਨੇ ਕੀਰਤਨ ਨਾਲ ਨਿਹਾਲ ਕੀਤਾ।ਉਪਰੰਤ ਇਟਲੀ ਦੇ ਪ੍ਰਸਿੱਧ ਕਵੀਸ਼ਰੀ ਭਾਈ ਅੰਗਰੇਜ ਸਿੰਘ ਜਾਂਗਲਾਂ ਅਤੇ ਸਾਥੀਆਂ ਦੁਆਰਾ ਸੰਗਤਾਂ ਨੂੰ ਕਵੀਸ਼ਰੀ ਵਾਰਾਂ ਨਾਲ ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇ ਜੀ ਜੀਵਨ ਫਲਸਫ਼ੇ ਤੋਂ ਵਿਸਥਾਰ ਪੂਰਵਕ ਜਾਣੂ ਕਰਵਾਇਆ ਅਤੇ ਉਹਨਾਂ ਦੁਆਰਾ



ਦਰਸਾਏ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕੀਤਾ । ਇਸ ਮੌਕੇ ਸੰਗਤਾਂ ਲਈ ਕਈ ਤਰਾਂ ਦੇ ਸਟਾਲ ਵੀ ਲਗਾਏ।ਇਸ ਮੌਕੇ ਵੱਖ ਵੱਖ ਗੁਰਦੁਆਰਾ ਸਾਹਿਬ ਦੀਆ ਪ੍ਰਬੰਧਕ ਕਮੇਟੀਆ ਨੇ ਵੀ ਸਮਾਗਮ ਵਿੱਚ ਸ਼ਿਰਕਤ ਕੀਤੀ।

ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਵੱਖ ਵੱਖ ਗੁਰਦੁਆਰਾ ਸਾਹਿਬ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸਮਾਗਮ ਲਈ ਸੇਵਾਵਾਂ ਨਿਭਾਉਣ ਵਾਲੇ ਪਰਿਵਾਰਾਂ ਨੂੰ ਸਿਰੋਪਾਓ ਦੇ ਨਾਲ ਸਨਮਾਨਤ ਕੀਤਾ ਗਿਆ। ਉਹਨਾਂ ਕਿਹਾ ਕਿ ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇ ਵਾਲਿਆ ਨੇ ਸਿੱਖੀ ਦੀ ਚੜ੍ਹਦੀ ਕਲਾ ਲਈ ਤੇ ਸੰਗਤਾਂ ਦੇ ਭਲੇ ਲਈ ਅਨੇਕਾਂ ਕਾਰਜ ਕੀਤੇ ਹਨ। ਸਕੂਲ,ਕਾਲਜ ਦੇ ਨਾਲ-ਨਾਲ ਗੁਰਦੁਆਰਾ ਸਾਹਿਬ ਸਥਾਪਿਤ ਕੀਤੇ। ਉਨ੍ਹਾਂ ਦਾ ਸਾਰਾ ਜੀਵਨ ਸੰਗਤਾਂ ਲਈ ਪ੍ਰੇਰਨਾ ਸ੍ਰੋਤ ਹੈ।

# ਇਟਲੀ ਦੇ ਕਿਆਰੀ ਵਿਖੇ ਇਟਲ ਸਰਵੀਸਿਜ਼ ਅਤੇ ਟੈਕਨੋ ਐਨਰਜੀਆ ਦੇ ਦਫਤਰ ਦਾ ਹੋਇਆ ਆਗਾਜ਼

ਮਿਲਾਨ, 3 ਜੂਨ (ਦਲਜੀਤ ਮੱਕੜ) : ਇਟਲੀ ਦੇ ਬਰੇਸ਼ੀਆ ਕਸਬਾ ਕਿਆਰੀ ਵਿਖੇ ਇਟਲ ਸਰਵੀਸਿਜ ਅਤੇ ਟੈਕਨੋ ਐਨਰਜੀਆ ਦੇ ਨਵੇਂ ਦਫਤਰ ਦਾ ਉਦਘਾਟਨ ਬੀਤੇ ਦਿਨ ਕੀਤਾ ਗਿਆ।ਇਸ ਮੌਕੇ ਇਲਾਕੇ ਵਿੱਚ ਵੱਸਦੇ ਭਾਰਤੀ ਭਾਈਚਾਰੇ ਦੀਆਂ ਕਈ ਅਹਿਮ ਸ਼ਖਸ਼ੀਅਤਾਂ ਨੇ ਸਮੂਲੀਅਤ ਕੀਤੀ। ਇਸ ਸੰਬੰਧੀ ਗੱਲਬਾਤ ਕਰਦਿਆ ਫਲਜਿੰਦਰ ਸਿੰਘ ਲਾਲੀਆਂ ਨੇ ਦੱਸਿਆਂ ਕਿ ਕਿ ਇਸ ਦਫਤਰ ਵਿੱਚ ਇਮੀਗ੍ਰੇਸ਼ੇਨ ਨਾਲ ਸੰਬੰਧਿਤ ਸੇਵਾਂਵਾਂ, ਐਬੰਸੀ ਨਾਲ ਸੰਬੰਧਿਤ ਕਾਗਜੀ ਕੰਮ, ਕਸਤੂਰੇ ਅਤੇ ਪਰਫਾਤੂਰੇ ਦੇ ਕੰਮ ਤੋਂ ਇਲਾਵਾ ਅਤੇ ਹੋਰ ਕਈਆ ਸੇਵਾਵਾਂ ਇੱਕੋ ਛੱਤ ਹੇਠ ਦਿੱਤੀਆ ਜਾਣਗੀਆਂ। ਉਹਨਾਂ ਇਹ ਵੀ ਦੱਸਿਆਂ ਕਿ ਟੈਕਨੋ ਐਨਰਜੀਆ ਦੇ ਬੈਨਰ ਹੇਠ ਉਹਨਾਂ ਨੇ ਬਿਜਲੀ ਅਤੇ ਗੈਸ ਦੀ ਕੰਪਨੀ ਦੀ ਸ਼ੁਰੂਆਤ ਕੀਤੀ ਹੈ, ਜੋ ਕਿ ਸਿੱਧੀ ਉਤਪਾਦਨ ਕਰਨ ਵਾਲੀ ਫਰਮ ਨਾਲ ਸਿੱਧੇ ਤੌਰ ਤੇ ਕੰਮ ਕਰੇਗੀ, ਜਿਸਦੇ ਨਾਲ ਬਿੱਲਾਂ ਵਿੱਚ ਕਾਫੀ ਰਿਆਇਤਾਂ ਦਿੱਤੀਆਂ ਜਾਣਗੀਆਂ ਅਤੇ ਬਿੱਲ ਪੰਜਾਬੀ ਭਾਸ਼ਾ ਵਿੱਚ ਹੀ ਹੋਣਗੇ। ਉਹਨਾਂ ਇਟਲੀ ਵੱਸਦੇ ਭਾਰਤੀਆਂ ਨੂੰ ਇੱਕ ਵਾਰ ਮੌਕਾ ਦੇਣ ਦੀ ਜਰੂਰੀ ਬੇਨਤੀ ਕੀਤੀ, ਉਹਨਾਂ ਇਹ ਵੀ ਦੱਸਿਆ ਕਿ ਉਹਨਾਂ ਦਾ ਇੱਕ ਦਫਤਰ ਰੋਮਾਨੋ ਦੀ ਲੰਬਾਰਦੀਆਂ (ਬੈਰਗਮੋ) ਵਿਖੇ ਵੀ ਹੈ, ਜਿੱਥੇ ਇਹ ਸਾਰੀਆਂ ਸੁਵਿਧਾਵਾਂ ਇਸੇ ਤਰਾਂ ਉਪਲਬਧ ਹਨ।



# ਲਾਓ ਪੀਪਲਜ਼ ਡੈਮੋਕ੍ਰੇਟਿਕ ਰੀਪਬਲਿਕ ਦੇ ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਨੇ ਭਾਰਤ ਦੇ ਰਾਸ਼ਟਰਪਤੀ ਨਾਲ ਕੀਤੀ ਮੁਲਾਕਾਤ

ਨਵੀਂ ਦਿੱਲੀ, 3 ਜੂਨ (ਅੰਮ੍ਰਿਤਪਾਲ ਸਿੰਘ) : ਲਾਓ ਪੀਪਲਜ਼ ਡੈਮੋਕ੍ਰੇਟਿਕ ਰੀਪਬਲਿਕ ਦੇ ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ, ਮਹਾਮਹਿਮ ਸ਼੍ਰੀ ਥੋਂਗਸਾਵਨ ਫੋਮਵਿਹਾਨੇ ਨੇ ਅੱਜ, 3 ਜੂਨ, 2026 ਨੂੰ ਰਾਸ਼ਟਰਪਤੀ ਭਵਨ ਵਿਖੇ ਭਾਰਤ ਦੇ ਰਾਸ਼ਟਰਪਤੀ, ਸ਼੍ਰੀਮਤੀ ਦ੍ਰੋਪਦੀ ਮੁਰਮੂ ਨਾਲ ਮੁਲਾਕਾਤ ਕੀਤੀ। ਭਾਰਤ ਦੀ ਪਹਿਲੀ ਫੇਰੀ 'ਤੇ ਸ਼੍ਰੀ ਫੋਮਵਿਹਾਨੇ ਦਾ ਸਵਾਗਤ ਕਰਦੇ ਹੋਏ, ਰਾਸ਼ਟਰਪਤੀ ਨੇ ਕਿਹਾ ਕਿ ਭਾਰਤ ਅਤੇ ਲਾਓ ਪੀਪਲਜ਼ ਡੈਮੋਕ੍ਰੇਟਿਕ ਰੀਪਬਲਿਕ ਡੂੰਘੇ ਸੱਭਿਅਤਾਵਾਦੀ ਸਬੰਧ ਸਾਂਝੇ ਕਰਦੇ ਹਨ, ਜੋ ਕਿ ਬੁੱਧ ਧਰਮ ਅਤੇ ਰਾਮਾਇਣ ਦੀ ਸਾਡੀ ਸਾਂਝੀ ਵਿਰਾਸਤ ਵਿੱਚ ਝਲਕਦਾ ਹੈ। ਇਸ ਸਾਲ, ਅਸੀਂ ਦੋਵਾਂ ਦੇਸ਼ਾਂ ਵਿਚਕਾਰ ਕੂਟਨੀਤਕ ਸਬੰਧਾਂ ਦੀ ਸਥਾਪਨਾ ਦੀ 70ਵੀਂ ਵਰ੍ਹੇਗੰਢ ਮਨਾ ਰਹੇ ਹਾਂ, ਜੋ ਕਿ ਦੁਵੱਲੇ ਸਬੰਧਾਂ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ। ਰਾਸ਼ਟਰਪਤੀ ਨੇ ਨੋਟ ਕੀਤਾ ਕਿ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅਕਤੂਬਰ 2024 ਵਿੱਚ ਆਸੀਆਨ ਸੰਮੇਲਨ ਵਿੱਚ ਸ਼ਾਮਲ ਹੋਣ ਲਈ ਲਾਓ ਪੀਪਲਜ਼ ਡੈਮੋਕ੍ਰੇਟਿਕ ਰੀਪਬਲਿਕ ਦਾ ਦੌਰਾ ਕੀਤਾ ਸੀ। ਉਸ ਦੌਰੇ ਦੌਰਾਨ, ਕਈ ਸਮਝੌਤਿਆਂ 'ਤੇ ਹਸਤਾਖਰ ਕੀਤੇ ਗਏ ਸਨ, ਜਿਸ ਨਾਲ ਸਾਡੇ ਸਹਿਯੋਗ ਨੂੰ ਇੱਕ ਨਵਾਂ ਹੁਲਾਰਾ ਮਿਲਿਆ।

# ਭਗਤ ਪੂਰਨ ਸਿੰਘ ਨੇ ਮਨੁੱਖਤਾ ਨੂੰ ਸੇਧ ਦਿੱਤੀ: ਵਿਜੈ ਪ੍ਰਤਾਪ

ਅੰਮ੍ਰਿਤਸਰ, 3 ਜੂਨ (ਚ.ਨ.ਸ): ਪਿੰਗਲਵਾੜਾ ਸੰਸਥਾ ਦੇ ਬਾਨੀ ਭਗਤ ਪੂਰਨ ਸਿੰਘ ਦੇ 122ਵੇਂ ਜਨਮ ਦਿਨ ਨੂੰ ਸਮਰਪਿਤ ਤਿੰਨ ਰੋਜ਼ਾ ਪ੍ਰੋਗਰਾਮਾਂ ਦੀ ਸ਼ੁਰੂਆਤ ਅੱਜ ਪਿੰਗਲਵਾੜੇ ਦੇ ਵਿਹੜੇ ਵਿੱਚ ਹੋ ਗਈ। ਅੱਜ ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਕੀਰਤਨ ਨਾਲ ਹੋਈ। ਪਹਿਲੇ ਦਿਨ ਦੇ ਪ੍ਰੋਗਰਾਮ ਵਿੱਚ ਵਾਤਾਵਰਨ ਪ੍ਰਤੀ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ 'ਗੁਰਮਤਿ ਵਿਚਾਰਧਾਰਾ ਦੀ ਰੌਸ਼ਨੀ ਵਿੱਚ ਕੁਦਰਤ ਦੀ ਸੰਭਾਲ' ਵਿਸ਼ੇ 'ਤੇ ਸੈਮੀਨਾਰ ਕੀਤਾ ਗਿਆ। ਵਿਧਾਇਕ ਡਾ. ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਕਿਹਾ ਕਿ ਭਗਤ ਜੀ ਨੇ ਮਨੁੱਖਤਾ ਨੂੰ ਨਵੀਂ ਸੇਧ ਦਿੱਤੀ। ਪਿੰਗਲਵਾੜਾ ਸੰਸਥਾ ਦੀ ਮੁਖੀ ਡਾ. ਇੰਦਰਜੀਤ ਕੌਰ ਨੇ ਕਿਹਾ ਕਿ ਭਗਤ ਪੂਰਨ ਸਿੰਘ ਨੇ 100 ਸਾਲ ਪਹਿਲਾਂ ਹੀ ਦੁਨੀਆਂ ਨੂੰ ਖ਼ਰਾਬ ਹੋਣ ਵਾਲੇ ਵਾਤਾਵਰਨ ਪ੍ਰਤੀ ਜਾਗਰੂਕ ਕਰਨਾ ਸ਼ੁਰੂ ਕਰ ਦਿੱਤਾ ਸੀ। ਡਾ. ਇੰਦਰਜੀਤ ਸਿੰਘ ਗੋਗੋਆਣੀ ਨੇ ਕਿਹਾ ਕਿ ਭਗਤ ਪੂਰਨ ਸਿੰਘ ਵਾਤਾਵਰਨ ਦੇ ਸੱਚੇ ਪਹਿਰੇਦਾਰ ਸਨ। ਉਨ੍ਹਾਂ ਦੇ 122ਵੇਂ ਜਨਮ ਦਿਨ



ਮੌਕੇ ਵਾਤਾਵਰਨ ਦੀ ਸੰਭਾਲ ਕਰਨਾ ਹੀ ਉਨ੍ਹਾਂ ਪ੍ਰਤੀ ਸੱਚੀ-ਸੁੱਚੀ ਸ਼ਰਧਾਂਜਲੀ ਹੈ। ਖ਼ਰਾਬ ਹੋ ਰਹੇ ਵਾਤਾਵਰਨ ਕਾਰਨ ਮਨੁੱਖਾਂ ਤੇ ਜੀਵ-ਜੰਤੂਆਂ ਦੀ ਹੋਂਦ ਖ਼ਤਰੇ ਵਿੱਚ ਪੈ ਰਹੀ ਹੈ। ਵਾਤਾਵਰਨ ਦੀ ਸੰਭਾਲ ਵਾਸਤੇ ਗੁਰਬਾਣੀ ਵਿੱਚ ਵੀ ਜ਼ੋਰ ਦਿੱਤਾ ਗਿਆ ਹੈ। ਸਾਬਕਾ ਜਥੇ. ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਭਗਤ ਪੂਰਨ ਸਿੰਘ ਨੇ 1927 ਤੋਂ ਲੋਕਾਂ ਨੂੰ ਵਾਤਾਵਰਨ ਦੀ ਸੰਭਾਲ ਪ੍ਰਤੀ ਜਾਗਰੂਕ ਕਰਨਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਵੱਲੋਂ ਉਸ ਵੇਲੇ ਪ੍ਰਗਟਾਇਆ ਫ਼ਿਕਰ ਅੱਜ ਸੱਚ ਸਾਬਤ ਹੋ ਰਿਹਾ ਹੈ। ਇਸ ਦੌਰਾਨ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਦੇ ਨੁਮਾਇੰਦੇ ਸੂਬੇਦਾਰ ਬਲਬੀਰ ਸਿੰਘ, ਡਾ. ਸਰਬਜੀਤ ਸਿੰਘ ਛੀਨਾ, ਪ੍ਰਿੰਸੀਪਲ ਕੁਲਵੰਤ ਸਿੰਘ ਨੇ ਵੀ ਸੰਬੋਧਨ ਕੀਤਾ। ਸੈਮੀਨਾਰ ਦੀ ਪ੍ਰਧਾਨਗੀ ਕਰ ਰਹੇ ਵਿਧਾਇਕ ਡਾ. ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਕਿਹਾ ਕਿ ਭਗਤ ਪੂਰਨ ਸਿੰਘ ਨੇ ਪ੍ਰੇਰਨਾਦਾਇਕ ਜੀਵਨ ਜਿਉਂਦਿਆਂ ਮਨੁੱਖਤਾ ਨੂੰ ਨਵੀਂ ਸੇਧ ਦਿੱਤੀ। ਆਉਂਦੇ ਸਮੇਂ ਵਿੱਚ ਜ਼ਮੀਨੀ ਪਾਣੀ ਮਨੁੱਖ ਨੂੰ ਵਰਤਣ ਲਈ ਮਿਲਣਾ ਮੁਸ਼ਕਿਲ ਹੋ ਜਾਵੇਗਾ। ਦਿਨੋਂ-ਦਿਨ ਵੱਧ ਰਿਹਾ ਧਰਤੀ ਦਾ ਤਾਪਮਾਨ ਮਨੁੱਖਾਂ, ਜੀਵ-ਜੰਤੂਆਂ, ਪੰਛੀਆਂ, ਫ਼ਸਲਾਂ ਆਦਿ ਦੀ ਹੋਂਦ ਖ਼ਤਰੇ ਵਿੱਚ ਪਾ ਰਿਹਾ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਪਿੰਗਲਵਾੜਾ ਸੰਸਥਾ ਵੱਲੋਂ ਮਨੁੱਖਤਾ ਨੂੰ ਜਾਗਰੂਕ ਕਰਨ ਲਈ ਉਪਰਾਲੇ ਚੱਲਦੇ ਰਹਿਣਗੇ।

# ਪੈਟਰੋਲ ਤੇ ਡੀਜ਼ਲ ਦੀਆਂ ਵਧਦੀਆਂ ਕੀਮਤਾਂ ਪਾ ਰਹੀਆਂ ਨੇ ਭਾਰਤੀ ਅਰਥਚਾਰੇ 'ਤੇ ਅਸਰ

## ☛ਮਾਲ-ਢੁਆਈ ਮਹਿੰਗੀ ਹੋਣ ਕਾਰਨ ਜ਼ਰੂਰੀ ਵਸਤਾਂ ਦੇ ਭਾਅ ਹੋਰ ਵਧਣਗੇ

ਨਵੀਂ ਦਿੱਲੀ, 3 ਜੂਨ (ਚ.ਨ.ਸ): ਰੇਟਿੰਗ ਏਜੰਸੀ ਕ੍ਰਿਸਿਲ ਨੇ ਅੱਜ ਆਪਣੀ ਰਿਪੋਰਟ 'ਚ ਕਿਹਾ ਕਿ ਪੈਟਰੋਲ ਤੇ ਡੀਜ਼ਲ ਦੀਆਂ ਵਧਦੀਆਂ ਕੀਮਤਾਂ ਭਾਰਤੀ ਅਰਥਚਾਰੇ 'ਤੇ ਮਹਿੰਗਾਈ ਦਾ ਨਵਾਂ ਦਬਾਅ ਪਾਉਣ ਲਈ ਤਿਆਰ ਹਨ, ਕਿਉਂਕਿ ਆਉਣ ਵਾਲੇ ਮਹੀਨਿਆਂ ਵਿੱਚ ਉੱਚ ਟਰਾਂਸਪੋਰਟ ਤੇ ਉਤਪਾਦਨ ਲਾਗਤਾਂ ਦਾ ਅਸਰ ਖਪਤਕਾਰਾਂ ਦੀਆਂ ਜੇਬਾਂ 'ਤੇ ਪੈਣ ਦਾ ਖਦਸ਼ਾ ਹੈ। ਰਿਪੋਰਟ ਅਨੁਸਾਰ 15 ਮਈ ਤੋਂ ਬਾਅਦ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ 'ਚ ਤਕਰੀਬਨ 7.5 ਰੁਪਏ ਪ੍ਰਤੀ ਲੀਟਰ ਦਾ ਵਾਧਾ ਹੋ ਚੁੱਕਾ ਹੈ ਤੇ ਜੇ ਕੱਚੇ ਤੇਲ ਦੀਆਂ ਕੀਮਤਾਂ ਉੱਚੇ ਪੱਧਰ 'ਤੇ ਬਣੀਆਂ ਰਹਿੰਦੀਆਂ ਹਨ ਤਾਂ ਇਹ ਵਾਧਾ ਨੇੜੇ ਭਵਿੱਖ 'ਚ 10 ਰੁਪਏ ਪ੍ਰਤੀ ਲਿਟਰ ਤੱਕ ਪਹੁੰਚ ਸਕਦਾ ਹੈ। ਕ੍ਰਿਸਿਲ ਨੇ ਕਿਹਾ ਕਿ ਇਸ ਦਾ ਅਸਰ ਪੂਰੇ ਅਰਥਚਾਰੇ 'ਚ ਢੋਆ-ਢੁਆਈ ਲਾਗਤ 'ਚ ਵਾਧੇ ਰਾਹੀਂ ਦਿਸੇਗਾ, ਜਿਸ ਨਾਲ ਖਾਣ-ਪੀਣ ਦੀਆਂ ਚੀਜ਼ਾਂ ਤੇ ਹੋਰ ਵਸਤਾਂ ਦੀ ਮਹਿੰਗਾਈ ਵਧੇਗੀ।" ਰਿਪੋਰਟ ਮੁਤਾਬਿਕ ਈਂਧਣ ਕੀਮਤਾਂ 'ਚ ਵਾਧੇ ਦਾ ਸਿੱਧਾ ਅਸਰ ਮਹਿੰਗਾਈ 'ਤੇ ਪਵੇਗਾ। ਈਂਧਣ ਕੀਮਤਾਂ 'ਚ 7.5 ਰੁਪਏ ਪ੍ਰਤੀ ਲਿਟਰ 'ਚ ਵਾਧੇ ਨਾਲ ਪ੍ਰਚੂਨ ਮਹਿੰਗਾਈ ਦਰ ਤਕਰੀਬਨ 0.36 ਫੀਸਦ ਤੱਕ ਵੱਧ ਸਕਦੀ ਹੈ। ਜੇ ਈਂਧਣ ਕੀਮਤਾਂ 10 ਰੁਪਏ ਪ੍ਰਤੀ ਲਿਟਰ ਤੱਕ ਵੱਧ ਜਾਂਦੀਆਂ ਹਨ ਤਾਂ ਪ੍ਰਚੂਨ ਮਹਿੰਗਾਈ ਦਰ 'ਚ ਤਕਰੀਬਨ 0.48 ਫੀਸਦ ਤੱਕ ਵਾਧਾ ਹੋ ਸਕਦਾ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਈਂਧਣ ਦੀਆਂ ਕੀਮਤਾਂ ਵਧਣ ਦਾ ਸਭ ਤੋਂ ਵੱਧ ਪ੍ਰਭਾਵ ਸੜਕੀ ਆਵਾਜਾਈ 'ਤੇ ਪਵੇਗਾ ਕਿਉਂਕਿ ਇਸ ਦੀ ਲਾਗਤ ਦਾ ਤਕਰੀਬਨ 42 ਫੀਸਦ ਹਿੱਸਾ ਈਂਧਣ



'ਤੇ ਨਿਰਭਰ ਹੈ। ਇਸ ਨਾਲ ਮਾਲ-ਢੁਆਈ ਮਹਿੰਗੀ ਹੋ ਜਾਵੇਗੀ ਤੇ ਇਸ ਦਾ ਅਸਰ ਰੋਜ਼ਾਨਾ ਵਰਤੋਂ ਦੀਆਂ ਵਸਤਾਂ ਦੀਆਂ ਕੀਮਤਾਂ 'ਤੇ ਪਵੇਗਾ। ਸਰਕਾਰ ਥੋਕ ਮੁੱਲ ਸੂਚਕ ਅੰਕ ਹੌਲੀ-ਹੌਲੀ ਖ਼ਤਮ ਕਰਕੇ ਉਤਪਾਦਨ, ਕੱਚਾ ਮਾਲ ਤੇ ਸੇਵਾਵਾਂ ਦੀਆਂ ਕੀਮਤਾਂ ਨੂੰ ਸ਼ਾਮਲ ਕਰਨ ਵਾਲਾ ਉਤਪਾਦਕ ਮੁੱਲ ਸੂਚਕ ਅੰਕ ਲਾਗੂ ਕਰੇਗੀ। ਵਣਜ ਤੇ ਉਦਯੋਗ ਮੰਤਰਾਲੇ ਦੇ ਮੁੱਖ ਆਰਥਿਕ ਸਲਾਹਕਾਰ ਪ੍ਰਵੀਨ ਮਹਿਤੋ ਨੇ ਕਿਹਾ ਕਿ ਉਦਯੋਗ ਤੇ ਅੰਤਰਿਕ ਵਪਾਰ ਵਿਕਾਸ ਵਿਭਾਗ 15 ਜੂਨ ਨੂੰ ਨਵੇਂ ਆਧਾਰ ਸਾਲ 2022-23 ਨਾਲ ਡਬਲਿਊਪੀਆਈ ਦੀ ਸੋਧੀ ਹੋਈ ਲੜੀ ਜਾਰੀ ਕਰੇਗਾ। ਇਹ ਆਧਾਰ ਸਾਲ 2011-12 ਵਾਲੀ ਮੌਜੂਦਾ ਲੜੀ ਦੀ ਥਾਂ ਲਵੇਗੀ।

# ਗੁਰਦੁਆਰੇ ਨੇੜੇ ਨਾਜਾਇਜ਼ ਕਬਜ਼ਿਆਂ ਕਾਰਨ ਸੰਗਤ 'ਚ ਰੋਸ

## ☛ਅੰਦੋਲਨ ਦੀ ਰਣਨੀਤੀ ਲਈ ਮਹਾਂਪੰਚਾਇਤ ਦੀ ਚਿਤਾਵਨੀ

ਕੁਰੂਕਸ਼ੇਤਰ, 3 ਜੂਨ (ਚ.ਨ.ਸ): ਗੁਰਦੁਆਰਾ ਮੰਜੀ ਸਾਹਿਬ, ਕੁਟੀਆ ਗੁਰਦੇਵ ਨਿਵਾਸ, ਮੁੱਖ ਸਵਰਗ ਆਸ਼ਰਮ ਤੇ ਡੇਹਾ ਕਲੋਨੀ ਦੀ ਮੁੱਖ ਸੜਕ 'ਤੇ ਕਥਿਤ ਨਾਜਾਇਜ਼ ਕਬਜ਼ਿਆਂ ਤੇ ਗੰਦਗੀ ਕਾਰਨ ਇਲਾਕੇ ਦੀ ਸੰਗਤ ਵਿੱਚ ਭਾਰੀ ਰੋਸ ਹੈ। ਅੱਜ ਸਿੱਖ ਸੰਗਤ ਸਣੇ ਇਲਾਕੇ ਦੇ ਪ੍ਰਮੁੱਖ ਲੋਕਾਂ ਨੇ ਡਿਪਟੀ ਕਮਿਸ਼ਨਰ ਕੁਰੂਕਸ਼ੇਤਰ ਦੇ ਨਾਮ ਸਿਟੀ ਮੈਜਿਸਟ੍ਰੇਟ ਨੂੰ ਮੰਗ ਪੱਤਰ ਸੌਂਪਿਆ, ਜਿਸ ਵਿੱਚ ਤੁਰੰਤ ਤੇ ਪ੍ਰਭਾਵਸ਼ਾਲੀ ਕਾਰਵਾਈ ਦੀ ਮੰਗ ਕੀਤੀ ਗਈ। ਇਸ ਦੌਰਾਨ ਚਿਤਾਵਨੀ ਦਿੱਤੀ ਕਿ ਜੇ ਸਮੱਸਿਆ ਹੱਲ ਨਾ ਹੋਈ ਤਾਂ ਅੰਦੋਲਨ ਦੀ ਰਣਨੀਤੀ ਲਈ 5 ਜੂਨ ਨੂੰ ਮਹਾਂਪੰਚਾਇਤ ਹੋਵੇਗੀ। ਵਫ਼ਦ ਦੀ ਅਗਵਾਈ ਕੌਂਸਲਰ ਰਾਜਿੰਦਰ ਉੱਪਲ, ਜਗਤਾਰ ਸਿੰਘ ਤਾਰਾ ਤੇ ਸਿੱਖ ਆਗੂ ਮਨਜੀਤ ਸਿੰਘ ਕਰ ਰਹੇ ਸਨ। ਮੰਗ ਪੱਤਰ ਵਿੱਚ ਕਿਹਾ ਗਿਆ ਕਿ ਬਰਾੜਾ ਰੋਡ ਤੇ ਡੇਹਾ ਕਲੋਨੀ ਦੀ ਮੁੱਖ ਸੜਕ 'ਤੇ ਨਾਜਾਇਜ਼ ਕਬਜ਼ਿਆਂ ਕਾਰਨ ਸਰਕਾਰੀ ਜ਼ਮੀਨਾਂ ਤੇ ਸੜਕਾਂ ਦੇ ਕਿਨਾਰੇ ਮਲਬਾ, ਪਸ਼ੂਆਂ ਦੇ ਪਿੰਜਰ ਤੇ ਹੋਰ ਰਹਿੰਦ-ਖੂੰਹਦ ਸੁੱਟੀ ਜਾ ਰਹੀ ਹੈ। ਗੰਦਗੀ ਤੇ ਬਦਬੂ ਕਾਰਨ ਸ਼ਰਧਾਲੂਆਂ ਨੂੰ ਗੁਰਦੁਆਰਾ ਸਾਹਿਬ, ਕੁਟੀਆ ਗੁਰਦੇਵ ਨਿਵਾਸ ਤੇ ਮੁੱਖ ਸਵਰਗ ਆਸ਼ਰਮ ਜਾਣ ਲਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸੰਗਤ ਨੇ ਮੰਗ ਕੀਤੀ ਕਿ ਗੁਰਦੁਆਰਾ ਮੰਜੀ ਸਾਹਿਬ ਤੇ ਮੁੱਖ ਸਵਰਗ ਆਸ਼ਰਮ ਦੇ ਆਲੇ-ਦੁਆਲੇ ਸਾਰੇ ਗ਼ੈਰ-ਕਾਨੂੰਨੀ ਕਬਜ਼ਿਆਂ ਹਟਾਉਣ ਦੇ ਨਾਲ-ਨਾਲ ਸਫ਼ਾਈ ਮੁਹਿੰਮ ਚਲਾਈ ਜਾਵੇ। ਬਰਾੜਾ ਰੋਡ ਤੇ ਡੇਹਾ ਕਲੋਨੀ ਦੀਆਂ ਮੁੱਖ ਸੜਕਾਂ ਨੂੰ ਪੂਰੀ ਤਰ੍ਹਾਂ ਕਬਜ਼ੇ ਤੋਂ ਮੁਕਤ ਕੀਤਾ ਜਾਣਾ ਚਾਹੀਦਾ ਹੈ।

# ਖੇਤ ਬਚਾਓ ਅਭਿਆਨ ਤਹਿਤ ਜਾਗਰੂਕਤਾ ਪ੍ਰੋਗਰਾਮ




ਅਬੋਹਰ, 3 ਜੂਨ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਅੱਜ ਖੇਤੀਬਾੜੀ ਵਿਗਿਆਨ ਕੇਂਦਰ (ਕੇ.ਵੀ.ਕੇ.), ਫ਼ਾਜ਼ਿਲਕਾ ਵੱਲੋਂ ਪਿੰਡ ਸੱਪਾਂ ਵਾਲੀ ਤੇ ਖੁਈਆਂ ਸਰਵਰ ਵਿਖੇ 'ਖੇਤ ਬਚਾਓ ਅਭਿਆਨ' ਤਹਿਤ ਸੰਤੁਲਿਤ ਉਰਵਰਕ ਵਰਤੋਂ ਤੇ ਸਿੰਗਲ ਯੂਜ਼ ਪਲਾਸਟਿਕ ਦੇ ਮਾੜੇ ਪ੍ਰਭਾਵਾਂ ਵਿਸ਼ੇ 'ਤੇ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਪ੍ਰੋਗਰਾਮ ਦੌਰਾਨ ਕਿਸਾਨਾਂ ਨੂੰ ਮਿੱਟੀ ਦੀ ਉਪਜਾਊ ਸ਼ਕਤੀ ਤੇ ਸਿਹਤ ਬਣਾਈ ਰੱਖਣ ਲਈ ਸੰਤੁਲਿਤ ਤੇ ਵਿਗਿਆਨਕ ਢੰਗ ਨਾਲ ਉਰਵਰਕਾਂ ਦੀ ਵਰਤੋਂ ਦੇ ਮਹੱਤਵ ਬਾਰੇ ਜਾਣਕਾਰੀ ਦਿੱਤੀ ਗਈ। ਨਾਲ ਹੀ ਸਿੰਗਲ ਯੂਜ਼ ਪਲਾਸਟਿਕ ਦੀ ਬੇਲੋੜੀ ਵਰਤੋਂ ਨਾਲ ਵਾਤਾਵਰਨ, ਮਿੱਟੀ ਤੇ ਮਨੁੱਖੀ ਸਿਹਤ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਸੰਬੰਧੀ ਵਿਸਥਾਰ ਨਾਲ ਜਾਗਰੂਕ ਕੀਤਾ ਗਿਆ। ਇਸ ਮੌਕੇ ਕੇ.ਵੀ.ਕੇ. ਟੀਮ ਦੇ ਮੈਂਬਰਾਂ ਪ੍ਰਿਥਵੀਰਾਜ ਤੇ ਰਮੇਸ਼ ਕਾਟੇਵਾ ਨੇ ਕਿਸਾਨਾਂ ਨੂੰ ਵਾਤਾਵਰਨ ਸੰਭਾਲ, ਪਲਾਸਟਿਕ ਮੁਕਤ ਮਾਹੌਲ ਤੇ ਟਿਕਾਊ ਖੇਤੀ ਵਿਧੀਆਂ ਅਪਣਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਕਿਸਾਨਾਂ ਨੂੰ ਮਿੱਟੀ ਪ੍ਰੀਖਣ ਆਧਾਰਿਤ ਉਰਵਰਕ ਪ੍ਰਯੋਗ ਤੇ ਪਲਾਸਟਿਕ ਕੂੜੇ ਦੇ ਉਚਿੱਤ ਪ੍ਰਬੰਧਨ ਨੂੰ ਅਪਣਾਉਣ ਦਾ ਸੱਦਾ ਦਿੱਤਾ। ਪ੍ਰੋਗਰਾਮ ਵਿੱਚ ਕਿਸਾਨਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਤੇ ਇਸ ਤਰ੍ਹਾਂ ਦੀਆਂ ਜਾਗਰੂਕਤਾ ਗਤੀਵਿਧੀਆਂ ਦੀ ਸ਼ਲਾਘਾ ਕਰਦਿਆਂ ਭਵਿੱਖ ਵਿੱਚ ਵੀ ਅਜਿਹੇ ਪ੍ਰੋਗਰਾਮ ਆਯੋਜਿਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

# ਸਰੀ 'ਚ 4 ਮਹੀਨਿਆਂ ਦੌਰਾਨ 31 ਫ਼ੀਸਦੀ ਵਧੇ ਅਪਰਾਧ! ਕਤਲ ਤੇ ਗੋਲੀਬਾਰੀ ਨਾਲ ਵੀ ਜੁੜੇ ਮਾਮਲੇ

ਸਰੀ, 3 ਜੂਨ (ਚ.ਨ.ਸ): ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸਰੀ ਸ਼ਹਿਰ 'ਚ ਸਾਲ 2026 ਦੇ ਪਹਿਲੇ ਚਾਰ ਮਹੀਨਿਆਂ ਦੌਰਾਨ ਅਪਰਾਧ ਦੇ ਮਾਮਲਿਆਂ ਵਿੱਚ ਵੱਡਾ ਵਾਧਾ ਦਰਜ ਕੀਤਾ ਗਿਆ ਹੈ। ਸਰੀ ਪੁਲਿਸ ਸਰਵਿਸ (ਐਸ.ਪੀ.ਐਸ.) ਦੇ ਤਾਜ਼ਾ ਅੰਕੜਿਆਂ ਅਨੁਸਾਰ ਜਨਵਰੀ ਤੋਂ ਅਪ੍ਰੈਲ ਦੇ ਵਿਚਕਾਰ ਲੋਕਾਂ ਖ਼ਿਲਾਫ਼ ਹੋਣ ਵਾਲੇ ਅਪਰਾਧਾਂ ਵਿੱਚ 31 ਫ਼ੀਸਦੀ ਤੇ ਜਾਇਦਾਦ ਸਬੰਧੀ ਅਪਰਾਧਾਂ ਵਿੱਚ 18 ਫ਼ੀਸਦੀ ਦਾ ਵਾਧਾ ਹੋਇਆ ਹੈ। ਇਸ ਤੋਂ ਚਿੰਤਾਜਨਕ ਅੰਕੜੇ ਕਤਲ ਤੇ ਗੋਲੀਬਾਰੀ ਨਾਲ ਜੁੜੇ ਹੋਏ ਹਨ। ਇਸ ਸਮੇਂ ਦੌਰਾਨ ਕਤਲ ਦੇ ਮਾਮਲਿਆਂ ਦੀ ਗਿਣਤੀ 2 ਤੋਂ ਵੱਧ ਕੇ 8 ਹੋ ਗਈ, ਜੋ 300 ਫ਼ੀਸਦੀ ਦਾ ਵਾਧਾ ਦਰਸਾਉਂਦੀ ਹੈ। ਉਥੇ ਹੀ ਗੋਲੀਬਾਰੀ ਦੀਆਂ ਘਟਨਾਵਾਂ 17 ਤੋਂ ਵੱਧ ਕੇ 33 ਹੋ ਗਈਆਂ, ਮਤਲਬ 94 ਫ਼ੀਸਦੀ ਦਾ ਵਾਧਾ। ਪੁਲਿਸ ਦਾ ਮੰਨਣਾ ਹੈ ਕਿ ਸੰਗਠਿਤ ਅਪਰਾਧ ਤੇ ਗੈਂਗ ਗਤੀਵਿਧੀਆਂ ਇਸ ਦੇ ਪਿੱਛੇ ਇੱਕ ਮੁੱਖ ਕਾਰਨ ਹੋ ਸਕਦੀਆਂ ਹਨ। **ਦੱਖਣੀ ਏਸ਼ੀਆਈ ਭਾਈਚਾਰੇ 'ਤੇ ਵਧਿਆ ਫ਼ਿਰੌਤੀ ਦਾ ਖ਼ਤਰਾ:** ਅੰਕੜਿਆਂ ਅਨੁਸਾਰ ਕਥਿਤ 'ਸਾਊਥ ਏਸ਼ੀਅਨ ਸੀਰੀਜ਼' ਨਾਲ ਜੁੜੇ ਫ਼ਿਰੌਤੀ ਦੇ ਮਾਮਲਿਆਂ ਵਿੱਚ ਸਭ ਤੋਂ ਵੱਧ ਵਾਧਾ ਦਰਜ ਕੀਤਾ ਗਿਆ। ਅਜਿਹੇ ਮਾਮਲਿਆਂ ਦੀ ਗਿਣਤੀ 4 ਤੋਂ ਵੱਧ ਕੇ 95 ਹੋ ਗਈ ਹੈ। ਹਾਲ ਹੀ ਦੇ ਮਹੀਨਿਆਂ ਵਿੱਚ ਸਰੀ ਤੇ ਆਸ-ਪਾਸ ਦੇ ਇਲਾਕਿਆਂ ਵਿੱਚ ਭਾਰਤੀ ਤੇ ਪੰਜਾਬੀ ਮੂਲ ਦੇ ਕਾਰੋਬਾਰੀਆਂ ਨੂੰ ਧਮਕੀ ਭਰੇ ਫ਼ੋਨ, ਸੁਨੇਹੇ ਤੇ ਫ਼ਿਰੌਤੀ ਦੀ ਮੰਗ ਦੇ ਕਈ ਮਾਮਲੇ ਸਾਹਮਣੇ ਆਏ ਹਨ। **ਲੁੱਟ-ਖੋਹ ਤੇ ਹਮਲਿਆਂ ਦੇ ਮਾਮਲਿਆਂ 'ਚ ਵੀ ਵਾਧਾ:** ਚਾਰ ਮਹੀਨਿਆਂ ਦੌਰਾਨ ਹਮਲਿਆਂ ਦੇ ਮਾਮਲਿਆਂ ਵਿੱਚ 24 ਫ਼ੀਸਦੀ ਵਾਧਾ ਦਰਜ ਕੀਤਾ ਗਿਆ। ਇਨ੍ਹਾਂ ਦੀ ਗਿਣਤੀ 1,062 ਤੋਂ ਵੱਧ ਕੇ 1,314 ਹੋ ਗਈ। ਉਥੇ ਹੀ ਲੁੱਟ-ਖੋਹ ਦੇ ਮਾਮਲੇ 30 ਫ਼ੀਸਦੀ ਵੱਧ ਕੇ 158 ਤੱਕ ਪਹੁੰਚ ਗਏ। ਜਿਨਸੀ ਅਪਰਾਧਾਂ ਵਿੱਚ ਵੀ 16 ਫ਼ੀਸਦੀ ਦਾ ਵਾਧਾ ਦੇਖਿਆ ਗਿਆ। **ਧੋਖਾਧੜੀ ਦੇ ਮਾਮਲੇ ਵਧੇ:** ਡਿਜੀਟਲ ਅਪਰਾਧਾਂ ਵਿੱਚ ਵੀ ਤੇਜ਼ੀ ਦੇਖਣ ਨੂੰ ਮਿਲੀ। ਪਛਾਣ ਚੋਰੀ ਤੇ ਧੋਖਾਦੇਹੀ ਦੇ ਮਾਮਲਿਆਂ ਵਿੱਚ 59 ਫ਼ੀਸਦੀ ਦਾ ਵਾਧਾ ਹੋਇਆ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਆਨਲਾਈਨ ਵਿੱਤੀ ਲੈਣ-ਦੇਣ ਵਧਣ ਦੇ ਨਾਲ-ਨਾਲ ਸਾਈਬਰ ਅਪਰਾਧੀਆਂ ਦੀਆਂ ਗਤੀਵਿਧੀਆਂ ਵੀ ਤੇਜ਼ ਹੋਈਆਂ ਹਨ।



# ਦੇਸ਼ ਭਗਤ ਯੂਨੀਵਰਸਿਟੀ ਦੇ ਕੁਸ਼ਤੀ ਕੋਚ ਮਨਦੀਪ ਪੰਜਾਬ ਗ੍ਰੈਪਲਿੰਗ ਕਮੇਟੀ ਦੇ ਜੁਆਇੰਟ ਸਕੱਤਰ ਬਣੇ

ਮੰਡੀ ਗੋਬਿੰਦਗੜ੍ਹ, 3 ਜੂਨ (ਅੰਮ੍ਰਿਤਪਾਲ ਸਿੰਘ/ਸੂਦ): ਦੇਸ਼ ਭਗਤ ਯੂਨੀਵਰਸਿਟੀ ਦੇ ਕੁਸ਼ਤੀ ਕੋਚ ਮਨਦੀਪ ਨੂੰ ਪੰਜਾਬ ਗ੍ਰੈਪਲਿੰਗ ਕਮੇਟੀ ਦਾ ਜੁਆਇੰਟ ਸਕੱਤਰ ਨਿਯੁਕਤ ਕੀਤਾ ਹੈ। ਇਹ ਨਿਯੁਕਤੀ ਪੰਜਾਬ ਵਿੱਚ ਗ੍ਰੈਪਲਿੰਗ ਖੇਡ ਦੇ ਵਿਕਾਸ ਤੇ ਪ੍ਰਚਾਰ-ਪ੍ਰਸਾਰ ਲਈ ਉਨ੍ਹਾਂ ਦੀ ਸਮਰਪਣ ਭਾਵਨਾ, ਵਚਨਬੱਧਤਾ ਤੇ ਮਹੱਤਵਪੂਰਨ ਯੋਗਦਾਨ ਦੀ ਮਾਨਤਾ ਹੈ। ਕਮੇਟੀ ਵੱਲੋਂ ਮਨਦੀਪ ਦੀਆਂ ਯੋਗਤਾਵਾਂ, ਖਿਡਾਰੀਆਂ, ਕੋਚਾਂ ਤੇ ਵਿਸ਼ਾਲ ਗ੍ਰੈਪਲਿੰਗ ਭਾਈਚਾਰੇ ਲਈ ਲਗਾਤਾਰ ਯਤਨਾਂ 'ਤੇ ਪ੍ਰਗਟ ਕੀਤੇ ਵਿਸ਼ਵਾਸ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਉਹ ਆਪਣੇ ਨਵੇਂ ਅਹੁਦੇ ਵਿੱਚ ਕਮੇਟੀ ਦੇ ਮੈਂਬਰਾਂ ਨਾਲ ਮਿਲ ਕੇ ਸੰਗਠਨਾਤਮਕ ਕਾਰਜਾਂ ਨੂੰ ਮਜ਼ਬੂਤ ਕਰਨ ਤੇ ਸੂਬੇ ਭਰ ਦੇ ਗ੍ਰੈਪਲਿੰਗ ਖਿਡਾਰੀਆਂ ਲਈ ਵਧੇਰੇ ਮੌਕੇ ਉਪਲਬਧ ਕਰਵਾਉਣ ਲਈ ਕੰਮ ਕਰਨਗੇ। ਉਹ ਕਮੇਟੀ ਦੀਆਂ ਗਤੀਵਿਧੀਆਂ ਤੇ ਪਹਿਲਕਦਮੀਆਂ ਦੇ ਤਾਲਮੇਲ, ਚੈਂਪੀਅਨਸ਼ਿਪਾਂ, ਟ੍ਰੇਨਿੰਗ ਕੈਂਪਾਂ ਤੇ ਖੇਡ ਸਮਾਗਮਾਂ ਦੇ ਆਯੋਜਨ, ਪੰਜਾਬ ਵਿੱਚ ਗ੍ਰੈਪਲਿੰਗ ਖੇਡਾਂ ਦੇ ਵਿਕਾਸ ਤੇ ਪ੍ਰਚਾਰ-ਪ੍ਰਸਾਰ, ਖਿਡਾਰੀਆਂ,



ਜ਼ਿਲ੍ਹਾ ਇਕਾਈਆਂ ਤੇ ਹੋਰ ਹਿੱਸੇਦਾਰਾਂ ਨਾਲ ਤਾਲਮੇਲ ਬਣਾਉਣ ਦੇ ਨਾਲ-ਨਾਲ ਕਮੇਟੀ ਦੇ ਵੱਖ-ਵੱਖ ਪ੍ਰਸ਼ਾਸਕੀ ਤੇ ਅਧਿਕਾਰਕ ਕਾਰਜਾਂ ਦੀ ਜ਼ਿੰਮੇਵਾਰੀ ਨਿਭਾਉਣਗੇ। ਇਹ ਨਿਯੁਕਤੀ ਉਸ ਸਮੇਂ ਹੋਈ ਜਦੋਂ ਪੰਜਾਬ ਗ੍ਰੈਪਲਿੰਗ ਕਮੇਟੀ ਸੂਬੇ ਭਰ ਵਿੱਚ ਗ੍ਰੈਪਲਿੰਗ ਖੇਡਾਂ ਵਿੱਚ ਉਤਕ੍ਰਿਸ਼ਟਤਾ ਨੂੰ ਉਤਸ਼ਾਹਿਤ ਕਰਨ ਤੇ ਭਾਗੀਦਾਰੀ, ਮੁਕਾਬਲੇਬਾਜ਼ੀ ਤੇ ਪ੍ਰਤਿਭਾ ਵਿਕਾਸ ਲਈ ਵਧੇਰੇ ਮੌਕੇ ਪੈਦਾ ਕਰਨ ਦੇ ਆਪਣੇ ਮਿਸ਼ਨ ਨੂੰ ਅੱਗੇ ਵਧਾ ਰਹੀ ਹੈ। ਪੰਜਾਬ ਗ੍ਰੈਪਲਿੰਗ ਕਮੇਟੀ ਦੇ ਪ੍ਰਧਾਨ ਅਕਸ਼ੇ ਤਿਵਾੜੀ ਨੇ ਇਸ ਨਿਯੁਕਤੀ ਦਾ ਸਵਾਗਤ ਕਰਦਿਆਂ ਕਮੇਟੀ ਦੇ ਸੰਗਠਨਾਤਮਕ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਤੇ ਖੇਡ ਨੂੰ ਜ਼ਮੀਨੀ ਪੱਧਰ ਤੋਂ ਲੈ ਕੇ ਮੁਕਾਬਲੇਬਾਜ਼ ਪੱਧਰ ਤੱਕ ਅੱਗੇ ਵਧਾਉਣ ਲਈ ਆਪਣੀ ਵਚਨਬੱਧਤਾ ਦੁਹਰਾਈ। ਉਨ੍ਹਾਂ ਆਸ ਕੀਤੀ ਕਿ ਮਨਦੀਪ ਦਾ ਤਜਰਬਾ, ਉਤਸ਼ਾਹ ਤੇ ਸਮਰਪਣ ਪੰਜਾਬ ਵਿੱਚ ਗ੍ਰੈਪਲਿੰਗ ਖੇਡਾਂ ਦੇ ਵਿਕਾਸ ਤੇ ਸਫਲਤਾ ਵਿੱਚ ਯੋਗਦਾਨ ਪਾਵੇਗਾ। ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ-ਚਾਂਸਲਰ ਡਾ. ਤੇਜਿੰਦਰ ਕੌਰ ਨੇ ਮਨਦੀਪ ਨੂੰ ਵਧਾਈ ਦਿੰਦਿਆ ਕਿਹਾ ਕਿ ਉਹ ਗ੍ਰੈਪਲਿੰਗ ਖੇਡਾਂ ਦੇ ਪ੍ਰਚਾਰ-ਪ੍ਰਸਾਰ ਤੇ ਸੂਬੇ ਭਰ ਦੇ ਖਿਡਾਰੀਆਂ ਦੀ ਭਲਾਈ ਲਈ ਅਰਥਪੂਰਨ ਯੋਗਦਾਨ ਪਾਉਣਗੇ।

# ਜਨਗਣਨਾ ਕਰਦੀ ਮਹਿਲਾ ਅਧਿਆਪਕਾ ਨਾਲ ਦੁਰਵਿਹਾਰ ਕਰਨ ਵਾਲਿਆਂ ਖ਼ਿਲਾਫ਼ ਡੀਟੀਐਫ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਸਖ਼ਤ ਕਾਰਵਾਈ ਦੀ ਮੰਗ

ਫ਼ਿਰੋਜ਼ਪੁਰ, 3 ਜੂਨ (ਤਿਵਾੜੀ): ਜਨਗਣਨਾ-2026 ਦੌਰਾਨ ਆਪਣੀ ਡਿਊਟੀ ਨਿਭਾ ਰਹੀ ਇੱਕ ਮਹਿਲਾ ਅਧਿਆਪਕਾ ਨਾਲ ਹੋਏ ਦੁਰਵਿਹਾਰ ਦੀ ਘਟਨਾ ਨੂੰ ਗੰਭੀਰਤਾ ਨਾਲ ਲੈਂਦਿਆਂ ਡੈਮੋਕ੍ਰੇਟਿਕ ਟੀਚਰਜ਼ ਫਰੰਟ (ਡੀਟੀਐਫ) ਪੰਜਾਬ ਜ਼ਿਲ੍ਹਾ ਫ਼ਿਰੋਜ਼ਪੁਰ ਤੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਨੇ ਦੋਸ਼ੀਆਂ ਖ਼ਿਲਾਫ਼ ਤੁਰੰਤ ਤੇ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਦੋਸ਼ੀਆਂ ਖ਼ਿਲਾਫ਼ ਜਲਦ ਕਾਰਵਾਈ ਨਾ ਕੀਤੀ ਗਈ ਤਾਂ ਜਨਤਕ ਜਥੇਬੰਦੀਆਂ ਨੂੰ ਨਾਲ ਲੈ ਕੇ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ। ਜਾਣਕਾਰੀ ਦਿੰਦਿਆਂ ਡੀਟੀਐਫ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਮਲਕੀਤ ਸਿੰਘ ਹਰਾਜ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਅਵਤਾਰ ਸਿੰਘ ਮਹਿਮਾ ਤੇ ਕਿਸਾਨ-ਸਟੂਡੈਂਟ ਯੂਨੀਅਨ ਦੇ ਆਗੂ ਜਗਰੂਪ ਸਿੰਘ ਭੁੱਲਰ ਨੇ ਦੱਸਿਆ ਕਿ ਜਨਗਣਨਾ-2026 ਦੌਰਾਨ ਵੱਖ-ਵੱਖ ਥਾਵਾਂ ਤੋਂ ਮਹਿਲਾ ਕਰਮਚਾਰੀਆਂ ਤੇ ਅਧਿਆਪਕਾਵਾਂ ਨਾਲ ਦੁਰਵਿਹਾਰ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ। ਇਸ ਦੇ ਬਾਵਜੂਦ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮਹਿਲਾ ਕਰਮਚਾਰੀਆਂ ਦੀ ਸੁਰੱਖਿਆ ਲਈ ਲੋੜੀਂਦੇ ਪ੍ਰਬੰਧ ਨਹੀਂ ਕੀਤੇ ਗਏ, ਜਿਸ ਕਾਰਨ ਮਹਿਲਾ ਮੁਲਾਜ਼ਮਾਂ ਵਿੱਚ ਡਰ ਤੇ ਅਸੁਰੱਖਿਆ ਦੀ ਭਾਵਨਾ ਪੈਦਾ ਹੋ ਰਹੀ ਹੈ। ਆਗੂਆਂ ਨੇ ਦੱਸਿਆ ਕਿ ਫ਼ਿਰੋਜ਼ਪੁਰ ਦੇ ਪਿੰਡ ਵਲੂਰ



ਵਿਖੇ ਇੱਕ ਮਹਿਲਾ ਅਧਿਆਪਕਾ ਬਤੌਰ ਗਿਣਤੀਕਾਰ ਆਪਣੀ ਜਨਗਣਨਾ ਡਿਊਟੀ ਨਿਭਾ ਰਹੀ ਸੀ। ਬੀਤੇ ਦਿਨ ਜਦੋਂ ਉਹ ਸਰਕਾਰੀ ਹਦਾਇਤਾਂ ਅਨੁਸਾਰ ਘਰ-ਘਰ ਜਾ ਕੇ ਜਨਗਣਨਾ ਦਾ ਕੰਮ ਕਰ ਰਹੀ ਸੀ ਤਾਂ ਇੱਕ ਘਰ ਦੇ ਲੋਕਾਂ ਵੱਲੋਂ ਉਸ ਨਾਲ ਬਦਤਮੀਜ਼ੀ ਕੀਤੀ ਗਈ। ਇਨ੍ਹਾਂ ਵਿਅਕਤੀਆਂ ਨੇ ਨਾ ਸਿਰਫ਼ ਮਹਿਲਾ ਅਧਿਆਪਕਾ ਨਾਲ ਅਣਉਚਿੱਤ ਵਿਵਹਾਰ ਕੀਤਾ ਸਗੋਂ ਸਰਕਾਰੀ ਰਿਕਾਰਡ ਖੋਹਣ ਤੇ ਸਰਕਾਰੀ ਡਿਊਟੀ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਵੀ ਕੀਤੀ। ਹਾਲਾਤ ਇੰਨੇ ਗੰਭੀਰ ਹੋ ਗਏ ਕਿ ਮਹਿਲਾ ਅਧਿਆਪਕਾ ਨਾਲ ਦੋਸ਼ੀ ਆਪਣੀ ਸੁਰੱਖਿਆ ਲਈ ਕਾਫ਼ੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਘਟਨਾ ਦੀ ਜਾਣਕਾਰੀ ਮਿਲਣ ਉਪਰੰਤ ਡੀਟੀਐਫ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਤੇ ਕਿਸਾਨ-ਸਟੂਡੈਂਟ ਯੂਨੀਅਨ ਦੇ ਆਗੂਆਂ ਸਮੇਤ ਇਲਾਕੇ ਦੇ ਮੋਹਤਬਰ ਵਿਅਕਤੀਆਂ ਦਾ ਇੱਕ ਵਫ਼ਦ ਪ੍ਰਭਾਵਿਤ ਅਧਿਆਪਕਾ ਕੋਲ ਪੁੱਜਿਆ ਤੇ ਉਸ ਨਾਲ ਹਮਦਰਦੀ ਪ੍ਰਗਟ ਕੀਤੀ। ਇਸ ਤੋਂ ਬਾਅਦ ਵਫ਼ਦ ਵੱਲੋਂ ਡਿਪਟੀ ਕਮਿਸ਼ਨਰ ਫ਼ਿਰੋਜ਼ਪੁਰ ਦੇ ਨਾਂ ਵਧੀਕ ਡਿਪਟੀ ਕਮਿਸ਼ਨਰ ਤੇ ਐਸ.ਡੀ.ਐਮ. ਫ਼ਿਰੋਜ਼ਪੁਰ ਨੂੰ ਇੱਕ ਮੰਗ ਪੱਤਰ ਸੌਂਪਿਆ ਗਿਆ, ਜਿਸ ਵਿੱਚ ਦੋਸ਼ੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨ, ਮਹਿਲਾ ਅਧਿਆਪਕਾ ਨੂੰ ਇਨਸਾਫ਼ ਦਿਵਾਉਣ ਤੇ ਜਨਗਣਨਾ ਡਿਊਟੀ ਦੌਰਾਨ ਮਹਿਲਾ ਕਰਮਚਾਰੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਮੰਗ ਕੀਤੀ ਗਈ। ਇਸ ਮੌਕੇ ਵਿੱਤ ਸਕੱਤਰ ਅਮਿਤ ਸ਼ਰਮਾ, ਅਨਿਲ ਧਵਨ, ਸੂਬਾ ਕਮੇਟੀ ਮੈਂਬਰ ਸਰਬਜੀਤ ਸਿੰਘ ਭਾਵੜਾ, ਰਜਿੰਦਰ ਸਿੰਘ ਸੰਧਾ, ਸਰਬਜੀਤ ਸਿੰਘ ਟੁਰਨਾ, ਪਵਨ ਮਦਾਨ, ਸਵਰਨ ਸਿੰਘ ਜੋਸਨ, ਹੀਰਾ ਸਿੰਘ ਤੂਤ, ਗੁਰਜੀਤ ਸਿੰਘ, ਵਿਕਰਮ ਸਿੰਘ ਉਪਲ, ਬਲਵਿੰਦਰ ਸਿੰਘ, ਕੁਲਵਿੰਦਰ ਸਿੰਘ, ਸਮਸ਼ੇਰ ਸਿੰਘ, ਦਲਜੀਤ ਸਿੰਘ, ਜਸਪ੍ਰੀਤ ਸਿੰਘ, ਪਰਮਜੀਤ ਸਿੰਘ, ਗੁਰਜੱਜ ਸਿੰਘ ਸਾਂਦੇ ਹਾਂਸਮ, ਹਰਜਿੰਦਰ ਸਿੰਘ, ਦਿਲਬਾਗ ਸਿੰਘ ਸੁਰਸਿੰਘ, ਜਗਤਾਰ ਸਿੰਘ, ਕਰਨੈਲ ਸਿੰਘ, ਨਵਜੋਤ ਸਿੰਘ, ਗੁਰਵਿੰਦਰ ਸਿੰਘ ਹਾਜ਼ਰ ਸਨ।

# ਅਕਾਲੀ ਦਲ (ਪੁਨਰ ਸੁਰਜੀਤ) ਵੱਲੋਂ ਰਾਜਪਾਲ ਦੇ ਨਾਮ ਡੀ.ਸੀ. ਨੂੰ ਮੰਗ ਪੱਤਰ

ਸ੍ਰੀ ਫ਼ਤਹਿਗੜ੍ਹ ਸਾਹਿਬ, 3 ਜੂਨ (ਨਰਿੰਦਰ ਸਿੰਘ): ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਸੀਨੀਅਰ ਆਗੂ ਤੇ ਸਾਬਕਾ ਲੋਕ ਸਭਾ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਤੇ ਜ਼ਿਲ੍ਹਾ ਪ੍ਰਧਾਨ ਮਨਦੀਪ ਸਿੰਘ ਤਰਖਾਣ ਮਾਜਰਾ ਦੀ ਅਗਵਾਈ ਹੇਠ ਪੰਜਾਬ ਦੇ ਰਾਜਪਾਲ ਦੇ ਨਾਮ ਮੰਗ ਪੱਤਰ ਡਿਪਟੀ ਕਮਿਸ਼ਨਰ ਨੂੰ ਦਿੱਤਾ ਗਿਆ। ਇਸ ਮੌਕੇ ਸੂਬਾ ਜਨਰਲ ਸਕੱਤਰ ਰਣਵੀਰ ਸਿੰਘ ਪੂਨੀਆਂ ਸਮੇਤ ਜ਼ਿਲ੍ਹੇ ਦੀ ਲੀਡਰਸ਼ਿਪ ਵੀ ਹਾਜ਼ਰ ਸੀ। ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰੋ. ਚੰਦੂਮਾਜਰਾ ਨੇ ਕਿਹਾ ਕਿ ਪਾਰਟੀ ਦੇ ਦਿਸ਼ਾ-ਨਿਰਦੇਸ਼ਾਂ ਤੇ ਘੱਲੂਘਾਰੇ ਵਾਲੇ ਦਿਨਾਂ ਨੂੰ ਸਮਰਪਿਤ ਹੋ ਕੇ ਪੰਜਾਬ ਤੇ ਪੰਥ ਨਾਲ ਜੁੜੇ ਅਹਿਮ ਮਸਲਿਆਂ ਨੂੰ ਉਭਾਰਨ ਲਈ ਇਹ ਮੰਗ ਪੱਤਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਮੰਗ ਪੱਤਰ ਵਿੱਚ ਲੰਬੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਬੰਦੀ ਸਿੰਘਾਂ ਦੀ ਤੁਰੰਤ ਰਿਹਾਈ, ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਨੂੰ ਪੱਕੇ ਤੌਰ 'ਤੇ ਖੁੱਲ੍ਹਾ ਰੱਖਣ ਆਦਿ ਮੰਗਾਂ ਉਠਾਈਆਂ ਗਈਆਂ ਹਨ। ਬੁਲਾਰਿਆਂ ਨੇ ਸ਼੍ਰੋਮਣੀ ਕਮੇਟੀ ਦੀਆਂ ਜਨਰਲ ਚੋਣਾਂ ਜਲਦ ਕਰਵਾਉਣ, ਕਿਸਾਨ, ਮਜ਼ਦੂਰਾਂ ਦੇ ਮਸਲੇ ਹੱਲ ਕਰਨ, ਸਰਹੱਦੀ ਵਪਾਰ ਸ਼ੁਰੂ ਕਰਨ



ਤੇ ਚੰਡੀਗੜ੍ਹ ਸਮੇਤ ਹੋਰ ਮਸਲਿਆਂ ਦੇ ਹੱਲ ਦੀ ਮੰਗ ਕੀਤੀ। ਸੂਬਾ ਜਨਰਲ ਸਕੱਤਰ ਰਣਵੀਰ ਸਿੰਘ ਪੂਨੀਆਂ ਨੇ ਕਿਹਾ ਕਿ ਮੰਗ ਪੱਤਰ ਵਿੱਚ ਸ਼ਾਮਲ ਸਾਰੇ ਮੁੱਦੇ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ, ਹੱਕਾਂ ਤੇ ਭਵਿੱਖ ਨਾਲ ਸਿੱਧੇ ਤੌਰ 'ਤੇ ਜੁੜੇ ਹੋਏ ਹਨ। ਉਨ੍ਹਾਂ ਤੁਰੰਤ ਇਨ੍ਹਾਂ ਦੇ ਹੱਲ ਦੀ ਮੰਗ ਕੀਤੀ। ਮੀਟਿੰਗ ਨੂੰ ਪਾਰਟੀ ਆਗੂ ਰਣਧੀਰ ਸਿੰਘ ਰੱਖੜਾ, ਵਰਕਿੰਗ ਕਮੇਟੀ ਮੈਂਬਰ ਬਲਤੇਜ ਸਿੰਘ ਮਹਿਮੂਦਪੁਰ, ਸੀਨੀਅਰ ਮੀਤ ਪ੍ਰਧਾਨ ਹਰਵੇਲ ਸਿੰਘ ਮਾਧੋਪੁਰ ਤੇ ਗੁਰਜੀਤ ਸਿੰਘ ਤਲਵੰਡੀ ਆਦਿ ਨੇ ਸੰਬੋਧਨ ਕੀਤਾ। ਇਸ ਮੌਕੇ ਜੱਸਾ ਸਿੰਘ ਆਹਲੂਵਾਲੀਆ, ਦਲਬਾਰਾ ਸਿੰਘ ਰੰਧਾਵਾ, ਗੁਰਦੇਵ ਸਿੰਘ ਵਿਰਕ, ਗੁਰਮੇਲ ਸਿੰਘ ਭਗੜਾਣਾ, ਸੁਰਿੰਦਰ ਸਿੰਘ ਸੁਹਾਗਹੇੜੀ, ਹਰਮੇਲ ਸਿੰਘ ਰੰਘੇੜਾ, ਅਮਰਜੀਤ ਸਿੰਘ ਮੁਢੜੀਆਂ, ਕਸ਼ਮੀਰ ਸਿੰਘ ਬਿਲਾਸਪੁਰ, ਸਤਬੀਰ ਸਿੰਘ ਸਾਲਾਣਾ, ਪਰਮਜੀਤ ਸਿੰਘ ਸਾਲਾਣਾ, ਕੇਸਰ ਸਿੰਘ, ਹਰੀ ਸਿੰਘ ਚਮਕ, ਸਾਬਕਾ ਮੈਨੇਜਰ ਅਮਰਜੀਤ ਸਿੰਘ, ਰਿਟ. ਡੀ.ਐਸ.ਪੀ. ਗੁਰਇਕਬਾਲ ਸਿੰਘ, ਮਲਕੀਤ ਸਿੰਘ ਰੈਲੋ, ਜਗਦੀਸ਼ ਸਿੰਘ ਬੈਂਸ, ਨਿਰਮਲ ਸਿੰਘ ਸਾਦੀਪੁਰ, ਸਨੇਹਪਾਲ ਸਿੰਘ ਰਸ਼ੀਦਪੁਰ, ਭਾਗ ਸਿੰਘ ਚੁੰਨੀ, ਮਾਸਟਰ ਅਜੀਤ ਸਿੰਘ, ਜਸਵੀਰ ਸਿੰਘ ਸ਼ਹੀਦਗੜ੍ਹ, ਜਗਤਾਰ ਸਿੰਘ ਭੱਟੀਆਂ, ਰਾਕੇਸ਼ ਕੁਮਾਰ ਬੁੱਧੂ, ਸੁਰਜੀਤ ਸਿੰਘ ਨੰਬਰਦਾਰ, ਜਰਨੈਲ ਸਿੰਘ ਨਬੀਪੁਰ, ਜੁਝਾਰ ਸਿੰਘ ਮਾਜਰੀ ਸੋਢੀਆ, ਸਰਬਜੀਤ ਸਿੰਘ ਤਲਵਾੜਾ, ਨਿਰਭੈ ਸਿੰਘ ਖੇੜਾ, ਜਸਵੀਰ ਸਿੰਘ ਲੋਹਾਖੇੜੀ, ਨਿਰਮਲ ਸਿੰਘ ਮੱਠੀ, ਗੁਰਜੀਤ ਸਿੰਘ ਧੀਰਪੁਰ, ਰਵਿੰਦਰ ਸਿੰਘ ਕਾਕਾ ਜਮੀਤਗੜ੍ਹ, ਕੁਲਵੰਤ ਕੌਰ, ਲਖਵੀਰ ਸਿੰਘ ਰੁਪਾਲ ਹੇੜੀ, ਜਸਵਿੰਦਰ ਕੌਰ ਮੇਟ ਕਮਾਲੀ, ਪ੍ਰਿਤੀ ਮੇਟ ਦੁਫੇੜਾ, ਆਸ਼ਾ ਰਾਣੀ, ਬਲਜੀਤ ਕੌਰ, ਰੁਪਾਲ ਹੇੜੀ, ਬਲਜੀਤ ਕੌਰ ਰੁਪਾਲ ਹੇੜੀ, ਹਰਜੀਤ ਕੌਰ ਰੁਪਾਲ ਹੇੜੀ ਜਸਵਿੰਦਰ ਕੌਰ, ਦਲਜੀਤ ਕੌਰ ਚੇਅਰਮੈਨ ਹਿੰਮਤਪੁਰਾ, ਕੁਲਵੰਤ ਕੌਰ, ਕੋਮਲ ਕਮਾਲੀ, ਤੇਜਪਾਲ ਕੌਰ ਕਮਾਲੀ ਤੇ ਤੇਜਪਾਲ ਕੌਰ ਹਾਜ਼ਰ ਸਨ।

# ਸਰਕਾਰੀ ਐਲੀਮੈਂਟਰੀ ਸਕੂਲ ਬੈਣਾ ਬੁਲੰਦ ਨੂੰ ਏਅਰ ਕੰਡੀਸ਼ਨਰ ਦਿੱਤਾ




ਅਮਲੋਹ, 3 ਜੂਨ (ਜਸਵੰਤ ਸਿੰਘ): ਸਰਕਾਰੀ ਐਲੀਮੈਂਟਰੀ ਸਕੂਲ ਬੈਣਾ ਬੁਲੰਦ ਵਿੱਚ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਸਹੂਲਤ ਲਈ ਐਨ.ਆਰ.ਆਈ. ਮੋਹਣ ਸਿੰਘ, ਜਸਵੰਤ ਸਿੰਘ, ਗੁਰਦੁਆਰਾ ਕਮੇਟੀ, ਲੰਗਰ ਕਮੇਟੀ ਤੇ ਪਿੰਡ ਵਾਸੀਆਂ ਵੱਲੋਂ ਏਅਰ ਕੰਡੀਸ਼ਨਰ ਦਾਨ ਕੀਤਾ ਗਿਆ। ਸੈਂਟਰ ਹੈਡ ਟੀਚਰ ਵੀਨੂੰ ਸ਼ਰਮਾ, ਅਧਿਆਪਕ ਜਸਬੀਰ ਤੇ ਹਰਵਿੰਦਰ ਕੌਰ ਨੇ ਦਾਨੀ ਪੁਰਸ਼ਾਂ ਦਾ ਧੰਨਵਾਦ ਕਰਦਿਆਂ ਸਕੂਲ ਦੀਆਂ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ। ਇਸ ਮੌਕੇ ਦਾਨੀ ਸੱਜਣਾਂ ਦਾ ਸਨਮਾਨ ਵੀ ਕੀਤਾ ਗਿਆ।

# ਸ੍ਰੀ ਬਾਵਾ ਲਾਲ ਦਿਆਲ ਟਰੱਸਟ ਦੇ ਅਧਿਕਾਰੀਆਂ ਨੇ ਸ੍ਰੀ ਧਿਆਨਪੁਰ ਧਾਮ ਦੇ ਦੇਵਚਾਰੀਆ ਤੋਂ ਆਸ਼ੀਰਵਾਦ ਲਿਆ

ਮੰਡੀ ਗੋਬਿੰਦਗੜ੍ਹ, 3 ਜੂਨ (ਰੂਪਲ ਸੂਦ): ਸ੍ਰੀ ਬਾਵਾ ਲਾਲ ਦਿਆਲ ਟਰੱਸਟ ਤੇ ਲਾਲ ਦੁਆਰ ਸਤਿਸੰਗ ਭਵਨ ਦੇ ਪ੍ਰਧਾਨ ਦਰਸ਼ਨ ਲਾਲ ਭਾਟੀਆ ਤੇ ਟਰੱਸਟ ਦੇ ਅਧਿਕਾਰੀਆਂ ਨੇ ਸ੍ਰੀ ਧਿਆਨਪੁਰ ਧਾਮ ਦੇ ਦੇਵਚਾਰੀਆ ਸ੍ਰੀ 1008 ਰਾਮ ਸੁੰਦਰ ਦਾਸ ਜੀ ਮਹਾਰਾਜ ਤੇ ਉਤਰਾਧਿਕਾਰੀ ਮਹਾਂਮੰਡਲੇਸ਼ਵਰ ਸ੍ਰੀ ਗੋਪਾਲ ਦਾਸ ਜੀ ਮਹਾਰਾਜ ਦੇ ਚਰਨਾਂ ਵਿੱਚ ਮੱਥਾ ਟੇਕਿਆ। ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕਰਨ ਉਪਰੰਤ 12 ਜੂਨ ਨੂੰ ਸ੍ਰੀ ਬਾਵਾ ਲਾਲ ਮੰਦਰ ਪਹੁੰਚਣ ਦਾ ਸੱਦਾ ਦਿੱਤਾ। ਇਸ ਮੌਕੇ ਮਹਾਰਾਜ ਜੀ ਨਾਲ ਮੰਦਰ ਦੀਆਂ ਗਤੀਵਿਧੀਆਂ ਬਾਰੇ ਵੀ ਚਰਚਾ ਕੀਤੀ ਗਈ। ਮੰਦਰ ਟਰੱਸਟ ਨੇ ਮਹਾਰਾਜ ਸ੍ਰੀ ਰਾਮ ਸੁੰਦਰ ਦਾਸ ਜੀ ਮਹਾਰਾਜ ਨੂੰ ਪਹੁੰਚ ਕੇ ਸ਼ਰਧਾਲੂਆਂ ਨੂੰ ਆਸ਼ੀਰਵਾਦ ਦੇਣ ਦੀ ਬੇਨਤੀ ਕੀਤੀ। ਇਸ ਮੌਕੇ ਮੰਡੀ ਗੋਬਿੰਦਗੜ੍ਹ ਤੇ ਆਸ-ਪਾਸ ਦੇ ਇਲਾਕਿਆਂ ਤੋਂ ਸੰਗਤ ਵੀ ਹਾਜ਼ਰ ਸੀ। ਟਰੱਸਟ ਦੇ ਜਨਰਲ ਸਕੱਤਰ ਨਰਿੰਦਰ ਭਾਟੀਆ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮੂਰਤੀ



ਸਥਾਪਨਾ ਦਿਵਸ ਧੂਮਧਾਮ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ, ਜਿਸ ਵਿੱਚ ਸ੍ਰੀ ਧਿਆਨਪੁਰ ਧਾਮ ਦੇ ਦੇਵਚਾਰੀਆ 1008 ਸ੍ਰੀ ਰਾਮ ਸੁੰਦਰ ਦਾਸ ਜੀ ਮਹਾਰਾਜ ਤੇ ਮਹਾਂਮੰਡਲੇਸ਼ਵਰ ਗੋਪਾਲ ਦਾਸ ਜੀ ਮਹਾਰਾਜ ਸ਼ਾਮਲ ਹੋਣਗੇ। ਮੂਰਤੀ ਸਥਾਪਨਾ ਦੇ ਹਵਨ ਯੱਗ ਦੇ ਮੁੱਖ-ਮਹਿਮਾਨ ਸ੍ਰੀਮਤੀ ਸਾਵਿਤਰੀ ਮਿੱਤਲ ਤੇ ਪ੍ਰਸਿੱਧ ਉਦਯੋਗਪਤੀ ਰਮੇਸ਼ ਮਿੱਤਲ ਰਾਧੇ ਮੋਹਨ ਅਲਾਇਸ ਵਾਲੇ ਹੋਣਗੇ। ਸ੍ਰੀ ਬਾਵਾ ਲਾਲ ਦਿਆਲ ਸੰਕੀਰਤਨ ਮੰਡਲ ਦੁਆਰਾ ਸੰਗੀਤਮਈ ਕੀਰਤਨ ਕੀਤਾ ਜਾਵੇਗਾ। ਇਸ ਮੌਕੇ ਮੁੱਖ-ਮਹਿਮਾਨ ਸ੍ਰੀ ਹਰੀ ਕਥਾ ਕਮੇਟੀ ਦੇ ਪ੍ਰਧਾਨ ਉਦਯੋਗਪਤੀ ਸ਼ਰਨ ਦਾਸ ਮਿੱਤਲ ਜੋਤੀ ਪ੍ਰਚੰਡ ਕਰਕੇ ਸੰਕੀਰਤਨ ਦੀ ਸ਼ੁਰੂਆਤ ਕਰਵਾਉਣਗੇ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਇਸ ਮੌਕੇ ਟਰੱਸਟ ਦੇ ਪ੍ਰਧਾਨ ਦਰਸ਼ਨ ਲਾਲ ਭਾਟੀਆ, ਮੀਤ ਪ੍ਰਧਾਨ ਸੁਭਾਸ਼ ਭਾਰਤੀ, ਖਜ਼ਾਨਚੀ ਵਿਜੇ ਭਾਰਤੀ, ਜਨਰਲ ਸਕੱਤਰ ਨਰਿੰਦਰ ਭਾਟੀਆ ਤੇ ਅਮਿਤ ਅਰੋੜਾ ਆਦਿ ਨੇ ਦਰਬਾਰ ਸ੍ਰੀ ਧਿਆਨਪੁਰ ਧਾਮ ਵਿਖੇ ਸ੍ਰੀ ਗੁਰੂ ਮਹਾਰਾਜ ਦਾ ਆਸ਼ੀਰਵਾਦ ਲਿਆ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਫੈਕਲਟੀ ਇੰਡਕਸ਼ਨ ਪ੍ਰੋਗਰਾਮ 2026 ਸੂਝ-ਭਰਪੂਰ ਸੈਸ਼ਨਾਂ ਨਾਲ ਜਾਰੀ

ਸ੍ਰੀ ਫਤਹਿਗੜ੍ਹ ਸਾਹਿਬ, 3 ਜੂਨ (ਹਰਪ੍ਰੀਤ ਕੌਰ ਟਿਵਾਣਾ): ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਹਿਗੜ੍ਹ ਸਾਹਿਬ ਦੇ ਸਿੱਖਿਆ ਵਿਭਾਗ ਵੱਲੋਂ ਆਯੋਜਿਤ ਫੈਕਲਟੀ ਇੰਡਕਸ਼ਨ ਪ੍ਰੋਗਰਾਮ 2026 ਦੇ ਦੂਜੇ ਦਿਨ, ਵੱਖ-ਵੱਖ ਸ਼੍ਰੋਮਣੀ ਕਮੇਟੀ ਵਿਦਿਅਕ ਅਦਾਰਿਆਂ ਦੇ ਫੈਕਲਟੀ ਮੈਂਬਰਾਂ ਵਿੱਚ ਪੇਸ਼ੇਵਰ ਯੋਗਤਾ, ਵਿਅਕਤੀਗਤ ਤੰਦਰੁਸਤੀ ਤੇ ਸੰਸਥਾਗਤ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਲਈ ਤਿਆਰ ਕੀਤੇ ਗਏ ਇੱਕ ਭਰਪੂਰ ਸੈਸ਼ਨਾਂ ਦੀ ਇੱਕ ਲੜੀ ਪੇਸ਼ ਕੀਤੀ ਗਈ। ਦਿਨ ਦੀ ਸ਼ੁਰੂਆਤ ਭਾਸ਼ਾ ਫੈਕਲਟੀ ਦੇ ਡੀਨ, ਡਾ. ਸਿਕੰਦਰ ਸਿੰਘ ਦੁਆਰਾ 'ਅਕਾਦਮਿਕ ਲੀਡਰਸ਼ਿਪ ਤੇ ਪੇਸ਼ੇਵਰ ਵਿਕਾਸ' 'ਤੇ ਇੱਕ ਸੂਝਵਾਨ ਸੈਸ਼ਨ ਨਾਲ ਕੀਤੀ ਗਈ। ਉਨ੍ਹਾਂ ਨੇ ਦੂਰਦਰਸ਼ੀ ਅਗਵਾਈ, ਨਿਰੰਤਰ ਪੇਸ਼ੇਵਰ ਵਿਕਾਸ, ਨੈਤਿਕ ਅਕਾਦਮਿਕ ਅਭਿਆਸਾਂ ਤੇ ਪ੍ਰਭਾਵਸ਼ਾਲੀ ਵਿਦਿਅਕ ਸੰਸਥਾਵਾਂ ਨੂੰ ਰੂਪ ਦੇਣ ਵਿੱਚ ਨਵੀਨਤਾ ਦੀ ਭੂਮਿਕਾ 'ਤੇ ਜ਼ੋਰ ਦਿੱਤਾ। ਭਾਗੀਦਾਰਾਂ ਨੂੰ ਵਿਕਾਸ-ਮੁਖੀ ਮਾਨਸਿਕਤਾ ਅਪਣਾਉਣ ਲਈ ਉਤਸ਼ਾਹਿਤ ਕਰਦੇ ਹੋਏ, ਉਨ੍ਹਾਂ ਨੇ ਉਚ ਸਿੱਖਿਆ ਵਿੱਚ



ਜੀਵਨ ਭਰ ਸਿੱਖਣ ਤੇ ਸਹਿਯੋਗੀ ਅਗਵਾਈ ਦੀ ਲੋੜ ਨੂੰ ਉਜਾਗਰ ਕੀਤਾ। ਦੂਜੇ ਸੈਸ਼ਨ ਦਾ ਸੰਚਾਲਨ ਮਨੋਵਿਗਿਆਨੀ ਨਵੀਨ ਕੁਮਾਰ ਨੇ ਅਧਿਆਪਕਾਂ ਦੀ ਮਾਨਸਿਕ ਸਿਹਤ ਤੇ ਤੰਦਰੁਸਤੀ ਵਿਸ਼ੇ 'ਤੇ ਕੀਤਾ। ਉਸਨੇ ਸਿੱਖਿਅਕਾਂ ਦੁਆਰਾ ਦਰਪੇਸ਼ ਵੱਧ ਰਹੀਆਂ ਚੁਣੌਤੀਆਂ ਨੂੰ ਸੰਬੋਧਤ ਕੀਤਾ ਤੇ ਤਣਾਅ ਮੁਕਤੀ ਹਾਸਲ ਕਰਨ, ਭਾਵਨਾਤਮਕ ਲਚਕੀਲਾਪਣ ਬਣਾਉਣ, ਕੰਮ-ਜੀਵਨ ਵਿੱਚ ਸੰਤੁਲਨ ਬਣਾਈ ਰੱਖਣ ਤੇ ਸਕਾਰਾਤਮਕ ਮਾਨਸਿਕ ਸਿਹਤ ਨੂੰ ਉਤਸ਼ਾਹਿਤ ਕਰਨ ਲਈ ਵਿਹਾਰਕ ਅਮਲਾਂ 'ਤੇ ਚਰਚਾ ਕੀਤੀ। ਸੈਸ਼ਨ ਵਿੱਚ ਅਧਿਆਪਕ ਦੀ ਭਲਾਈ ਦੇ ਮਹੱਤਵ ਦੇ ਸਬੰਧ ਵਿੱਚ ਭਾਗੀਦਾਰਾਂ ਵਿੱਚ ਅਰਥਪੂਰਨ ਗੱਲਬਾਤ ਤੇ ਪ੍ਰਤੀਬਿੰਬ ਪੈਦਾ ਕੀਤਾ ਗਿਆ। ਬੀ.ਐਨ.ਐਲ.ਪੀ. ਸਕੂਲ, ਅਨੰਦਪੁਰ ਸਾਹਿਬ ਦੇ ਪ੍ਰਿੰਸੀਪਲ ਸਤਨਾਮ ਸਿੰਘ ਦੁਆਰਾ ਹੱਥਲਿਖਤ ਮੁਹਾਰਤ: ਲਿਖਣ-ਹੁਨਰ ਦਾ ਵਾਧਾ ਵਿਸ਼ੇ 'ਤੇ ਇੱਕ ਦਿਲਚਸਪ ਸੈਸ਼ਨ ਦਿੱਤਾ ਗਿਆ।

# ਸੇਵਾ ਕੇਂਦਰ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਦੀ ਡੀਟੀਐਫ ਵੱਲੋਂ ਪੂਰਨ ਹਮਾਇਤ



ਫ਼ਿਰੋਜ਼ਪੁਰ, 3 ਜੂਨ (ਤਿਵਾੜੀ): ਸੇਵਾ ਕੇਂਦਰ ਮੁਲਾਜ਼ਮ ਵੈਲਫੇਅਰ ਐਸੋਸੀਏਸ਼ਨ ਪੰਜਾਬ ਵੱਲੋਂ ਤਨਖਾਹਾਂ ਵਿੱਚ ਵਾਧਾ, ਠੇਕੇਦਾਰੀ ਪ੍ਰਣਾਲੀ ਖ਼ਤਮ ਕਰਨ ਤੇ ਸੇਵਾ ਕੇਂਦਰਾਂ ਨੂੰ ਸਰਕਾਰੀ ਅਧੀਨ ਲਿਆਉਣ ਲਈ ਸ਼ੁਰੂ ਕੀਤੇ ਸੰਘਰਸ਼ ਨੂੰ ਡੈਮੋਕ੍ਰੈਟਿਕ ਟੀਚਰਜ਼ ਫਰੰਟ (ਡੀਟੀਐਫ) ਫ਼ਿਰੋਜ਼ਪੁਰ ਵੱਲੋਂ ਪੂਰਨ ਹਮਾਇਤ ਦਾ ਐਲਾਨ ਕੀਤਾ ਗਿਆ ਹੈ। ਡੀਟੀਐਫ ਫ਼ਿਰੋਜ਼ਪੁਰ ਦੇ ਜ਼ਿਲ੍ਹਾ ਪ੍ਰਧਾਨ ਮਲਕੀਤ ਸਿੰਘ ਹਰਾਜ, ਜ਼ਿਲ੍ਹਾ ਸਕੱਤਰ ਗੁਰਵਿੰਦਰ ਸਿੰਘ ਖੋਸਾ, ਵਿੱਤ ਸਕੱਤਰ ਅਮਿਤ ਸ਼ਰਮਾ ਤੇ ਸੂਬਾ ਕਮੇਟੀ ਮੈਂਬਰ ਸਰਬਜੀਤ ਸਿੰਘ ਨੇ ਆਪਣੇ ਸਾਥੀਆਂ ਸਮੇਤ ਜਾਰੀ ਬਿਆਨ ਵਿੱਚ ਕਿਹਾ ਕਿ ਸੇਵਾ ਕੇਂਦਰ ਮੁਲਾਜ਼ਮ ਪਿਛਲੇ ਲਗਭਗ ਦਸ ਸਾਲਾਂ ਤੋਂ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰ ਰਹੇ ਹਨ, ਜਦਕਿ ਉਨ੍ਹਾਂ ਉਤੇ ਕੰਮ ਦਾ ਬੋਝ ਲਗਾਤਾਰ ਵਧਦਾ ਜਾ ਰਿਹਾ ਹੈ। ਮਹਿੰਗਾਈ ਦੇ ਇਸ ਦੌਰ ਵਿੱਚ 10 ਹਜ਼ਾਰ ਰੁਪਏ ਦੇ ਕਰੀਬ ਤਨਖਾਹ ਨਾਲ ਪਰਿਵਾਰ ਦਾ ਗੁਜ਼ਾਰਾ ਕਰਨਾ ਬਹੁਤ ਮੁਸ਼ਕਿਲ ਹੈ। ਆਗੂਆਂ ਨੇ ਕਿਹਾ ਕਿ ਪੰਜਾਬ ਦੇ ਸੇਵਾ ਕੇਂਦਰ ਆਮ ਲੋਕਾਂ ਨੂੰ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ। ਸਾਲ 2016 ਤੋਂ ਹੁਣ ਤੱਕ ਕਰੋੜਾਂ ਅਰਜ਼ੀਆਂ ਤੇ ਸੇਵਾਵਾਂ ਸਫ਼ਲਤਾਪੂਰਵਕ ਜਾਰੀ ਕਰਕੇ ਇਨ੍ਹਾਂ ਮੁਲਾਜ਼ਮਾਂ ਨੇ ਆਪਣੀ ਕਾਰਗੁਜ਼ਾਰੀ ਸਾਬਤ ਕੀਤੀ ਹੈ। ਇਸ ਦੇ ਬਾਵਜੂਦ ਉਨ੍ਹਾਂ ਨੂੰ ਨਾ ਤਾਂ ਬਣਦਾ ਮਾਣ-ਸਨਮਾਨ ਦਿੱਤਾ ਜਾ ਰਿਹਾ ਹੈ ਤੇ ਨਾ ਹੀ ਰੁਜ਼ਗਾਰ ਦੀ ਸੁਰੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ। ਡੀਟੀਐਫ ਫ਼ਿਰੋਜ਼ਪੁਰ ਦੇ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਸੇਵਾ ਕੇਂਦਰ ਪ੍ਰੋਜੈਕਟ ਨੂੰ ਪ੍ਰਾਈਵੇਟ ਕੰਪਨੀਆਂ ਦੀ ਥਾਂ ਸਿੱਧੇ ਤੌਰ 'ਤੇ ਸਰਕਾਰੀ ਅਧੀਨ ਚਲਾਇਆ ਜਾਵੇ ਤਾਂ ਜੋ ਸਰਕਾਰੀ ਖ਼ਜ਼ਾਨੇ ਦਾ ਪੈਸਾ ਨਿੱਜੀ ਕੰਪਨੀਆਂ ਦੀ ਬਜਾਏ ਲੋਕ ਭਲਾਈ ਦੇ ਕੰਮਾਂ ਲਈ ਵਰਤਿਆ ਜਾ ਸਕੇ।

# ਸੀਨੀਅਰ ਸਿਟੀਜ਼ਨ ਫੋਰਮ ਫ਼ਿਰੋਜ਼ਪੁਰ ਦੀ ਮਹੀਨਾਵਾਰ ਮੀਟਿੰਗ




ਫ਼ਿਰੋਜ਼ਪੁਰ, 3 ਜੂਨ (ਚ.ਨ.ਸ): ਸੀਨੀਅਰ ਸਿਟੀਜ਼ਨ ਫੋਰਮ ਫ਼ਿਰੋਜ਼ਪੁਰ ਦੀ ਮਹੀਨਾਵਾਰ ਮੀਟਿੰਗ ਬਾਗਬਾਨ ਕੰਪਲੈਕਸ ਮੱਖੂ ਗੇਟ ਫ਼ਿਰੋਜ਼ਪੁਰ ਸ਼ਹਿਰ ਵਿਖੇ ਪਰਦੀਪ ਧਵਨ ਪ੍ਰਧਾਨ ਦੀ ਅਗਵਾਈ ਹੇਠ ਹੋਈ, ਮੀਟਿੰਗ ਵਿੱਚ ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਫ਼ਿਰੋਜ਼ਪੁਰ ਦੇ ਇੰਜੀਨੀਅਰ ਜਗਦੀਪ ਸਿੰਘ ਮਾਂਗਟ ਜਿਨ੍ਹਾਂ ਵੱਲੋਂ ਮਨੁੱਖੀ ਜੀਵਨ ਬਚਾਉਣ ਲਈ ਤਕਰੀਬਨ 60 ਵਾਰ ਖ਼ੂਨ ਦਾਨ ਕੀਤਾ, ਉਨ੍ਹਾਂ ਦੀ ਧਰਮਪਤਨੀ ਡਾ. ਅਮਨ ਜੋਤੀ ਮਾਂਗਟ ਸਰਕਾਰੀ ਡਾਇਟ ਕਾਲਜ ਫ਼ਿਰੋਜ਼ਪੁਰ ਵਿਖੇ ਬਤੌਰ ਅੰਗਰੇਜ਼ੀ ਲੈਕਚਰਾਰ ਵਜੋਂ ਸੇਵਾ ਨਿਭਾਅ ਰਹੇ ਹਨ ਨੇ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਬਹੁਤ ਵਧੀਆ ਯੋਗਦਾਨ ਪਾਇਆ ਹੈ। ਇਨ੍ਹਾਂ ਦੋਵਾਂ ਨੂੰ ਅੱਜ ਫ਼ੋਰਮ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾ. ਅਮਨ ਜੋਤੀ ਤੇ ਜਗਦੀਪ ਸਿੰਘ ਮਾਂਗਟ ਵੱਲੋਂ ਸੀਨੀਅਰ ਸਿਟੀਜ਼ਨ ਫੋਰਮ ਵੱਲੋਂ ਬਜ਼ੁਰਗਾਂ ਦੀ ਸਿਹਤ ਸੰਭਾਲ ਤੇ ਚਿੰਤਾਵਾਂ ਘਟਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਫ਼ੋਰਮ ਦੇ ਬਣੇ ਸਵਿੰਧਾਨ ਵਿੱਚ ਕੀਤੀਆਂ ਸੋਧਾਂ ਨੂੰ ਜਨਰਲ ਹਾਊਸ ਵੱਲੋਂ ਮਨਜ਼ੂਰ ਕੀਤਾ ਗਿਆ। ਇਸ ਸਮੇਂ ਮਹੀਨਾ ਅਪ੍ਰੈਲ ਤੇ ਮਈ ਦੇ ਜਨਮ ਦਿਵਸ ਵਾਲੇ ਮੈਂਬਰ ਸਾਹਿਬਾਨ ਨੂੰ ਜਨਮ ਦਿਵਸ ਦੀਆਂ ਵਧਾਈਆਂ ਦਿੱਤੀਆਂ ਗਈਆਂ ਤੇ ਗਿਫ਼ਟ ਭੇਟ ਕੀਤੇ ਗਏ। ਮੀਟਿੰਗ ਵਿੱਚ ਪਰਵੀਨ ਤਲਵਾੜ, ਦੀਵਾਨ ਚੰਦ ਸੁਖੀਜਾ, ਪਰਵੇਸ਼ ਕੁਮਾਰ, ਪਰੇਮ ਕੁਮਾਰ ਰੱਸਿਆ, ਰਾਕੇਸ਼ ਸ਼ਰਮਾ ਅਸ਼ੋਕ ਕੱਕੜ, ਸਤੀਸ਼ ਪੁਰੀ, ਤਿਲਕ ਰਾਜ ਐਰੀ, ਡਾ. ਸੁਰਿੰਦਰ ਸਿੰਘ, ਪਰਦੀਪ ਸਿੰਘ ਰਾਣਾ, ਸ਼ਿਵ ਦਰਸ਼ਨ ਲਾਲ, ਸੁਭਾਸ਼ ਚੰਦਰ ਡੋਡਾ ਆਦਿ ਨੇ ਸੰਬੋਧਨ ਕੀਤਾ ਤੇ ਮੈਂਬਰ ਸਾਹਿਬਾਨ ਦਾ ਗੀਤ ਸੰਗੀਤ ਨਾਲ ਮਨੋਰੰਜਨ ਕੀਤਾ।ਸਟੇਜ ਸੈਕਟਰੀ ਦੀ ਭੂਮਿਕਾ ਮੁਹਿੰਦਰ ਸਿੰਘ ਧਾਲੀਵਾਲ ਜਨਰਲ ਸਕੱਤਰ ਨੇ ਨਿਭਾਈ। ਅੰਤ ਵਿੱਚ ਪ੍ਰਧਾਨ ਨੇ ਮੈਂਬਰ ਸਾਹਿਬਾਨ ਵੱਲੋਂ ਆਏ ਵਿਚਾਰਾਂ ਬਾਰੇ ਜਾਣਕਾਰੀ ਦਿੱਤੀ ਤੇ ਧੰਨਵਾਦ ਕੀਤਾ। ਇਹ ਵੀ ਦੱਸਿਆ ਗਿਆ ਕਿ ਫ਼ੋਰਮ ਦੇ ਸੀਨੀਅਰ ਆਗੂ ਪਰਵੀਨ ਧਵਨ ਵੱਲੋਂ ਵਾਤਾਵਰਨ ਬਚਾਉਣ ਲਈ ਘੱਟੋ ਦੇ 200 ਪੌਦੇ ਲਗਾਏ ਜਾਣਗੇ।

# ਏਸ਼ੀਆ ਗੋਲਡ ਮੈਡਲ ਜੇਤੂ ਅਮਾਨਤ ਕੰਬੋਜ ਦਾ ਫਾਜ਼ਿਲਕਾ ਪਹੁੰਚਣ 'ਤੇ ਭਰਵਾਂ ਸਨਮਾਨ

ਫਾਜ਼ਿਲਕਾ, 3 ਜੂਨ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਪਿੰਡ ਆਲਮਸ਼ਾਹ ਦੀ ਹੋਣਹਾਰ ਬੇਟੀ ਤੇ ਏਸ਼ੀਆ ਪੱਧਰ 'ਤੇ ਗੋਲਡ ਮੈਡਲ ਜਿੱਤ ਕੇ ਦੇਸ਼ ਤੇ ਇਲਾਕੇ ਦਾ ਨਾਮ ਰੌਸ਼ਨ ਕਰਨ ਵਾਲੀ ਅਮਾਨਤ ਕੰਬੋਜ ਦਾ ਅੱਜ ਫਾਜ਼ਿਲਕਾ ਪਹੁੰਚਣ 'ਤੇ ਭਰਵਾਂ ਸਵਾਗਤ ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਟੀਮ ਪੂਜਾ ਲੂਥਰਾ ਵੱਲੋਂ ਵਿਸ਼ੇਸ਼ ਤੌਰ 'ਤੇ ਅਮਾਨਤ ਕੰਬੋਜ ਨੂੰ ਸਨਮਾਨਿਤ ਕੀਤਾ ਗਿਆ ਤੇ ਉਸਦੀ ਇਸ ਸ਼ਾਨਦਾਰ ਪ੍ਰਾਪਤੀ ਲਈ ਹੌਂਸਲਾ ਅਫ਼ਜ਼ਾਈ ਕੀਤੀ ਗਈ। ਸਮਾਗਮ ਦੌਰਾਨ ਵੱਖ-ਵੱਖ ਵਰਗਾਂ ਦੇ ਲੋਕਾਂ ਨੇ ਹਾਜ਼ਰੀ ਭਰੀ ਤੇ ਅਮਾਨਤ ਕੰਬੋਜ ਦੀ ਕਾਮਯਾਬੀ 'ਤੇ ਖ਼ੁਸ਼ੀ ਪ੍ਰਗਟ ਕੀਤੀ। ਅਮਾਨਤ ਦੀ ਇਸ ਵੱਡੀ ਉਪਲਬਧੀ ਨੂੰ ਫਾਜ਼ਿਲਕਾ ਜ਼ਿਲ੍ਹੇ ਤੇ ਪਿੰਡ ਆਲਮਸ਼ਾਹ ਲਈ ਮਾਣ ਵਾਲੀ ਗੱਲ ਦੱਸਿਆ ਗਿਆ। ਹਾਜ਼ਰ ਲੋਕਾਂ ਨੇ ਕਿਹਾ ਕਿ ਅਮਾਨਤ ਨੇ ਸਾਬਤ ਕਰ ਦਿੱਤਾ ਹੈ ਕਿ ਪਿੰਡਾਂ ਦੀਆਂ ਧੀਆਂ ਵੀ ਅੰਤਰਰਾਸ਼ਟਰੀ ਪੱਧਰ 'ਤੇ ਵੱਡੀਆਂ ਉਪਲਬਧੀਆਂ ਹਾਸਲ ਕਰ ਸਕਦੀਆਂ ਹਨ। ਇਸ ਮੌਕੇ ਟੀਮ ਪੂਜਾ ਲੂਥਰਾ ਵੱਲੋਂ ਅਮਾਨਤ ਕੰਬੋਜ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕਰਦਿਆਂ ਉਸਦੇ ਉਜਵਲੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਪੂਜਾ ਲੂਥਰਾ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਅੱਜ ਦੀਆਂ ਲੜਕੀਆਂ ਕਿਸੇ ਤੋਂ ਘੱਟ ਨਹੀਂ ਹਨ। ਉਹ ਹਰ ਖੇਤਰ ਵਿੱਚ ਆਪਣਾ ਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕਰ ਰਹੀਆਂ ਹਨ। ਖੇਡਾਂ, ਸਿੱਖਿਆ, ਪ੍ਰਸ਼ਾਸਨ ਤੇ ਹੋਰ ਕਈ ਖੇਤਰਾਂ ਵਿੱਚ ਲੜਕੀਆਂ ਦੀਆਂ ਉਪਲਬਧੀਆਂ ਇਹ ਸਾਬਤ ਕਰਦੀਆਂ ਹਨ ਕਿ ਜੇਕਰ ਉਨ੍ਹਾਂ ਨੂੰ ਸਹੀ ਮੌਕੇ ਤੇ ਹੌਂਸਲਾ ਮਿਲੇ ਤਾਂ ਉਹ ਹਰ ਮੰਜ਼ਿਲ ਹਾਸਲ ਕਰ ਸਕਦੀਆਂ ਹਨ।






# ਐਵਰੈਸਟ ਫ਼ਤਿਹ ਕਰਨ ਵਾਲੇ ਪਹਿਲੇ ਕੈਨੇਡੀਅਨ ਸਿੱਖ ਦਾ ਬਾਬਾ ਬਲਬੀਰ ਸਿੰਘ ਵੱਲੋਂ ਸਨਮਾਨ



ਅੰਮ੍ਰਿਤਸਰ, 3 ਜੂਨ (ਗੁਰਦਿਆਲ ਸਿੰਘ ): ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ 14 ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਐਵਰੈਸਟ ਫ਼ਤਿਹ ਕਰਨ ਵਾਲੇ ਪਹਿਲੇ ਕੈਨੇਡੀਅਨ ਸਿੱਖ ਸਰੀ ਨਿਵਾਸੀ ਪੰਜਾਬੀ ਵਕੀਲ, ਜੰਮਪਲ ਫ਼ਰੀਦਕੋਟ ਦੇ ਪਿੰਡ ਕਾਸਮ ਭੱਟੀ ਦੇ ਅਜੈਪਾਲ ਸਿੰਘ ਧਾਲੀਵਾਲ ਨੂੰ ਸਿਰਪਾਓ, ਦੋਸ਼ਾਲਾ, ਸ੍ਰੀ ਸਾਹਿਬ ਭੇਟ ਕਰਕੇ ਸਨਮਾਨਿਤ ਕੀਤਾ। ਉਨ੍ਹਾਂ ਇਸ ਸਮੇਂ ਕਿਹਾ ਕਿ ਅਜੈਪਾਲ ਸਿੰਘ ਨੇ ਐਵਰੈਸਟ ਚੜ੍ਹ ਕੇ ਪੰਜਾਬੀਆਂ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ। ਇਨ੍ਹਾਂ ਦੀ ਕਾਮਯਾਬੀ ਅਸਾਧਾਰਨ ਹਾਲਾਤ ਵਿੱਚ ਅਟੁੱਟ ਵਿਸ਼ਵਾਸ ਅਤੇ ਜ਼ਿੰਦਾਦਿਲੀ ਦੀ ਮਿਸਾਲ ਹੈ। ਮੂਲ ਰੂਪ ਵਿੱਚ ਅਜੈ ਪਾਲ ਸਿੰਘ ਜਦੋਂ ਐਵਰੈਸਟ ਦੀ ਚੋਟੀ 'ਤੇ ਪਹੁੰਚੇ ਤਾਂ ਉਨ੍ਹਾਂ ਗੁਰੂ ਨਾਨਕ ਦੇਵ ਜੀ ਦੇ ਸੁਨੇਹੇ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ' ਲਿਖੀ ਤਖ਼ਤੀ ਲਹਿਰਾਈ। ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਅਜੈਪਾਲ ਸਿੰਘ ਨੂੰ ਭਵਿੱਖ ਲਈ ਵੀ ਬਹੁਤ-ਬਹੁਤ ਸ਼ੁਭਕਾਮਨਾਵਾਂ ਦਿੱਤੀਆਂ ਤਾਂ ਜੋ ਤੁਸੀਂ ਕਾਮਯਾਬੀ ਦੇ ਹੋਰ ਲੰਮੇ ਪੈਂਡੇ ਤੈਅ ਕਰ ਸਕੋ। ਇਸ ਮੌਕੇ ਕਰਨਰਾਜਬੀਰ ਸਿੰਘ ਐਡਵੋਕੇਟ, ਬਾਬਾ ਗੁਰਮੁਖ ਸਿੰਘ, ਬਾਬਾ ਸੁਖਦੇਵ ਸਿੰਘ ਆਦਿ ਹਾਜ਼ਰ ਸਨ।

# ਘੱਲੂਘਾਰਾ ਹ਼ਫਤੇ ਦੇ ਮੱਦੇਨਜ਼ਰ ਪੁਲਿਸ ਵੱਲੋਂ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ

## ਰੇਲਵੇ ਸਟੇਸ਼ਨ, ਬੱਸ ਸਟੈਂਡ, ਧਾਰਮਿਕ ਸਥਾਨਾਂ, ਬਾਜ਼ਾਰਾਂ ਵਿਚ ਸੁਰੱਖਿਆ ਪ੍ਰਬੰਧ ਹੋਰ ਮਜ਼ਬੂਤ ਕੀਤੇ ਗਏ

ਅੰਮ੍ਰਿਤਸਰ, 3 ਜੂਨ (ਬਬਲੂ ਮਹਾਜਨ) : ਘੱਲੂਘਾਰਾ ਹਫਤੇ ਨੂੰ ਮੁੱਖ ਰੱਖਦੇ ਹੋਏ ਸਪੈਸ਼ਲ ਡੀਜੀਪੀ ਲਾਅ ਐਂਡ ਆਰਡਰ, ਪੰਜਾਬ, ਸ੍ਰੀ ਪੀ.ਕੇ. ਸਿਨਹਾ, ਆਈਪੀਐਸ, ਜੀ ਵੱਲੋਂ ਅੱਜ ਕਮਿਸ਼ਨਰੇਟ ਪੁਲਿਸ, ਅੰਮ੍ਰਿਤਸਰ ਵਿਖੇ ਸ਼ਹਿਰ ਦੇ ਵਿੱਚ ਕੀਤੇ ਗਏ ਪੁਖਤਾ ਸੁਰੱਖਿਆ ਪ੍ਰਬੰਧਾਂ ਦਾ ਵਿਸਥਾਰਪੂਰਵਕ ਜਾਇਜ਼ਾ ਲਿਆ ਗਿਆ। ਇਸ ਮੌਕੇ ਸ੍ਰੀ ਗੁਰਪ੍ਰੀਤ ਸਿੰਘ ਭੁੱਲਰ, ਆਈਪੀਐਸ ਕਮਿਸ਼ਨਰ ਪੁਲਿਸ, ਅੰਮ੍ਰਿਤਸਰ ਅਤੇ ਸ੍ਰੀ ਜਗਜੀਤ ਸਿੰਘ ਵਾਲੀਆ, ਡੀਸੀਪੀ ਸਿਟੀ, ਅੰਮ੍ਰਿਤਸਰ ਤੇ ਏਡੀਸੀਪੀਜ ਹਾਜ਼ਰ ਸਨ।ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਪੰਜਾਬ ਪੁਲਿਸ ਵੱਲੋਂ ਅੰਮ੍ਰਿਤਸਰ ਸ਼ਹਿਰ ਵਿੱਚ ਬਹੁ-ਪੱਧਰੀ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਸ਼ਹਿਰ ਦੇ ਪ੍ਰਵੇਸ਼ ਅਤੇ ਨਿਕਾਸ ਮਾਰਗਾਂ ਸਮੇਤ ਸੰਵੇਦਨਸ਼ੀਲ ਅਤੇ ਭੀੜ-ਭਾੜ ਵਾਲੇ ਇਲਾਕਿਆਂ ਵਿੱਚ ਵਿਸ਼ੇਸ਼ ਨਾਕਾਬੰਦੀ ਕੀਤੀ ਗਈ ਹੈ। ਪੁਲਿਸ ਪਾਰਟੀਆਂ ਵੱਲੋਂ ਆਉਣ ਜਾਣ ਵਾਲੇ ਵਾਹਨਾਂ ਅਤੇ ਸ਼ੱਕੀ ਵਿਅਕਤੀਆਂ ਦੀ ਗਹਿਰਾਈ ਨਾਲ ਜਾਂਚ ਕਰਕੇ ਉਹਨਾਂ ਦੇ ਵੇਰਵੇ ਨੋਟ ਕੀਤੇ ਜਾ ਰਹੇ ਹਨ।ਕਾਨੂੰਨ-ਵਿਵਸਥਾ ਨੂੰ ਹਰ ਹਾਲਤ ਵਿੱਚ ਬਰਕਰਾਰ ਰੱਖਿਆ ਜਾਵੇ ਅਤੇ ਕਿਸੇ ਵੀ ਸ਼ਰਾਰਤੀ ਅਨਸਰ ਵੱਲੋਂ ਅਮਨ-ਸ਼ਾਂਤੀ ਭੰਗ ਕਰਨ ਤੇ ਕਾਰਵਾਈ ਕੀਤੀ ਜਾਵੇਗੀ । ਉਨ੍ਹਾਂ ਦੱਸਿਆ ਕਿ ਕਮਿਸ਼ਨਰੇਟ ਪੁਲਿਸ ਅੰਮ੍ਰਿਤਸਰ ਦੀ ਸਥਾਨਕ 2000 ਪੁਲਿਸ ਫੋਰਸ/ਪੰਜਾਬ ਪੁਲਿਸ ਦੀ ਬਾਹਰੋ ਮੰਗਵਾਈ 2000 ਪੁਲਿਸ ਫੋਰਸ ਕੁੱਲ 4000 ਫੋਰਸ ਅਤੇ ਪੈਰਾਮਿਲਟਰੀ ਫੋਰਸ ਦੀਆਂ 11 ਕੰਪਨੀਆਂ ਅਤੇ 30 ਗਜ਼ਟਿਡ ਅਧਿਕਾਰੀ ਤਾਇਨਾਤ ਕੀਤੇ ਹਨ, ਜੋ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਸੁਰੱਖਿਆ ਡਿਊਟੀਆਂ ਨਿਭਾਅ ਰਹੇ ਹਨ। ਇਸ ਤੋਂ ਇਲਾਵਾ ਲਗਾਤਾਰ ਫਲੈਗ ਮਾਰਚ, ਫੁਟ ਪੈਟਰੋਲਿੰਗ 'ਤੇ ਮੋਟਰਸਾਈਕਲ/ਗੱਡੀਆਂ ਰਾਹੀਂ ਪੈਟਰੋਲਿੰਗ ਕੀਤੀ ਜਾ ਰਹੀ ਹੈ ਤਾਂ ਜੋ ਅਮਨ-ਕਾਨੂੰਨ ਦੀ ਸਥਿਤੀ ਨੂੰ ਪੂਰੀ ਤਰ੍ਹਾਂ ਬਰਕਰਾਰ ਰੱਖਿਆ ਜਾ ਸਕੇ।ਉਨ੍ਹਾਂ ਕਿਹਾ ਕਿ ਰੇਲਵੇ ਸਟੇਸ਼ਨ, ਬੱਸ ਸਟੈਂਡ, ਧਾਰਮਿਕ ਸਥਾਨਾਂ, ਬਾਜ਼ਾਰਾਂ ਅਤੇ ਹੋਰ ਜਨਤਕ ਥਾਵਾਂ 'ਤੇ ਸੁਰੱਖਿਆ ਪ੍ਰਬੰਧ ਹੋਰ ਮਜ਼ਬੂਤ ਕੀਤੇ ਗਏ ਹਨ। ਸਨਿਫਰ ਡੌਗ ਸਕੁਐਡ, ਬੰਬ ਡਿਸਪੋਜ਼ਲ ਟੀਮਾਂ ਅਤੇ ਵਿਸ਼ੇਸ਼ ਚੈਕਿੰਗ ਪਾਰਟੀਆਂ ਵੱਲੋਂ ਲਗਾਤਾਰ ਸਰਚ/ਚੈਕਿੰਗ ਕੀਤੀ ਜਾ ਰਹੀ।ਸਪੈਸ਼ਲ ਡੀਜੀਪੀ ਨੇ ਕਿਹਾ ਕਿ ਪੰਜਾਬ ਪੁਲਿਸ ਹਰ ਤਰ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਲੋਕਾਂ ਦੀ ਸੁਰੱਖਿਆ ਸਾਡੀ ਸਭ ਤੋਂ ਵੱਡੀ ਤਰਜੀਹ ਹੈ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਪੁਲਿਸ ਪ੍ਰਸ਼ਾਸਨ ਨਾਲ ਪੂਰਾ ਸਹਿਯੋਗ ਕਰਨ ਅਤੇ ਕਿਸੇ ਵੀ ਸ਼ੱਕੀ ਗਤੀਵਿਧੀ ਬਾਰੇ ਤੁਰੰਤ ਪੁਲਿਸ ਨੂੰ ਸੂਚਿਤ ਕਰਨ।ਉਨ੍ਹਾਂ ਲੋਕਾਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਸੋਸ਼ਲ ਮੀਡੀਆ 'ਤੇ ਅਫਵਾਹਾਂ, ਭੜਕਾਊ ਜਾਂ ਗੈਰ-ਪ੍ਰਮਾਣਿਤ ਜਾਣਕਾਰੀਆਂ ਤੋਂ ਦੂਰ ਰਹਿਣ। ਕਿਸੇ ਵੀ ਜਾਣਕਾਰੀ ਨੂੰ ਸਾਂਝਾ ਕਰਨ ਤੋਂ ਪਹਿਲਾਂ ਉਸਦੀ ਸੱਚਾਈ ਦੀ ਪੁਸ਼ਟੀ ਜ਼ਰੂਰ ਕਰਨ। ਅਫਵਾਹਾਂ ਫੈਲਾਉਣ ਵਾਲੇ ਤੱਤਾਂ ਖ਼ਿਲਾਫ਼ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ। ਪੰਜਾਬ ਪੁਲਿਸ ਸ਼ਹਿਰ ਵਿੱਚ ਸ਼ਾਂਤੀ, ਭਾਈਚਾਰਕ ਸਾਂਝ ਅਤੇ ਸੁਰੱਖਿਆ ਨੂੰ ਬਣਾਈ ਰੱਖਣ ਲਈ ਪੂਰੀ ਤਨਦੇਹੀ ਨਾਲ BDxG ਡਿਊਟੀ ਨਿਭਾਅ ਰਹੀ ਹੈ।



# ਜ਼ਿਲ੍ਹਾ ਚੋਣ ਅ਼ਫਸਰ ਵੱਲੋਂ ਐੱਸ.ਆਈ.ਆਰ. ਦੇ ਸੋਧੇ ਸ਼ਡਿਊਲ ਸਬੰਧੀ ਮੀਟਿੰਗ

ਅੰਮ੍ਰਿਤਸਰ, 3 ਜੂਨ (ਬਬਲੂ ਮਹਾਜਨ) : ਭਾਰਤੀ ਚੋਣ ਕਮਿਸ਼ਨ ਵੱਲੋਂ ਯੋਗਤਾ ਮਿਤੀ 01.10.2026 ਦੇ ਅਧਾਰ 'ਤੇ ਵੋਟਰ ਸੂਚੀਆਂ ਦੀ ਸਪੈਸ਼ਲ ਇੰਟੈਂਸਿਵ ਰਵੀਜ਼ਨ (ਐਸ.ਆਈ.ਆਰ-2026) ਦਾ ਸੋਧਿਆ ਸ਼ਡਿਊਲ ਜਾਰੀ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦੇਣ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਅੰਮ੍ਰਿਤਸਰ ਦੀ ਪਹਿਲੀ ਮੰਜ਼ਿਲ 'ਤੇ ਸਥਿਤ ਕਮਰਾ ਨੰਬਰ 168 (ਮੀਟਿੰਗ ਹਾਲ) ਵਿਖੇ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਸ੍ਰੀ ਦਲਵਿੰਦਰਜੀਤ ਸਿੰਘ ਆਈ.ਏ.ਐਸ ਵੱਲੋਂ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਇੱਕ ਅਹਿਮ ਮੀਟਿੰਗ ਕੀਤੀ ਗਈ, ਜਿਸ ਵਿੱਚ ਉਨ੍ਹਾਂ ਨੂੰ ਐਸ.ਆਈ.ਆਰ-2026 ਦੇ ਨਵੇਂ ਸੋਧੇ ਹੋਏ ਸ਼ਡਿਊਲ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਮੀਟਿੰਗ ਦੌਰਾਨ ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਨਵੇਂ ਸੋਧੇ ਗਏ ਸ਼ਡਿਊਲ ਅਨੁਸਾਰ ਹੁਣ ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾ ਪਹਿਲਾਂ ਨਿਰਧਾਰਿਤ ਮਿਤੀ 31.07.2026 ਦੀ ਬਜਾਏ ਹੁਣ 03.08.2026 ਨੂੰ ਕੀਤੀ ਜਾਵੇਗੀ। ਇਸੇ ਤਰ੍ਹਾਂ ਵੋਟਰ ਸੂਚੀ ਸਬੰਧੀ ਦਾਅਵੇ ਅਤੇ ਇਤਰਾਜ਼ ਦਰਜ਼ ਕਰਵਾਉਣ ਦਾ ਸਮਾਂ ਵੀ ਬਦਲ ਦਿੱਤਾ ਗਿਆ ਹੈ, ਜਿਸ ਤਹਿਤ ਹੁਣ ਨਾਗਰਿਕ 03.08.2026 ਤੋਂ 02.09.2026 ਤੱਕ ਆਪਣੇ ਦਾਅਵੇ ਅਤੇ ਇਤਰਾਜ਼ ਪੇਸ਼ ਕਰ ਸਕਣਗੇ। ਉਨ੍ਹਾਂ ਅੱਗੇ ਦੱਸਿਆ ਕਿ ਪ੍ਰਾਪਤ ਹੋਏ ਦਾਅਵਿਆਂ ਅਤੇ ਇਤਰਾਜ਼ਾਂ ਦੇ ਨਿਪਟਾਰੇ ਅਤੇ ਨੋਟਿਸ ਫੇਜ਼ ਦੀ ਪ੍ਰਕਿਰਿਆ ਹੁਣ 03.08.2026 ਤੋਂ 28.09.2026 ਤੱਕ ਮੁਕੰਮਲ ਕੀਤੀ ਜਾਵੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਸੁਧਾਈ ਮੁਹਿੰਮ ਦੀਆਂ ਬਾਕੀ ਰਹਿੰਦੀਆਂ ਸਾਰੀਆਂ ਗਤੀਵਿਧੀਆਂ ਦਾ ਸ਼ਡਿਊਲ ਪਹਿਲਾਂ ਵਾਲਾ ਹੀ ਰਹੇਗਾ, ਉਸ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ 25 ਜੂਨ 2026 ਤੋਂ 24 ਜੁਲਾਈ 2026 ਤੱਕ ਬੀ.ਐਲ.ਓਜ਼ ਘਰ-ਘਰ ਜਾ ਕੇ ਫਾਰਮ ਭਰਵਾਉਣਗੇ।

# ਅੱਜ ਆਰੰਭ ਹੋਣਗੇ 84 ਦੇ ਸ਼ਹੀਦਾਂ ਦੀ ਯਾਦ ਵਿੱਚ ਸ੍ਰੀ ਅਖੰਡ ਪਾਠ ਸਾਹਿਬ : ਮੈਨੇਜਰ ਮੇਜਰ ਸਿੰਘ

## ਸ਼ਹੀਦ ਪਰਿਵਾਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ



ਅੰਮ੍ਰਿਤਸਰ, 3 ਜੂਨ (ਬਬਲੂ ਮਹਾਜਨ): ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਜੂਨ 1984 ਦੇ ਸ਼ਹੀਦ ਸਿੰਘਾਂ ਦੀ ਪਾਵਨ ਯਾਦ ਨੂੰ ਸਮਰਪਿਤ ਸ਼ਹੀਦੀ ਸਮਾਗਮ ਸ਼ਰਧਾ ਅਤੇ ਸਤਿਕਾਰ ਨਾਲ ਮਨਾਏ ਜਾਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਮੇਜਰ ਸਿੰਘ ਨੇ ਦੱਸਿਆ ਕਿ 4 ਜੂਨ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ, ਜਿਨ੍ਹਾਂ ਦੇ ਭੋਗ 6 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਾਏ ਜਾਣਗੇ।ਉਨ੍ਹਾਂ ਦੱਸਿਆ ਕਿ ਭੋਗ ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਜੀ ਕੌਮ ਦੇ ਨਾਮ ਵਿਸ਼ੇਸ਼ ਸੰਦੇਸ਼ ਜਾਰੀ ਕਰਨਗੇ। ਇਸ ਮੌਕੇ 1984 ਦੇ ਘੱਲੂਘਾਰੇ ਦੌਰਾਨ ਦੇਸ਼ ਅਤੇ ਕੌਮ ਲਈ ਆਪਣੀਆਂ ਜਾਨਾਂ ਨਿਛਾਵਰ ਕਰਨ ਵਾਲੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਵੇਗੀ।ਮੈਨੇਜਰ ਮੇਜਰ ਸਿੰਘ ਨੇ ਵਿਸ਼ੇਸ਼ ਤੌਰ 'ਤੇ ਦੱਸਿਆ ਕਿ 6 ਜੂਨ ਨੂੰ ਸਮੂਹ ਸਿੱਖ ਸੰਗਤਾਂ ਲਈ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਸ ਪਾਵਨ ਸਰੂਪ ਦੇ ਦਰਸ਼ਨ ਕਰਵਾਏ ਜਾਣਗੇ, ਜੋ 1984 ਦੇ ਫ਼ੌਜੀ ਹਮਲੇ ਦੌਰਾਨ ਜ਼ਖ਼ਮੀ ਹੋ ਗਿਆ ਸੀ। ਮੈਨੇਜਰ ਮੇਜਰ ਸਿੰਘ ਨੇ ਵਿਸ਼ੇਸ਼ ਤੌਰ 'ਤੇ ਦੱਸਿਆ ਕਿ 6 ਜੂਨ ਨੂੰ ਸਮੂਹ ਸਿੱਖ ਸੰਗਤਾਂ ਲਈ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਸ ਪਾਵਨ ਸਰੂਪ ਦੇ ਦਰਸ਼ਨ ਕਰਵਾਏ ਜਾਣਗੇ, ਜੋ 1984 ਦੇ ਫ਼ੌਜੀ ਹਮਲੇ ਦੌਰਾਨ ਜ਼ਖ਼ਮੀ ਹੋ ਗਿਆ ਸੀ।ਇਹ ਦਰਸ਼ਨ ਸ਼ਹੀਦ ਬਾਬਾ ਗੁਰਬਖਸ਼ ਸਿੰਘ ਜੀ ਦੇ ਅਸਥਾਨ ਵਿਖੇ ਕਰਵਾਏ ਜਾਣਗੇ।ਉਨ੍ਹਾਂ ਕਿਹਾ ਕਿ ਸਮਾਗਮ ਦੌਰਾਨ ਸ਼ਹੀਦ ਪਰਿਵਾਰਾਂ ਨੂੰ ਉਚੇਚੇ ਤੌਰ 'ਤੇ ਸਨਮਾਨਿਤ ਵੀ ਕੀਤਾ ਜਾਵੇਗਾ। ਉਨ੍ਹਾਂ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ 6 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵੱਧ-ਚੜ੍ਹ ਕੇ ਪਹੁੰਚਣ ਅਤੇ ਪੂਰੀ ਸ਼ਾਂਤੀ, ਸੰਜਮ ਅਤੇ ਅਨੁਸ਼ਾਸਨ ਨਾਲ ਸ਼ਹੀਦਾਂ ਨੂੰ ਆਪਣੀ ਸ਼ਰਧਾਂਜਲੀ ਭੇਟ ਕਰਨ।ਸ਼ਹੀਦੀ ਸਮਾਗਮਾਂ ਦੀਆਂ ਤਿਆਰੀਆਂ ਨੂੰ ਲੈ ਕੇ ਅੱਜ ਇੱਕ ਵਿਸ਼ੇਸ਼ ਮੀਟਿੰਗ ਵੀ ਕੀਤੀ ਗਈ, ਜਿਸ ਵਿੱਚ ਮੈਨੇਜਰ ਗੁਰਿੰਦਰ ਸਿੰਘ ਦੇਵੀਦਾਸਪੁਰਾ, ਨਰਿੰਦਰ ਸਿੰਘ ਮਥੇਵਾਲ, ਮੈਨੇਜਰ ਯੁਵਰਾਜ ਸਿੰਘ ਬੰਟੀ, ਪਰਿਕਰਮਾ ਇੰਚਾਰਜ ਪ੍ਰਭਜੋਤ ਸਿੰਘ, ਹਰਪ੍ਰੀਤ ਸਿੰਘ ਅਤੇ ਹੋਰ ਅਧਿਕਾਰੀ ਹਾਜ਼ਰ ਸਨ। ਮੀਟਿੰਗ ਦੌਰਾਨ ਸਮਾਗਮਾਂ ਦੇ ਸੁਚੱਜੇ ਪ੍ਰਬੰਧਾਂ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।

# 6 ਜੂਨ ਨੂੰ ਸੰਗਰਾਵਾਂ ਵਿਖੇ ਮਨਾਇਆ ਜਾਵੇਗਾ ਸ਼ਹੀਦੀ ਦਿਹਾੜਾ

## ਗਿਆਨੀ ਰਾਮ ਸਿੰਘ ਖ਼ਾਲਸਾ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਮੇਤ ਕਈ ਧਾਰਮਿਕ ਆਗੂ ਹੋਣਗੇ ਸ਼ਾਮਲ, ਤਿਆਰੀਆਂ ਮੁਕੰਮਲ



ਅੰਮ੍ਰਿਤਸਰ, 3 ਜੂਨ (ਬਬਲੂ ਮਹਾਜਨ): ਦਮਦਮੀ ਟਕਸਾਲ ਦੇ ਮੁਖੀ ਸਿੰਘ ਸਾਹਿਬ ਗਿਆਨੀ ਰਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਜੂਨ 1984 ਦੇ ਦੁਖਾਂਤ ਨੂੰ 42 ਸਾਲ ਬੀਤ ਚੁੱਕੇ ਹਨ, ਪਰ ਉਸ ਸਮੇਂ ਸ਼ਹੀਦ ਹੋਏ ਸਿੰਘਾਂ ਅਤੇ ਨਿਰਦੋਸ਼ ਲੋਕਾਂ ਦੀਆਂ ਕੁਰਬਾਨੀਆਂ ਨੂੰ ਸਿੱਖ ਕੌਮ ਅੱਜ ਵੀ ਸਤਿਕਾਰ ਨਾਲ ਯਾਦ ਕਰਦੀ ਹੈ। ਉਨ੍ਹਾਂ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਮੁੱਚੇ ਸ਼ਹੀਦਾਂ ਦੀ ਯਾਦ ਵਿੱਚ ਗੁਰਦੁਆਰਾ ਗੁਰ ਸ਼ਬਦ ਪ੍ਰਕਾਸ਼ ਸ਼ਹੀਦਾਂ ਨਗਰ ਸੰਗਰਾਵਾਂ ਵਿਖੇ 6 ਜੂਨ ਨੂੰ ਸ਼ਹੀਦੀ ਦਿਹਾੜਾ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾਵੇਗਾ।ਗਿਆਨੀ ਰਾਮ ਸਿੰਘ ਨੇ ਦੱਸਿਆ ਕਿ ਸਮਾਗਮ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਸ ਸਬੰਧੀ 4 ਜੂਨ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਣਗੇ, ਜਿਨ੍ਹਾਂ ਦੇ ਭੋਗ 6 ਜੂਨ ਨੂੰ ਪਾਏ ਜਾਣਗੇ। ਭੋਗ ਉਪਰੰਤ ਵਿਸ਼ਾਲ ਖੁੱਲ੍ਹੇ ਦੀਵਾਨ ਸਜਾਏ ਜਾਣਗੇ, ਜਿਨ੍ਹਾਂ ਵਿੱਚ ਪ੍ਰਸਿੱਧ ਰਾਗੀ ਜਥੇ, ਢਾਡੀ ਜਥੇ ਅਤੇ ਕਥਾਵਾਚਕ ਸੰਗਤਾਂ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ ਨਿਹਾਲ ਕਰਨਗੇ।ਉਨ੍ਹਾਂ ਕਿਹਾ ਕਿ ਇਹ ਸਮਾਗਮ ਕੇਵਲ ਸ਼ਹੀਦਾਂ ਦੀ ਯਾਦ ਤੱਕ ਸੀਮਿਤ ਨਹੀਂ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਿੱਖ ਇਤਿਹਾਸ, ਕੌਮੀ ਸੰਘਰਸ਼ਾਂ ਅਤੇ ਕੁਰਬਾਨੀਆਂ ਨਾਲ ਜੋੜਨ ਦਾ ਵੀ ਇੱਕ ਮਹੱਤਵਪੂਰਨ ਉਪਰਾਲਾ ਹੈ। ਇਸ ਸਬੰਧੀ 4 ਜੂਨ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਣਗੇ, ਜਿਨ੍ਹਾਂ ਦੇ ਭੋਗ 6 ਜੂਨ ਨੂੰ ਪਾਏ ਜਾਣਗੇ। ਭੋਗ ਉਪਰੰਤ ਵਿਸ਼ਾਲ ਖੁੱਲ੍ਹੇ ਦੀਵਾਨ ਸਜਾਏ ਜਾਣਗੇ, ਜਿਨ੍ਹਾਂ ਵਿੱਚ ਪ੍ਰਸਿੱਧ ਰਾਗੀ ਜਥੇ, ਢਾਡੀ ਜਥੇ ਅਤੇ ਕਥਾਵਾਚਕ ਸੰਗਤਾਂ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ ਨਿਹਾਲ ਕਰਨਗੇ।ਉਨ੍ਹਾਂ ਕਿਹਾ ਕਿ ਇਹ ਸਮਾਗਮ ਕੇਵਲ ਸ਼ਹੀਦਾਂ ਦੀ ਯਾਦ ਤੱਕ ਸੀਮਿਤ ਨਹੀਂ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਿੱਖ ਇਤਿਹਾਸ, ਕੌਮੀ ਸੰਘਰਸ਼ਾਂ ਅਤੇ ਕੁਰਬਾਨੀਆਂ ਨਾਲ ਜੋੜਨ ਦਾ ਵੀ ਇੱਕ ਮਹੱਤਵਪੂਰਨ ਉਪਰਾਲਾ ਹੈ।ਇਸ ਮੌਕੇ ਸੰਗਤਾਂ ਨੂੰ ਵੱਡੀ ਗਿਣਤੀ ਵਿੱਚ ਪਹੁੰਚ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਦੀ ਅਪੀਲ ਕੀਤੀ ਗਈ ਹੈ।ਗਿਆਨੀ ਰਾਮ ਸਿੰਘ ਨੇ ਦੱਸਿਆ ਕਿ ਸਮਾਗਮ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਸਮੇਤ ਕਈ ਪ੍ਰਮੁੱਖ ਧਾਰਮਿਕ ਆਗੂ, ਸੰਤ-ਮਹਾਂਪੁਰਖ ਅਤੇ ਪੰਥਕ ਸ਼ਖਸੀਅਤਾਂ ਸ਼ਿਰਕਤ ਕਰਨਗੀਆਂ।ਉਨ੍ਹਾਂ ਕਿਹਾ ਕਿ ਸਮਾਗਮ ਦੌਰਾਨ ਗੁਰਮਤਿ ਵਿਚਾਰਾਂ, ਕੌਮੀ ਚੇਤਨਾ ਅਤੇ ਸ਼ਹੀਦਾਂ ਦੀਆਂ ਕੁਰਬਾਨੀਆਂ ਬਾਰੇ ਵੀ ਵਿਸਥਾਰ ਨਾਲ ਚਰਚਾ ਕੀਤੀ ਜਾਵੇਗੀ।ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚ ਕੇ ਸਮਾਗਮ ਦੀਆਂ ਖੁਸ਼ੀਆਂ ਅਤੇ ਗੁਰਮਤਿ ਲਾਹਾ ਪ੍ਰਾਪਤ ਕਰਨ।

# ਖ਼ਾਲਸਾ ਕਾਲਜ ਆਫ਼ ਵੈਟਰਨਰੀ ਐਂਡ ਐਨੀਮਲ ਸਾਇੰਸਿਜ਼ ਵੱਲੋਂ ਸੈਮੀਨਾਰ



ਅੰਮ੍ਰਿਤਸਰ, 3 ਜੂਨ (ਬਬਲੂ ਮਹਜਨ):ਖਾਲਸਾ ਕਾਲਜ ਆਫ਼ ਵੈਟਰਨਰੀ ਐਂਡ ਐਨੀਮਲ ਸਾਇੰਸਿਜ਼ ਵੱਲੋਂ ਗਰਮੀਆਂ ਦੇ ਮੌਸਮ ਦੌਰਾਨ ਕੁੱਤਿਆਂ ਦੀ ਸਹੀ ਸਾਂਭ-ਸੰਭਾਲ ਸਬੰਧੀ ਵੈਟਰਨਰੀ ਕਲੀਨਿਕਲ ਕੰਪਲੈਕਸ ਵਿਖੇ ਸੈਮੀਨਾਰ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਹਰੀਸ਼ ਕੁਮਾਰ ਵਰਮਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕਰਵਾਏ ਗਏ ਉਕਤ ਸੈਮੀਨਾਰ ਮੌਕੇ ਵੈਟਰਨਰੀ ਮੈਡੀਸਨ ਵਿਭਾਗ ਦੇ ਡਾ. ਦਿਵਯਮ ਚੌਧਰੀ ਅਤੇ ਉਨ੍ਹਾਂ ਦੀ ਟੀਮ ਵੱਲੋਂ ਪਾਲਤੂ ਜਾਨਵਰਾਂ ਦੇ ਮਾਲਕਾਂ ਨਾਲ ਮਹੱਤਵਪੂਰਨ ਸਲਾਹ-ਮਸ਼ਵਰੇ ਸਾਂਝੇ ਕੀਤੇ ਗਏ।ਇਸ ਦੌਰਾਨ ਪ੍ਰਿੰ: ਡਾ. ਵਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗਰਮੀਆਂ ਦਾ ਮੌਸਮ ਖ਼ਾਸ ਕਰਕੇ ਜਦੋਂ ਤਾਪਮਾਨ 40 ਡਿਗਰੀ ਸੈਲਸੀਅਸ ਤੋਂ ਉੱਪਰ ਚਲਾ ਜਾਂਦਾ ਹੈ, ਕੁੱਤਿਆਂ ਅਤੇ ਬਿੱਲੀਆਂ ਲਈ ਬਹੁਤ ਮੁਸ਼ਕਿਲ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਮਨੁੱਖਾਂ ਵਾਂਗ ਕੁੱਤੇ ਪਸੀਨਾ ਨਹੀਂ ਕੱਢ ਸਕਦੇ, ਇਸ ਲਈ ਉਹ ਮੁੱਖ ਤੌਰ 'ਤੇ ਹਾਂਫਣ ਰਾਹੀਂ ਆਪਣੇ ਸਰੀਰ ਦੀ ਗਰਮੀ ਘਟਾਉਂਦੇ ਹਨ। ਉਨ੍ਹਾਂ ਕਿਹਾ ਕਿ ਬਹੁਤ ਜ਼ਿਆਦਾ ਗਰਮੀ ਕਾਰਨ ਜਾਨਵਰਾਂ 'ਚ ਪਾਣੀ ਦੀ ਕਮੀ (ਡੀਹਾਈਡ੍ਰੇਸ਼ਨ), ਪੰਜਿਆਂ ਦਾ ਸੜ ਜਾਣਾ, ਥਕਾਵਟ ਅਤੇ ਹੀਟ ਸਟਰੋਕ ਵਰਗੀਆਂ ਗੰਭੀਰ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ, ਜੋ ਕਈ ਵਾਰ ਜਾਨਲੇਵਾ ਵੀ ਸਾਬਤ ਹੋ ਸਕਦੀਆਂ ਹਨ।ਇਸ ਦੌਰਾਨ ਡਾ. ਵਰਮਾ ਨੇ ਕਿਹਾ ਕਿ ਦੁਪਹਿਰ ਦੀ ਤਿੱਖੀ ਧੁੱਪ 'ਚ ਕਸਰਤ ਤੋਂ ਬਚਾਅ ਕਰਦੇ ਹੋਏ ਕੁੱਤਿਆਂ ਨੂੰ ਸੈਰ ਜਾਂ ਕਸਰਤ ਲਈ ਸਿਰਫ਼ ਸਵੇਰੇ ਜਲਦੀ ਜਾਂ ਸ਼ਾਮ ਦੇ ਠੰਢੇ ਸਮੇਂ 'ਚ ਹੀ ਲੈ ਕੇ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਕੁੱਤਿਆਂ ਲਈ ਹਮੇਸ਼ਾ ਛਾਂਦਾਰ, ਠੰਢੀ ਅਤੇ ਹਵਾਦਾਰ ਥਾਂ ਉਪਲਬਧ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਬਹੁਤ ਜ਼ਿਆਦਾ ਗਰਮੀ ਦੇ ਦਿਨਾਂ 'ਚ ਉਨ੍ਹਾਂ ਨੂੰ ਪੱਖੇ, ਕੂਲਰ ਜਾਂ ਏਅਰ ਕੰਡੀਸ਼ਨਰ ਵਾਲੇ ਕਮਰਿਆਂ 'ਚ ਰੱਖਣਾ ਬਿਹਤਰ ਹੈ ਅਤੇ ਸਾਫ਼, ਤਾਜ਼ਾ ਅਤੇ ਠੰਢਾ ਪੀਣ ਵਾਲਾ ਪਾਣੀ ਹਰ ਵੇਲੇ ਉਪਲਬਧ ਹੋਣਾ ਚਾਹੀਦਾ ਹੈ। ਬਾਹਰ ਜਾਣ ਸਮੇਂ ਵੀ ਸਮੇਂ-ਸਮੇਂ 'ਤੇ ਪਾਣੀ ਪਿਲਾਇਆ ਜਾਵੇ।ਉਨ੍ਹਾਂ ਕਿਹਾ ਕਿ ਗਰਮ ਸੜਕਾਂ ਅਤੇ ਪੱਕੇ ਫਰਸ਼ ਕੁੱਤਿਆਂ ਦੇ ਪੰਜਿਆਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਹਾਲਤ 'ਚ ਆਪਣੇ ਪਾਲਤੂ ਜਾਨਵਰ ਨੂੰ ਖੜ੍ਹੀ ਕਾਰ ਦੇ ਅੰਦਰ ਇਕੱਲਾ ਨਾ ਛੱਡੋ, ਕਿਉਂਕਿ ਕਾਰ ਦੇ ਅੰਦਰ ਦਾ ਤਾਪਮਾਨ ਬਹੁਤ ਤੇਜ਼ੀ ਨਾਲ ਖਤਰਨਾਕ ਪੱਧਰ ਤੱਕ ਵੱਧ ਸਕਦਾ ਹੈ। ਉਨ੍ਹਾਂ ਖੁਰਾਕ ਸਬੰਧੀ ਦੱਸਦਿਆਂ ਕਿਹਾ ਕਿ ਉਬਲੇ ਚਾਵਲ, ਚਿਕਨ, ਦਹੀਂ, ਓਟਸ, ਪਪੀਤਾ ਅਤੇ ਹੋਰ ਫਲ ਹਲਕੀ ਅਤੇ ਆਸਾਨੀ ਨਾਲ ਹਜ਼ਮ ਹੋਣ ਵਾਲੀ ਖੁਰਾਕ ਹਨ। ਇਸ ਤੋਂ ਇਲਾਵਾ ਖੀਰਾ ਅਤੇ ਤਰਬੂਜ਼ ਵਰਗੀਆਂ ਪਾਣੀ ਵਾਲੀਆਂ ਚੀਜ਼ਾਂ ਵੀ ਲਾਭਦਾਇਕ ਹਨ।ਉਨ੍ਹਾਂ ਕਿਹਾ ਕਿ ਪੱਗ, ਬੁਲਡਾਗ ਵਰਗੀਆਂ ਚਪਟੇ ਮੂੰਹ ਵਾਲੀਆਂ ਨਸਲਾਂ, ਛੋਟੇ ਬੱਚੇ, ਬਜ਼ੁਰਗ, ਮੋਟੇ ਕੁੱਤੇ ਅਤੇ ਦਿਲ ਜਾਂ ਸਾਹ ਦੀਆਂ ਬਿਮਾਰੀਆਂ ਵਾਲੇ ਜਾਨਵਰ ਹੀਟ ਸਟਰੈੱਸ ਦੇ ਵਧੇਰੇ ਖਤਰੇ ਹੇਠ ਹੁੰਦੇ ਹਨ, ਇਸ ਲਈ ਉਨ੍ਹਾਂ ਦੀ ਵਿਸ਼ੇਸ਼ ਦੇਖਭਾਲ ਜ਼ਰੂਰੀ ਹੈ।

# ਸਵੱਛ ਪਿੰਡ-ਸਵੱਛ ਜਲਵਾਯੂ ਅਤੇ ਸੌਲਿਡ ਵੇਸਟ ਮੈਨੇਜਮੈਂਟ ਨਿਯਮਾਂ ਸਬੰਧੀ ਮੀਟਿੰਗ

## ਵਧੀਕ ਡਿਪਟੀ ਕਮਿਸ਼ਨਰ ਨੇ ਸਬੰਧਿਤ ਵਿਭਾਗਾਂ ਨੂੰ ਜਾਰੀ ਕੀਤੀਆਂ ਹਦਾਇਤਾਂ



ਤਰਨ ਤਾਰਨ, 3 ਜੂਨ (ਪੁਸ਼ਪਿੰਦਰ ਬੰਟੀ/ਗੁਰਵਿੰਦਰ ਸਿੰਘ): ਵਿਸ਼ਵ ਵਾਤਾਵਰਨ ਦਿਵਸ- 2026, ਸਵੱਛ ਪਿੰਡ-ਸਵੱਛ ਜਲਵਾਯੂ ਅਤੇ ਠੋਸ ਕੂੜਾ ਪ੍ਰਬੰਧਨ ਰੂਲਜ਼-2026 ਦੇ ਸਬੰਧ ਵਿੱਚ ਅੱਜ ਵਧੀਕ ਡਿਪਟੀ ਕਮਿਸ਼ਨਰ ਤਰਨ ਤਾਰਨ ਸੁਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਅਹਿਮ ਮੀਟਿੰਗ ਹੋਈ। ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਭਾਗ ਲਿਆ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸੁਰਿੰਦਰ ਸਿੰਘ ਨੇ ਸਮੂਹ ਪ੍ਰਤੀਭਾਗੀਆਂ ਨੂੰ ਮਾਨਯੋਗ ਸੁਪਰੀਮ ਕੋਰਟ ਵੱਲੋਂ ਠੋਸ ਕੂੜਾ ਪ੍ਰਬੰਧਨ ਰੂਲਜ਼-2026 ਸਬੰਧੀ ਜਾਰੀ ਕੀਤੀਆਂ ਗਈਆਂ ਹਦਾਇਤਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੁਣ ਘਰੇਲੂ ਪੱਧਰ ਅਤੇ ਸਮੁਦਾਇਕ ਪੱਧਰ 'ਤੇ 4 ਤਰੀਕਿਆਂ ਨਾਲ ਸੈਗਰੀਗੇਸ਼ਨ ਕੀਤੀ ਜਾਵੇਗੀ। ਇਸ ਵਿੱਚ ਗਿੱਲਾ ਕੂੜੇ, ਸੁੱਕੇ ਕੂੜੇ ਤੋਂ ਇਲਾਵਾ ਸੈਨੇਟਰੀ ਕੂੜਾ ਅਤੇ ਵਿਸ਼ੇਸ਼ ਧਿਆਨ ਦੇਣ ਵਾਲਾ ਕੂੜਾ ਵੀ ਸ਼ਾਮਿਲ ਹੋਵੇਗਾ। ਪੇਂਡੂ ਖੇਤਰਾਂ ਵਿੱਚ ਬਲਕ ਵੇਸਟ ਜਨਰੇਟਰ ਜਿਵੇਂ ਕਿ ਹੋਟਲ, ਪੈਲੇਸ, ਹਸਪਤਾਲ, ਧਰਮਸ਼ਾਲਾ, ਸਕੂਲ, ਕਾਲਜ, ਧਾਰਮਿਕ ਸਥਾਨ, ਅਪਾਰਟਮੈਂਟ ਅਤੇ ਸੋਸਾਇਟੀਜ਼, ਜਿਨ੍ਹਾਂ ਵੱਲੋਂ ਪ੍ਰਤੀ ਦਿਨ 100 ਕਿਲੋਗ੍ਰਾਮ ਕੂੜਾ ਨਿਕਲਦਾ ਹੈ, ਦੀ ਸੂਚੀ ਤਿਆਰ ਕਰਨ ਸਬੰਧੀ ਸਮੂਹ ਬੀ.ਡੀ.ਪੀ.ਓਜ਼ ਨੂੰ ਹਦਾਇਤ ਕੀਤੀ ਗਈ। ਇਸ ਤੋਂ ਇਲਾਵਾ ਇਹ ਵੀ ਹਦਾਇਤ ਕੀਤੀ ਗਈ ਕਿ ਜ਼ਿਲ੍ਹਾ ਤਰਨ ਤਾਰਨ ਦੇ ਸਮੂਹ ਪੰਚਾਇਤ ਸਕੱਤਰਾਂ ਦੁਆਰਾ 5 ਜੂਨ 2026 ਨੂੰ ਵਿਸ਼ਵ ਵਾਤਾਵਰਨ ਦਿਵਸ ਦੇ ਮੌਕੇ 'ਤੇ ਜ਼ਿਲ੍ਹਾ ਤਰਨ ਤਾਰਨ ਦੀਆਂ ਸਮੂਹ ਗ੍ਰਾਮ ਪੰਚਾਇਤਾਂ ਵਿਖੇ ਵਿਸ਼ੇਸ਼ ਗ੍ਰਾਮ ਸਭਾਵਾਂ ਦਾ ਆਯੋਜਨ ਕਰਵਾਇਆ ਜਾਵੇ, ਜਿਨ੍ਹਾਂ ਵਿੱਚ ਸਰਪੰਚ, ਗ੍ਰਾਮ ਪੰਚਾਇਤ ਮੈਂਬਰ ਅਤੇ ਪਿੰਡ ਵਾਸੀਆਂ ਨੂੰ ਸੌਲਿਡ ਵੇਸਟ ਮੈਨੇਜਮੈਂਟ ਰੂਲਜ਼-2026 ਬਾਰੇ ਜਾਗਰੂਕ ਕੀਤਾ ਜਾਵੇ ਅਤੇ ਇਸ ਸਬੰਧੀ ਪਿੰਡਾ ਵਿੱਚ ਲਾਗੂ ਕਰਨ ਲਈ ਮਤਾ ਪਵਾਇਆ ਜਾਵੇ। ਉਨ੍ਹਾਂ ਵੱਲੋ ਹਦਾਇਤ ਕੀਤੀ ਗਈ ਕਿ ਪੰਚਾਇਤੀ ਰਾਜ ਅਤੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਹਰੇਕ ਜੂਨੀਅਰ ਇੰਜੀਨੀਅਰ ਵੱਲੋ ਸੌਲਿਡ ਵੇਸਟ ਮੈਨੇਜਮੈਂਟ ਦਾ ਇਕ-ਇਕ ਪਿੰਡ ਗੋਦ ਲਿਆ ਜਾਵੇ ਅਤੇ ਪ੍ਰੋਜੈਕਟ ਨੂੰ ਗਤੀਸ਼ੀਲ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣ। ਇਸ ਮੌਕੇ ਉਪ ਮੁੱਖ ਕਾਰਜਕਾਰੀ ਅਫ਼ਸਰ ਜ਼ਿਲ੍ਹਾ ਪ੍ਰੀਸ਼ਦ ਦਵਿੰਦਰ ਸਿੰਘ, ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ ਪਿਆਰ ਸਿੰਘ, ਸਮੂਹ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ, ਤੇ ਜ਼ਿਲ੍ਹਾ ਪੱਧਰੀ ਸਟਾਫ਼ ਹਾਜ਼ਰ ਸੀ।

# ਖ਼ਾਲਸਾ ਕਾਲਜ ਵਿਖੇ 'ਇਨਕਮ ਟੈਕਸ ਅਤੇ ਜੀ. ਐੱਸ. ਟੀ. ਰਿਟਰਨ ਦੀ ਈ-ਫਾਈਲਿੰਗ' ਵਿਸ਼ੇ 'ਤੇ ਵਰਕਸ਼ਾਪ



ਅੰਮ੍ਰਿਤਸਰ, 3 ਜੂਨ (ਬਬਲੂ ਮਹਾਜਨ):ਖਾਲਸਾ ਕਾਲਜ ਦੇ ਕਾਮਰਸ ਅਤੇ ਬਿਜ਼ਨਸ ਐਡਮਿਨਿਸਟਰੇਸ਼ਨ ਵਿਭਾਗ ਵੱਲੋਂ ਵਿਦਿਆਰਥੀਆਂ ਲਈ 'ਇਨਕਮ ਟੈਕਸ ਅਤੇ ਜੀ. ਐੱਸ. ਟੀ. ਰਿਟਰਨ ਦੀ ਈ-ਫਾਈਲਿੰਗ' ਵਿਸ਼ੇ 'ਤੇ 7 ਰੋਜ਼ਾ ਵਰਕਸ਼ਾਪ ਕਰਵਾਈ ਗਈ। ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕਰਵਾਈ ਗਈ ਉਕਤ ਵਰਕਸ਼ਾਪ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਇਨਕਮ ਟੈਕਸ ਅਤੇ ਰਿਟਰਨ ਦੀ ਈ-ਫਾਈਲਿੰਗ ਸਬੰਧੀ ਵਿਹਾਰਕ ਸਿਖਲਾਈ ਪ੍ਰਦਾਨ ਕਰਨਾ ਸੀ। ਜਿਸ 'ਚ ਮਾਹਿਰ ਵਜੋਂ ਸੀ. ਏ. ਸ੍ਰੀ ਵਿਭੋਰ ਗੁਪਤਾ ਅਤੇ ਸੀ. ਏ.ਸ਼ਿਲਪਾ ਗੁਪਤਾ ਨੇ ਸ਼ਿਰਕਤ ਕੀਤੀ।ਇਸ ਦੌਰਾਨ ਡਾ. ਰੰਧਾਵਾ ਨੇ ਕਿਹਾ ਕਿ ਟੈਕਸ ਪ੍ਰਣਾਲੀ ਦੀ ਸਮਝ ਹਰੇਕ ਵਿਅਕਤੀ ਲਈ ਬਹੁਤ ਜ਼ਰੂਰੀ ਹੈ, ਕਿਉਂਕਿ ਇਹ ਜ਼ਿੰਮੇਵਾਰ ਵਿੱਤੀ ਪ੍ਰਬੰਧਨ 'ਚ ਅਹਿਮ ਭੂਮਿਕਾ ਨਿਭਾਉਂਦੀ ਹੈ। ਉਨ੍ਹਾਂ ਕਿਹਾ ਕਿ ਉਕਤ ਵਰਕਸ਼ਾਪ 'ਚ ਸ੍ਰੀ ਵਿਭੋਰ ਗੁਪਤਾ ਸਾਲ 1969 'ਚ ਸਥਾਪਿਤ ਹੋਈ ਜ਼ਿਲ੍ਹੇ ਦੀ ਪ੍ਰਸਿੱਧ ਚਾਰਟਰਡ ਅਕਾਊਂਟੈਂਟ ਫ਼ਰਮ ਐੱਮ/ਐੱਸ ਐੱਸ. ਕੁਮਾਰ ਗੁਪਤਾ ਐਂਡ ਕੰਪਨੀ ਦੇ ਸੀਨੀਅਰ ਭਾਈਵਾਲ ਹਨ। ਉਨ੍ਹਾਂ ਕੋਲ ਡਾਇਰੈਕਟ ਅਤੇ ਇਨਡਾਇਰੈਕਟ ਟੈਕਸੇਸ਼ਨ, ਆਡਿਟ ਅਤੇ ਬੈਂਕਿੰਗ ਦੇ ਖੇਤਰ 'ਚ ਲਗਭਗ 20 ਸਾਲਾਂ ਦਾ ਤਜਰਬਾ ਹੈ।ਉਕਤ ਵਰਕਸ਼ਾਪ ਦੇ ਤਕਨੀਕੀ ਸ਼ੈਸ਼ਨਾਂ ਦਾ ਸੰਚਾਲਨ ਆਈ. ਸੀ. ਏ.ਆਈ. ਵੱਲੋਂ ਰਜਿਸਟਰਡ ਕਰੀਅਰ ਕਾਊਂਸਲਰ ਅਤੇ ਟੈਕਸੇਸ਼ਨ ਮਾਹਿਰ ਸ੍ਰੀਮਤੀ ਸ਼ਿਲਪਾ ਗੁਪਤਾ ਵੱਲੋਂ ਕੀਤਾ ਗਿਆ। ਉਨ੍ਹਾਂ ਵਿਦਿਆਰਥੀਆਂ ਨੂੰ ਆਈ. ਟੀ. ਆਰ.-1, ਆਈ. ਟੀ. ਆਰ.-2, ਟੀ. ਡੀ. ਐੱਸ., ਫਾਰਮ-93, 94, 95 ਅਤੇ 96, ਪੈੱਨ ਸੀ. ਆਰ.-01, ਪੈੱਨ ਸੀ.ਆਰ.-02 ਅਤੇ ਪੇ-ਰੋਲ ਪ੍ਰੀਕ੍ਰਿਆ ਆਦਿ ਸਬੰਧੀ ਵਿਹਾਰਕ ਜਾਣਕਾਰੀ ਪ੍ਰਦਾਨ ਕੀਤੀ।ਇਸ ਤੋਂ ਪਹਿਲਾਂ ਉਦਘਾਟਨੀ ਸੈਸ਼ਨ ਦੌਰਾਨ ਵਰਕਸ਼ਾਪ ਕੋਆਰਡੀਨੇਟਰ ਡਾ. ਦੀਪਕ ਦੇਵਗਨ ਨੇ ਸਰੋਤ ਵਿਅਕਤੀਆਂ ਦਾ ਸਵਾਗਤ ਕਰਨ ਉਪਰੰਤ ਨਾਲ ਜਾਣ-ਪਛਾਣ ਕਰਵਾਈ। ਉਨ੍ਹਾਂ ਕਿਹਾ ਕਿ ਇਹ ਵਰਕਸ਼ਾਪ ਪ੍ਰਿੰ: ਡਾ. ਰੰਧਾਵਾ, ਵਿਭਾਗ ਮੁਖੀ ਡਾ. ਸਵਰਾਜ ਕੌਰ ਦੀ ਅਗਵਾਈ ਹੇਠ ਯੋਜਨਾਬੱਧ ਅਤੇ ਸਫਲਤਾਪੂਰਵਕ ਆਯੋਜਿਤ ਕੀਤੀ ਗਈ।ਇਸ ਮੌਕੇ ਡਾ. ਸਵਰਾਜ ਕੌਰ ਨੇ ਕਿਹਾ ਕਿ ਅਜਿਹੇ ਵਿਹਾਰਕ ਸਿਖਲਾਈ ਪ੍ਰੋਗਰਾਮ ਵਿਦਿਆਰਥੀਆਂ ਦੇ ਸਿਧਾਂਤਕ ਗਿਆਨ ਅਤੇ ਪੇਸ਼ੇਵਰ ਲੋੜਾਂ ਵਿਚਕਾਰ ਪਾੜੇ ਨੂੰ ਪੂਰਾ ਕਰਨ 'ਚ ਸਹਾਈ ਸਿੱਧ ਹੁੰਦੇ ਹਨ। ਇਸ ਮੌਕੇ ਵਿਭੋਰ ਗੁਪਤਾ ਨੇ ਸੰਬੋਧਨ ਕਰਦਿਆਂ ਵਿਦਿਆਰਥੀਆਂ ਨੂੰ ਹਮੇਸ਼ਾਂ ਸਿੱਖਣ ਦੀ ਲਗਨ ਬਣਾਈ ਰੱਖਣ ਅਤੇ ਪੇਸ਼ੇਵਰ ਦੁਨੀਆ ਦੀਆਂ ਲੋੜਾਂ ਅਨੁਸਾਰ ਆਪਣੇ ਹੁਨਰਾਂ ਨੂੰ ਨਿਰੰਤਰ ਨਿਖਾਰਦੇ ਰਹਿਣ ਲਈ ਉਤਸ਼ਾਹਿਤ ਕੀਤਾ।

# ਟੈਕਨੀਕਲ ਸਰਵਿਸਿਜ਼ ਯੂਨੀਅਨ ਵੱਲੋਂ ਪਾਵਰਕਾਮ ਵਿਰੁਧ 'ਚ ਰੋਸ ਰੈਲੀ



ਮਜੀਠਾ, 3 ਜੂਨ (ਅਸ਼ਵਨੀ ਨਈਅਰ): ਟੈਕਨੀਕਲ ਸਰਵਿਸਿਜ਼ ਯੂਨੀਅਨ ਪੰਜਾਬ ਵੱਲੋਂ ਪਾਵਰਕੌਮ ਮੈਨੇਜਮੈਂਟ ਦੀਆਂ ਨਾਦਰਸ਼ਾਹੀ ਨੀਤੀਆਂ ਖਿਲਾਫ ਬਿਜਲੀ ਘਰ ਮਜੀਠਾ ਵਿਖੇ ਭਰਵੀਂ ਰੋਸ ਰੈਲੀ ਕੀਤੀ ਗਈ। ਰੈਲੀ ਵਿਚ ਵੱਖ-ਵੱਖ ਭਰਾਤਰੀ ਜਥੇਬੰਦੀਆਂ ਨੇ ਵੀ ਹਿੱਸਾ ਲਿਆ। ਬੁਲਾਰਿਆਂ ਨੇ ਦੱਸਿਆ ਕਿ ਪਾਵਰਕੌਮ ਮੈਨੇਜਮੈਂਟ ਵੱਲੋਂ ਇੱਕ ਤਰਫਾ ਫਰਮਾਨ ਜਾਰੀ ਕੀਤਾ ਗਿਆ ਹੈ ਕਿ ਬਰੇਕਡਾਊਨ ਜਾਂ ਕੰਪਲੇਂਟ ਇੱਕ ਘੰਟੇ ਦੇ ਅੰਦਰ ਹੱਲ ਕੀਤੀ ਜਾਵੇ। ਇਸ ਵਿਚ ਦੇਰੀ ਹੋਣ 'ਤੇ ਬਿਜਲੀ ਕਾਮਿਆਂ ਨੂੰ ਚਿੱਠੀ ਪੱਤਰ ਜਾਰੀ ਕੀਤਾ ਜਾਵੇਗਾ। ਆਗੂਆਂ ਨੇ ਇਸ ਫੈਸਲੇ ਨੂੰ ਕਾਮਿਆਂ ਦੇ ਬਿਲਕੁਲ ਵਿਰੋਧੀ ਦੱਸਿਆ। ਉਨ੍ਹਾਂ ਕਿਹਾ ਕਿ ਫੀਲਡ ਵਿਚ ਬਿਜਲੀ ਕਾਮਿਆਂ ਦੀ ਭਾਰੀ ਘਾਟ ਹੈ। ਇੱਕੋ ਮੁਲਾਜ਼ਮ ਦੋ-ਤਿੰਨ ਫੀਡਰਾਂ ਉੱਤੇ ਡਿਊਟੀ ਨਿਭਾ ਰਿਹਾ ਹੈ। ਲਾਈਨਾਂ ਬਹੁਤ ਲੰਬੀਆਂ ਅਤੇ ਖਸਤਾ ਹਾਲਤ ਵਿਚ ਹਨ। ਇਸ ਤੋਂ ਇਲਾਵਾ ਟੂਲ ਕਿੱਟਾਂ, ਸੇਫਟੀ ਕਿੱਟਾਂ ਅਤੇ ਹੋਰ ਲੋੜੀਂਦਾ ਸਾਜੋ-ਸਾਮਾਨ ਵੀ ਮੁਹੱਈਆ ਨਹੀਂ ਕਰਵਾਇਆ ਜਾ ਰਿਹਾ। ਆਗੂਆਂ ਨੇ ਇਹ ਵੀ ਦੱਸਿਆ ਕਿ ਮੈਨੇਜਮੈਂਟ ਨਿੱਜੀਕਰਨ ਦੀ ਨੀਤੀ ਤਹਿਤ ਘੱਟ ਮੁਲਾਜ਼ਮਾਂ ਤੋਂ ਵੱਧ ਤੋਂ ਵੱਧ ਕੰਮ ਲੈਣ ਦੀ ਰਣਨੀਤੀ ਅਪਣਾ ਰਹੀ ਹੈ। ਇਸੇ ਲੜੀ ਤਹਿਤ ਕਾਮਿਆਂ ਨੂੰ ਮੋਬਾਈਲ ਫੋਨ ਵੰਡ ਕੇ ਉਨ੍ਹਾਂ ਉੱਤੇ ਹੋਰ ਬੋਝ ਪਾਇਆ ਜਾ ਰਿਹਾ ਹੈ। ਇਸ ਤੋਂ ਇਨਕਾਰ ਕਰਦਿਆਂ ਸਮੂਹ ਯੂਨੀਅਨਾਂ ਨੇ ਮੋਬਾਈਲ ਫੋਨ ਲੈਣ ਤੋਂ ਸਾਫ਼ ਮਨ੍ਹਾ ਕਰ ਦਿੱਤਾ ਹੈ। ਉਨ੍ਹਾਂ ਮੁਤਾਬਕ ਵੱਡੀ ਗਿਣਤੀ ਵਿਚ ਨਵੀਆਂ ਭਰਤੀਆਂ ਕਰਨ ਦੀ ਲੋੜ ਹੈ, ਪਰ ਮੈਨੇਜਮੈਂਟ ਇਸ ਵੱਲ ਧਿਆਨ ਨਾ ਦੇ ਕੇ ਕਾਰਪੋਰੇਟ ਘਰਾਣਿਆਂ ਅਨੁਕੂਲ ਨੀਤੀਆਂ ਲਾਗੂ ਕਰ ਰਹੀ ਹੈ। ਇਸ ਮੌਕੇ ਰੈਲੀ ਨੂੰ ਸੰਬੋਧਨ ਕਰਦਿਆਂ ਕ੍ਰਿਸ਼ਨ ਸਿੰਘ ਔਲਖ, ਸੁਖਪਾਲ ਸਿੰਘ ਮਜੀਠਾ, ਰਘਬੀਰ ਸਿੰਘ ਮਜੀਠਾ, ਕੁੰਦਨ ਲਾਲ ਹਰੀਆਂ, ਲਖਵਿੰਦਰ ਸਿੰਘ ਭੋਮਾ, ਸੰਦੀਪ, ਬਿਕਰਮਜੀਤ ਸਿੰਘ ਜਲਾਲਪੁਰਾ ਅਤੇ ਸੰਦੀਪ ਸਿੰਘ ਯੂ.ਡੀ.ਸੀ. ਆਦਿ ਆਗੂਆਂ ਨੇ ਕਿਹਾ ਕਿ ਬਿਜਲੀ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਨੂੰ ਲਗਾਤਾਰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਇਸ ਲਈ ਯੂਨੀਅਨਾਂ ਨੇ 16 ਅਤੇ 17 ਜੂਨ 2026 ਨੂੰ ਦੋ ਰੋਜ਼ਾ ਹੜਤਾਲ ਕਰਨ ਦਾ ਫੈਸਲਾ ਲਿਆ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਮੈਨੇਜਮੈਂਟ ਆਪਣੇ ਫਰਮਾਨ ਵਾਪਸ ਨਹੀਂ ਲੈਂਦੀ ਤਾਂ ਇਸ ਹੜਤਾਲ ਤੋਂ ਬਾਅਦ ਸੰਘਰਸ਼ ਸ਼ੁਰੂ ਹੋਵੇ ਤਿੱਖਾ ਕੀਤਾ ਜਾਵੇਗਾ । ਸਟੇਜ ਦੀ ਕਾਰਵਾਈ ਗੁਰਪ੍ਰੀਤ ਸਿੰਘ ਸੋਹੀਆਂ ਨੇ ਸੰਭਾਲੀ। ਰੈਲੀ ਵਿਚ ਵੱਡੀ ਗਿਣਤੀ ਵਿਚ ਬਿਜਲੀ ਕਾਮੇ ਹਾਜ਼ਰ ਸਨ।

# ਕੰਬੋਜ ਫਾਊਂਡੇਸ਼ਨ ਵੱਲੋਂ ਡਾ. ਕੌੜਾ ਖ਼ਿਲਾਫ਼ ਲਗਾਏ ਦੋਸ਼ਾਂ ਦਾ ਖੰਡਨ

## ਕੰਬੋਜ ਭਾਈਚਾਰੇ ਵੱਲੋਂ ਬਣਾਈ ਜਾ ਰਹੀ ਯੂਨੀਵਰਸਿਟੀ ਨਹੀਂ ਹੋ ਰਹੀ ਕੁਝ ਤਾਕਤਾਂ ਤੋਂ ਸਹਿਣ : ਡਾ ਕਿਸ਼ਨਪੁਰੀ



ਜੰਡਿਆਲਾ ਗੁਰੂ, 3 ਜੂਨ (ਰਾਮ ਸ਼ਰਨਜੀਤ ਸਿੰਘ): ਕੰਬੋਜ ਫਾਊਂਡੇਸ਼ਨ ਨੇ ਆਪਣੇ ਸਰਪ੍ਰਸਤ ਡਾ. ਸੰਦੀਪ ਸਿੰਘ ਕੌੜਾ ਜੋ ਕਿ ਐੱਸ.ਯੂ.ਐੱਸ. ਐਜੂਕੇਸ਼ਨਲ ਸੋਸਾਇਟੀ ਦੇ ਚੇਅਰਮੈਨ ਅਤੇ ਪੰਜਾਬ ਦੀ ਆਉਣ ਵਾਲੀ ਉਧਮ ਸਿੰਘ ਸ਼ਹੀਦ ਸਕਿੱਲ ਡਿਵੈਲਪਮੈਂਟ ਐਂਡ ਐਂਟਰਪ੍ਰੈਨਿਓਰਸ਼ਿਪ ਯੂਨੀਵਰਸਿਟੀ ਦੇ ਸੰਸਥਾਪਕ ਚਾਂਸਲਰ (ਨਾਮਜ਼ਦ) ਵੀ ਹਨ, ਦੇ ਖਿਲਾਫ ਝੂਠੇ ਦੋਸ਼ਾਂ ਦੇ ਖਿਲਾਫ ਜੰਡਿਆਲਾ ਗੁਰੂ ਵਿਖੇ ਪ੍ਰੈੱਸ ਕਾਨਫਰੰਸ ਕੀਤੀ ਗਈ।ਇਸ ਮੌਕੇ ਫਾਊਂਡੇਸ਼ਨ ਦੇ ਅਹੁਦੇਦਾਰਾਂ ਨੇ ਕਿਹਾ ਕਿ ਜਿਹੜੇ ਦੋਸ਼ ਫੈਲਾਏ ਜਾ ਰਹੇ ਹਨ, ਉਹ ਪੂਰੀ ਤਰ੍ਹਾਂ ਬੇਬੁਨਿਆਦ, ਗੁੰਮਰਾਹਕੁੰਨ ਅਤੇ ਨਿੱਜੀ ਹਿੱਤਾਂ ਤੋਂ ਪ੍ਰੇਰਿਤ ਹਨ, ਜਿਨ੍ਹਾਂ ਦਾ ਮਕਸਦ ਡਾ. ਕੌੜਾ ਦੀ ਸਾਖ ਨੂੰ ਖਰਾਬ ਕਰਨਾ ਹੈ।ਫਾਊਂਡੇਸ਼ਨ ਦੇ ਅਨੁਸਾਰ, ਇਹ ਦੋਸ਼ ਨਿਰਮਲ ਸਿੰਘ ਰਾਇਤ ਦੁਆਰਾ ਪ੍ਰਚਾਰੇ ਗਏ ਹਨ, ਜੋ ਵਰਤਮਾਨ ਵਿੱਚ ਲਾਮਰੀਨ ਟੈਕ ਸਕਿੱਲਜ਼ ਯੂਨੀਵਰਸਿਟੀ ਦੇ ਚਾਂਸਲਰ ਹੋਣ ਦਾ ਦਾਅਵਾ ਕਰ ਰਿਹਾ ਹੈ। ਫਾਊਂਡੇਸ਼ਨ ਨੇ ਨੋਟ ਕੀਤਾ ਕਿ ਰਾਇਤ ਖੁਦ ਕਥਿਤ ਤੌਰ ਤੇ ਕਈ ਕਾਨੂੰਨੀ ਅਤੇ ਵਿੱਤੀ ਕਾਰਵਾਈਆਂ ਦਾ ਸਾਹਮਣਾ ਕਰ ਰਿਹਾ ਹੈ। ਇਸ ਵਿੱਚ ਅੱਗੇ ਕਿਹਾ ਗਿਆ ਹੈ ਕਿ, ਜਨਤਕ ਤੌਰ 'ਤੇ ਉਪਲਬਧ ਅਦਾਲਤੀ ਰਿਕਾਰਡਾਂ ਅਨੁਸਾਰ, ਰਾਇਤ ਨੂੰ ਰੂਪਨਗਰ ਦੀਆਂ ਅਦਾਲਤਾਂ ਦੁਆਰਾ ਕਥਿਤ ਤੌਰ ਤੇ ਇਸ਼ਤਿਹਾਰੀ ਮੁਲਜ਼ਮ (ਪ੍ਰੋਕਲੇਮਡ ਔਫੈਂਡਰ)/ਪਬਲਿਕ ਔਫੈਂਡਰ ਘੋਸ਼ਿਤ ਕੀਤਾ ਗਿਆ ਹੈ ਅਤੇ ਉਸਦੇ ਖਿਲਾਫ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਗਏ ਹਨ। ਫਾਊਂਡੇਸ਼ਨ ਨੇ ਇਹ ਵੀ ਨੋਟ ਕੀਤਾ ਕਿ ਉਸਦੇ ਆਚਰਣ (ਵਿਹਾਰ) ਬਾਰੇ ਵਿਜੀਲੈਂਸ ਅਤੇ ਹੋਰ ਪੁੱਛਗਿੱਛਾਂ ਕਥਿਤ ਤੌਰ 'ਤੇ ਸਮਰੱਥ ਅਧਿਕਾਰੀਆਂ ਦੇ ਸਾਹਮਣੇ ਵਿਚਾਰ ਅਧੀਨ ਹਨ।ਫਾਊਂਡੇਸ਼ਨ ਨੇ ਅੱਗੇ ਕਿਹਾ ਕਿ ਇਹ ਜਨਤਕ ਰਿਕਾਰਡ ਦਾ ਮਾਮਲਾ ਹੈ ਕਿ ਵਿੱਤੀ ਸੰਸਥਾਵਾਂ ਦੇ ਕਥਿਤ ਡਿਫਾਲਟ (ਬਕਾਏ ਨਾ ਚੁਕਾਉਣ) ਦੇ ਸਬੰਧ ਵਿੱਚ, ਡੈੱਟ ਰਿਕਵਰੀ ਟ੍ਰਿਬਿਊਨਲ, ਚੰਡੀਗੜ੍ਹ ਦੇ ਸਾਹਮਣੇ ਕਥਿਤ ਤੌਰ 'ਤੇ ਮੋਟੀ ਵਿੱਤੀ ਦੇਣਦਾਰੀਆਂ ਵਾਲੀ ਵਸੂਲੀ ਦੀ ਕਾਰਵਾਈ (ਰਿਕਵਰੀ ਪ੍ਰੋਸੀਡਿੰਗਜ਼) ਸ਼ੁਰੂ ਕੀਤੀ ਗਈ ਹੈ।ਬਿਆਨ ਵਿੱਚ ਕਿਹਾ ਗਿਆ, ਕੰਬੋਜ ਫਾਊਂਡੇਸ਼ਨ ਦਾ ਪੱਕਾ ਵਿਸ਼ਵਾਸ ਹੈ ਕਿ ਇਹ ਦੋਸ਼ ਪਾਰਦਰਸ਼ਤਾ ਜਾਂ ਜਵਾਬਦੇਹੀ ਦੀ ਕਿਸੇ ਅਸਲ ਚਿੰਤਾ ਤੋਂ ਪ੍ਰੇਰਿਤ ਨਹੀਂ ਹਨ। ਬਲਕਿ, ਇਹ ਡਾ. ਕੌੜਾ ਦੀ ਸਾਖ ਨੂੰ ਖਰਾਬ ਕਰਨ ਅਤੇ ਸਿੱਖਿਆ, ਹੁਨਰ ਵਿਕਾਸ, ਉੱਦਮਤਾ, ਅਤੇ ਰਾਸ਼ਟਰ-ਨਿਰਮਾਣ ਦੇ ਕਾਰਜਾਂ ਵਿੱਚ ਉਨ੍ਹਾਂ ਦੇ ਚੱਲ ਰਹੇ ਯੋਗਦਾਨ ਵਿੱਚ ਰੁਕਾਵਟ ਪਾਉਣ ਦਾ ਇੱਕ ਜਾਣਬੁੱਝ ਕੇ ਕੀਤਾ ਗਿਆ ਅਤੇ ਗਿਣਿਆ-ਮਿਥਿਆ ਯਤਨ ਹਨ।ਕੰਬੋਜ ਫਾਊਂਡੇਸ਼ਨ ਨੇ ਸੱਚਾਈ, ਪਾਰਦਰਸ਼ਤਾ, ਜਵਾਬਦੇਹੀ ਅਤੇ ਕਾਨੂੰਨ ਦੇ ਸ਼ਾਸਨ ਪ੍ਰਤੀ ਆਪਣੀ ਅਟੁੱਟ ਵਚਨਬੱਧਤਾ ਨੂੰ ਦੁਹਰਾਇਆ। ਇਸਨੇ ਵਿਸ਼ਵਾਸ ਪ੍ਰਗਟਾਇਆ ਕਿ ਤੱਥ, ਸਬੂਤ ਅਤੇ ਉਚਿਤ ਕਾਨੂੰਨੀ ਪ੍ਰਕਿਰਿਆ ਅੰਤ ਵਿੱਚ ਗਲਤ ਜਾਣਕਾਰੀ ਅਤੇ ਅਪਮਾਨਜਨਕ ਮੁਹਿੰਮਾਂ ਉੱਤੇ ਜਿੱਤ ਪ੍ਰਾਪਤ ਕਰੇਗੀ।ਇਸ ਸਮੇਂ ਪ੍ਰੋ. ਸੂਬਾ ਸਿੰਘ ਪ੍ਰਧਾਨ, ਮੰਗਲ ਸਿੰਘ ਕਿਸ਼ਨਪੁਰੀ ਚੇਅਰਮੈਨ ਕੰਬੋਜ ਫਾਊਂਡੇਸ਼ਨ, ਮਾਨ ਸਿੰਘ ਧੰਮ, ਮੀਡੀਆ ਮੁਖੀ ਜਗਦੀਸ਼ ਥਿੰਦ, ਬਲਜਿੰਦਰ ਸਿੰਘ ਧੰਜੂ, ਹਰਦਿਆਲ ਸਿੰਘ ਸੁਨਾਮ , ਕ੍ਰਿਪਾਲ ਸਿੰਘ ਰਾਮਦੀਵਾਲੀ , ਗੁਰਇਕਬਾਲ ਸਿੰਘ, ਅਮੋਲਕ ਸਿੰਘ ਜੰਮੂ, ਇੰਜ ਕੁਲਵਿੰਦਰ ਸਿੰਘ ਤੋਂ ਇਲਾਵਾ ਹੋਰ ਵੀ ਪਤਵੰਤੇ ਮੌਜੂਦ ਸਨ ।

# ਵੂਸ਼ੋ ਚੈਂਪੀਅਨਸ਼ਿਪ ਵਿੱਚ ਸਿਲਵਰ ਓਕ ਸਕੂਲ ਦਾ ਸ਼ਾਨਦਾਰ ਪ੍ਰਦਰਸ਼ਨ



ਟਾਂਡਾ ਉੜਮੁੜ, 3 ਜੂਨ (ਅਰਜੁਨ ਜੈਨ): ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਸ਼ਾਹਬਾਜ਼ਪੁਰ ਦੀਆਂ ਖਿਡਾਰਨਾਂ ਜਸਨੂਰ ਕੌਰ ਅਤੇ ਅਰਪਣ ਨੇ 28ਵੀਂ ਪੰਜਾਬ ਸਟੇਟ ਵੂਸ਼ੋ ਚੈਂਪੀਅਨਸ਼ਿਪ (ਲੜਕੀਆਂ) ਦੇਖ ਕੈਟਾਗਰੀ ਦੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸਕੂਲ ਦੇ ਖੇਡ ਇਤਿਹਾਸ ਵਿੱਚ ਇੱਕ ਹੋਰ ਸੁਨਹਿਰੀ ਪੰਨਾ ਦਰਜ ਕੀਤਾ।ਸੰਸਥਾ ਦੇ ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬਠਿੰਡਾ ਵਿਖੇ ਚੱਲ ਰਹੀ ਇਸ ਚੈਂਪੀਅਨਸ਼ਿਪ ਦੇ ਵਿੱਚ ਸਿਲਵਰ ਓਕ ਦੀਆਂ ਖਿਡਾਰਨਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਜਿਸ ਵਿੱਚ ਜਸਨੂਰ ਕੌਰ ਨੇ ਆਪਣਾ ਚੋਟੀ ਦਾ ਪ੍ਰਦਰਸ਼ਨ ਕਾਇਮ ਰੱਖਦੇ ਹੋਏ ਗੋਲਡ ਮੈਡਲ ਤੇ ਕਬਜ਼ਾ ਕੀਤਾ ਇਸ ਦੇ ਨਾਲ ਹੀ ਅਰਪਣ ਨੇ ਚਾਂਦੀ ਦੇ ਤਮਗ਼ੇ 'ਤੇ ਕਾਬਜ਼ ਹੁੰਦੇ ਹੋਏ ਸਕੂਲ ਦਾ ਮਾਣ ਵਧਾਇਆ।ਚੇਅਰਮੈਨ ਤਰਲੋਚਨ ਸਿੰਘ ਨੇ ਦੋਹਾਂ ਬੱਚਿਆਂ ਨੂੰ ਆਸ਼ੀਰਵਾਦ ਦਿੰਦੇ ਹੋਏ ਕਿਹਾ ਕਿ ਸਾਡੇ ਲਈ ਬੜੀ ਮਾਣ ਦੀ ਗੱਲ ਹੈ ਕਿ ਅਰਪਣ ਅਤੇ ਜਸਨੂਰ ਲਗਾਤਾਰ ਆਪਣੇ ਸ਼ਾਨਦਾਰ ਪ੍ਰਦਰਸ਼ਨ ਦੇ ਨਾਲ ਆਪਣੇ ਮਾਂ-ਬਾਪ ਦਾ, ਸਕੂਲ ਦਾ ਤੇ ਇਲਾਕੇ ਦਾ ਨਾਮ ਰੌਸ਼ਨ ਕਰ ਰਹੀਆਂ ਹਨ। ਇਸ ਖੁਸ਼ੀ ਦੇ ਮੌਕੇ 'ਤੇ ਮੈਨੇਜਰ ਗਜਿੰਦਰ ਪਾਲ ਸਿੰਘ ਤੇ ਤਰਨ ਸੈਣੀ, ਬਿਕਰਮਜੀਤ ਸਿੰਘ ਭੇਲਾ, ਜਗਬੰਧਨ ਸਿੰਘ, ਅਮਰਜੀਤ ਕੌਰ ਸੈਣੀ, ਰਾਜਵਿੰਦਰ, ਰਾਜਵੀਰ, ਸੁਰੇਸ਼, ਪੰਕਜ, ਬਲਦੇਵ, ਕੁਲਦੀਪ, ਕੁਲਬੀਰ, ਗੁਰਪ੍ਰੀਤ ਅਰਚਨਾ, ਬਲਜੀਤ, ਸੁਮਿਤ, ਸ਼ਿਲਪਾ, ਵਿਨੇ, ਸੰਜੀਵ, ਸੁਸ਼ੀਲ, ਰੁਪਿੰਦਰ, ਰਮਨ, ਪੂਜਾ, ਸੁਵੇਤਾ, ਪਰਵੀਨ ਅਤੇ ਹੋਰ ਸਟਾਫ ਮੌਜੂਦ ਸੀ।

# ਮੁੱਖ ਮੰਤਰੀ ਨੇ ਧੂਰੀ ਦੇ ਜੇਤੂ ਕੌਂਸਲਰਾਂ ਨਾਲ ਕੀਤੀ ਮੀਟਿੰਗ

## ਵਿਕਾਸ ਕਾਰਜਾਂ ਲਈ ਫ਼ੰਡਾਂ ਦੀ ਕਮੀ ਨਾ ਆਉਣ ਦੇਣ ਦਾ ਦਿੱਤਾ ਭਰੋਸਾ

ਧੂਰੀ, 3 ਜੂਨ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅੱਜ ਆਪਣੇ ਵਿਧਾਨ ਸਭਾ ਹਲਕੇ ਧੂਰੀ ਦੇ ਨਗਰ ਕੌਂਸਲ ਚੋਣਾਂ ਵਿੱਚ ਸ਼ਾਨਦਾਰ ਜਿੱਤ ਹਾਸਲ ਕਰਨ ਵਾਲੇ ਨਵੇਂ ਚੁਣੇ ਗਏ ਉਮੀਦਵਾਰਾਂ ਅਤੇ ਕੌਂਸਲਰਾਂ ਨਾਲ ਮੁਲਾਕਾਤ ਕੀਤੀ ਗਈ। ਇਸ ਉੱਚ ਪੱਧਰੀ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਸਾਰੇ ਜੇਤੂ ਨੁਮਾਇੰਦਿਆਂ ਨੂੰ ਮੁਬਾਰਕਬਾਦ ਦਿੱਤੀ.

ਮੀਟਿੰਗ ਦੌਰਾਨ ਨਵੇਂ ਚੁਣੇ ਗਏ ਨੁਮਾਇੰਦਿਆਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਅਪੀਲ ਕੀਤੀ ਕਿ ਉਹ ਹਮੇਸ਼ਾ ਆਮ ਲੋਕਾਂ ਦੇ ਵਿਚਕਾਰ ਰਹਿ ਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਹੱਲ ਕਰਨ। ਉਨ੍ਹਾਂ ਭਰੋਸਾ ਦਿੱਤਾ ਕਿ ਧੂਰੀ ਸ਼ਹਿਰ ਦੇ ਸਰਵਪੱਖੀ ਵਿਕਾਸ ਅਤੇ ਲੋਕ ਭਲਾਈ ਕਾਰਜਾਂ ਲਈ ਪੰਜਾਬ ਸਰਕਾਰ ਵੱਲੋਂ ਫੰਡਾਂ ਦੀ ਕੋਈ ਵੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜਨਤਾ ਨੇ ਜਿਸ ਉਮੀਦ ਨਾਲ ਉਨ੍ਹਾਂ ਨੂੰ ਚੁਣਿਆ ਹੈ, ਉਸ 'ਤੇ ਖ਼ਰਾ ਉਤਰਨਾ ਸਾਰਿਆਂ ਦਾ ਫ਼ਰਜ਼ ਹੈ।

ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਭਵਿੱਖੀ ਯੋਜਨਾਵਾਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ



ਦੱਸਿਆ ਕਿ 'ਤੁਹਾਡੀ ਸਰਕਾਰ' ਲਗਾਤਾਰ ਪੰਜਾਬ ਹਿਤੈਸ਼ੀ ਅਤੇ ਇਤਿਹਾਸਕ ਫੈਸਲੇ ਲੈ ਰਹੀ ਹੈ। ਉਨ੍ਹਾਂ ਐਲਾਨ ਕੀਤਾ ਕਿ ਆਉਂਦੀ 1 ਜੁਲਾਈ ਤੋਂ ਸੂਬੇ ਵਿੱਚ 'ਮਾਵਾਂ ਧੀਆਂ ਸਤਿਕਾਰ ਯੋਜਨਾ' ਦੀ ਰਸਮੀ ਸ਼ੁਰੂਆਤ ਹੋਣ ਜਾ ਰਹੀ ਹੈ, ਜਿਸ ਤਹਿਤ ਮਹਿਲਾਵਾਂ ਨੂੰ ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਇਸ ਤੋਂ ਇਲਾਵਾ 68,000 ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨਾ ਅਤੇ ਸਿੱਖਿਆ ਦੇ ਖੇਤਰ ਵਿੱਚ ਪੰਜਾਬ ਨੂੰ ਦੇਸ਼ ਦਾ ਨੰਬਰ ਇੱਕ ਸੂਬਾ ਬਣਾਉਣਾ ਸਰਕਾਰ ਦੀ ਵੱਡੀ ਵਚਨਬੱਧਤਾ ਦਾ ਸਬੂਤ ਹੈ।

ਮੁੱਖ ਮੰਤਰੀ ਨੇ ਧਾਰਮਿਕ ਅਕੀਦਤ ਅਤੇ ਸੂਬੇ ਦੀ ਅਮਨ-ਕਾਨੂੰਨ ਵਿਵਸਥਾ 'ਤੇ ਬੋਲਦਿਆਂ ਕਿਹਾ ਕਿ ਬੇਅਦਬੀ ਵਰਗੀਆਂ ਮੰਦਭਾਗੀਆਂ ਘਟਨਾਵਾਂ ਨੂੰ ਰੋਕਣ ਲਈ ਸਰਕਾਰ ਵੱਲੋਂ ਸਖ਼ਤ 'ਜਗਤ ਜੋਤਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਐਕਟ 2026' ਬਣਾਇਆ ਗਿਆ ਹੈ। ਉਨ੍ਹਾਂ ਸਾਫ਼ ਸ਼ਬਦਾਂ ਵਿੱਚ ਕਿਹਾ ਕਿ ਮੌਜੂਦਾ ਸਰਕਾਰ ਬਿਨਾਂ ਕਿਸੇ ਪੱਖਪਾਤ ਜਾਂ ਸਿਆਸੀ ਭੇਦਭਾਵ ਦੇ ਪੰਜਾਬ ਦੇ ਹਰ ਵਰਗ, ਹਰ ਧਰਮ ਅਤੇ ਹਰ ਇਲਾਕੇ ਦੀ ਸੇਵਾ ਕਰ ਰਹੀ ਹੈ ਅਤੇ ਸਭ ਦੇ ਸਹਿਯੋਗ ਨਾਲ ਮੁੜ 'ਰੰਗਲਾ ਪੰਜਾਬ' ਸਿਰਜਿਆ ਜਾਵੇਗਾ।

# ਡੀ.ਐਸ.ਪੀ. ਤਪਾ ਨੇ ਟਰੇਡਰ ਕਮਿਸ਼ਨ ਹਲਕਾ ਭਦੌੜ ਦੇ ਸਹਿਯੋਗ ਨਾਲ ਕੀਤੀ ਵਪਾਰੀਆਂ ਨਾਲ ਮੀਟਿੰਗ






ਤਪਾ ਮੰਡੀ, 3 ਜੂਨ (ਰਾਜੂ ਮਹਿਰਾ) : ਪੰਜਾਬ ਸਰਕਾਰ ਦੀਆਂ ਹਦਾਇਤਾਂ ਦੇ ਮੁਤਾਬਕ, ਜ਼ਿਲ੍ਹਾ ਪੁਲਿਸ ਮੁਖੀ ਮੁਹੰਮਦ ਸਰਫਰਾਜ ਆਲਮ ਦੇ ਦਿਸ਼ਾ ਨਿਰਦੇਸ਼ਾਂ ਹੇਠ ਡੀ.ਐਸ.ਪੀ. ਤਪਾ ਜਸਕਰਨ ਸਿੰਘ ਬਰਾੜ ਵੱਲੋਂ ਵਿਧਾਨ ਸਭਾ ਟਰੇਡਰ ਕਮਿਸ਼ਨ ਹਲਕਾ ਭਦੌੜ ਦੇ ਚੇਅਰਮੈਨ ਮਨੀਸ਼ ਕੁਮਾਰ ਗਰਗ ਕੌਂਸਲਰ, ਮੈਂਬਰ ਰਵੀ ਮੌੜ ਅਤੇ ਸਰਪੰਚ ਹਰਚਰਨ ਸਿੰਘ ਜੰਡਸਰ ਮੌੜ ਦੀ ਅਗਵਾਈ ਵਿੱਚ ਤਪਾ ਦੇ ਵੱਖ ਵੱਖ ਟਰੇਡਰਜ ਦੁਕਾਨਦਾਰਾਂ ਨਾਲ ਇੱਕ ਵਿਸ਼ੇਸ਼ ਮੀਟਿੰਗ ਪੰਜਾਬੀ ਤੜਕਾ ਢਾਬੇ ਵਿੱਚ ਕੀਤੀ ਗਈ, ਇਸ ਮੀਟਿੰਗ ਦੌਰਾਨ ਵੱਖ ਵੱਖ ਯੂਨੀਅਨ ਦੇ ਆਗੂਆਂ ਅਤੇ ਦੁਕਾਨਦਾਰਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਮੀਟਿੰਗ ਵਿੱਚ ਡੀ ਐਸ ਪੀ ਤਪਾ ਜਸਕਰਨ ਸਿੰਘ ਬਰਾੜ ਨੇ ਆਏ ਵਪਾਰੀਆਂ ਦਾ ਧੰਨਵਾਦ ਕਰਦੇ ਹੋਏ ਉਨ੍ਹਾਂ ਦੀਆਂ ਮੁਸ਼ਿਕਲਾਂ ਸਬੰਧੀ ਜਾਣਕਾਰੀ ਮੰਗੀ। ਇਸ ਮੀਟਿੰਗ ਦੌਰਾਨ ਵਪਾਰੀਆਂ ਅਤੇ ਛੋਟੇ ਦੁਕਾਨਦਾਰਾਂ ਨੇ ਆਪਣੇ ਆਪਣੇ ਵਿਚਾਰ ਵੀ ਪੇਸ਼ ਕੀਤੇ ਅਤੇ ਦੁਕਾਨਦਾਰਾਂ ਨੂੰ ਆ ਰਹੀਆਂ ਮੁਸਕਲਾਂ ਵਾਰੇ ਵੀ ਜਾਣੂੰ ਕਰਵਾਇਆ। ਇਸ ਮੀਟਿੰਗ ਵਿੱਚ ਵਪਾਰ ਮੰਡਲ ਦੇ ਉੱਪ ਚੇਅਰਮੈਨ ਮੋਹਨ ਲਾਲ ਤਾਜੋਕੇ , ਮੀਤ ਪ੍ਰਧਾਨ ਭੂਸ਼ਨ ਘੜੈਲਾ, ਕਰਿਆਣਾ ਐਸੋਸੀਏਸ਼ਨ ਦੇ ਆਗੂ ਪਵਨ ਕੁਮਾਰ ਅਰੋੜਾ, ਵਿਜੇ ਕੁਮਾਰ ਧੂਰਕੋਟੀਆ, ਰਾਜ ਕੁਮਾਰ ਰਾਜ਼ੀ ਪੱਖੋਂ, ਅਤੁਲ ਸਿੰਗਲਾ, ਮੁਨੀਸ਼ ਕੁਮਾਰ ਚੱਕੀ ਵਾਲਾ, ਬਸਾਤੀ ਐਸੋਸੀਏਸ਼ਨ ਦੇ ਪ੍ਰਧਾਨ ਬੱਬੂ ਤਨੇਜਾ, ਸਰਪ੍ਰਸਤ ਅਸ਼ੋਕ ਕੁਮਾਰ ਸਹਿਣਾ, ਸਾਬਕਾ ਸਕੱਤਰ ਮੱਖਣ ਮਾਰਵਾੜੀ, ਰਾਮ ਲਾਲ ਠੇਕੇਦਾਰ ਟੈਂਟ ਵਾਲਾ, ਸੱਤਪਲ ਸੱਤੀ ਵੀਸੀਆਰ ਵਾਲਾ, ਲਾਲ ਚੰਦ ਆਲੀਕੇ, ਬੰਟੀ ਮੌੜ,ਪ੍ਰੇਟੀ ਭਾਰਤੀ ,ਕੇਸਪਾਲ ਗੋਇਲ ਰੂੜੇਕੇ ਵਾਲੇ, ਮੁਨੀਸ਼ ਕੁਮਾਰ ਢਿੱਲਵਾ, ਮੋਨੂੰ ਮਲੋਟ ਵਾਲਾ, ਰਿਚੀ ਭੱਟਾਂ, ਪਵਨ ਗਰਗ ਬੁੱਕ ਡਿੱਪੂ ਵਾਲਾ, ਸਵਰਨਕਾਰ ਸਕੰਦਰ ਸਿੰਘ , ਰਾਜੇਸ਼ ਕੁਮਾਰ ਟਿੰਕੂ, ਸ਼ੈਰੀ ਠੇਕੇਦਾਰ, ਵਿੱਕੀ ਗਰਗ, ਮਨਪ੍ਰੀਤ ਜਲਪੋਤ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਹੋਰ ਦੁਕਾਨਦਾਰ ਅਤੇ ਪੁਲਸ ਮੁਲਾਜ਼ਮ ਸਹਾਇਕ ਠਾਣੇਦਾਰ ਗੁਰਪਿਆਰ ਸਿੰਘ, ਸਤਨਾਮ ਸਿੰਘ ਡੀਐਸਪੀ ਰੀਡਰ, ਗੁਰਜੀਤ ਸਿੰਘ, ਸੰਦੀਪ ਸਿੰਘ ਆਦਿ ਹਾਜ਼ਰ ਸਨ।

# ਸਕੂਲ ਫ਼ੀਸਾਂ 'ਤੇ ਲਗਾਮ ਕਸਣ ਲਈ ਮੁੱਖ ਮੰਤਰੀ ਦਾ ਇਤਿਹਾਸਕ ਫ਼ੈਸਲਾ : ਨੂਰ ਔਲਖ



ਧੂਰੀ, 3 ਜੂਨ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਆਮ ਆਦਮੀ ਪਾਰਟੀ ਯੂਥ ਵਿੰਗ ਦੇ ਸੂਬਾਈ ਆਗੂ ਪਰਮਿੰਦਰ ਸਿੰਘ ਨੂਰ ਔਲਖ ਨੇ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਵਿਦਿਆਰਥੀਆਂ ਦੇ ਮਾਪਿਆਂ ਦੇ ਹੱਕ ਵਿੱਚ ਲਏ ਗਏ ਇੱਕ ਵੱਡੇ ਅਤੇ ਇਤਿਹਾਸਕ ਫੈਸਲੇ ਦੀ ਜ਼ੋਰਦਾਰ ਸ਼ਲਾਘਾ ਕੀਤੀ ਹੈ। ਉਨ੍ਹਾਂ ਇਸ ਫੈਸਲੇ ਨੂੰ ਸੂਬੇ ਦੇ ਲੱਖਾਂ ਮਾਪਿਆਂ ਲਈ ਇੱਕ ਬਹੁਤ ਵੱਡੀ ਰਾਹਤ ਦੱਸਦਿਆਂ ਕਿਹਾ ਕਿ ਮਾਨ ਸਰਕਾਰ ਦੇ ਇਸ ਕਦਮ ਨਾਲ ਸਿੱਖਿਆ ਦੇ ਨਾਂ 'ਤੇ ਚੱਲ ਰਹੀ ਵਪਾਰਕ ਅਤੇ ਆਰਥਿਕ ਲੁੱਟ ਨੂੰ ਹੁਣ ਹਮੇਸ਼ਾ ਲਈ ਨੱਥ ਪੈ ਜਾਵੇਗੀ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਯੂਥ ਆਗੂ ਨੇ ਦੱਸਿਆ ਕਿ ਨਵੇਂ ਨਿਯਮਾਂ ਮੁਤਾਬਕ ਹੁਣ ਕੋਈ ਵੀ ਪ੍ਰਾਈਵੇਟ ਸਕੂਲ ਸਾਲਾਨਾ 5 ਫੀਸਦੀ ਤੋਂ ਵੱਧ ਫੀਸ ਨਹੀਂ ਵਧਾ ਸਕੇਗਾ। ਸਭ ਤੋਂ ਅਹਿਮ ਗੱਲ ਇਹ ਹੈ ਕਿ ਇਸ 5% ਦੇ ਦਾਇਰੇ ਵਿੱਚ ਸਕੂਲ ਵੱਲੋਂ ਲਏ ਜਾਣ ਵਾਲੇ ਸਾਰੇ ਲਾਜ਼ਮੀ ਫੰਡ ਵੀ ਸ਼ਾਮਲ ਹੋਣਗੇ, ਤਾਂ ਜੋ ਸਕੂਲ ਪ੍ਰਬੰਧਕ ਕਿਸੇ ਹੋਰ ਬਹਾਨੇ ਮਾਪਿਆਂ ਦੀ ਜੇਬ 'ਤੇ ਡਾਕਾ ਨਾ ਮਾਰ ਸਕਣ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਕਥਿਤ ਮਿਲੀਭੁਗਤ ਕਾਰਨ ਨਿੱਜੀ ਸਕੂਲਾਂ ਨੇ ਮਨਮਰਜ਼ੀ ਦੀਆਂ ਫੀਸਾਂ ਵਧਾ ਕੇ ਆਮ ਲੋਕਾਂ ਦਾ ਜੀਣਾ ਮੁਹਾਲ ਕੀਤਾ ਹੋਇਆ ਸੀ, ਜਿਸ ਨੂੰ ਮਾਨ ਸਰਕਾਰ ਨੇ ਸਖ਼ਤੀ ਨਾਲ ਰੋਕ ਦਿੱਤਾ ਹੈ। ਪਰਮਿੰਦਰ ਸਿੰਘ ਨੂਰ ਔਲਖ ਨੇ ਸਰਕਾਰ ਦੇ ਫੈਸਲੇ ਦਾ ਇੱਕ ਹੋਰ ਅਹਿਮ ਪਹਿਲੂ ਸਾਂਝਾ ਕਰਦਿਆਂ ਦੱਸਿਆ ਕਿ ਜਿਹੜੇ ਪ੍ਰਾਈਵੇਟ ਸਕੂਲਾਂ ਨੇ ਪਿਛਲੇ 3 ਸਾਲਾਂ ਦੌਰਾਨ ਫੀਸਾਂ ਵਿੱਚ 15 ਫੀਸਦੀ ਤੋਂ ਵੱਧ ਦਾ ਵਾਧਾ ਕੀਤਾ ਹੈ, ਉਨ੍ਹਾਂ ਲਈ ਉਹ ਵਾਧੂ ਵਸੂਲੀ ਗਈ ਰਕਮ ਬੱਚਿਆਂ ਦੇ ਮਾਪਿਆਂ ਨੂੰ ਤੁਰੰਤ ਵਾਪਸ ਕਰਨਾ ਕਾਨੂੰਨੀ ਤੌਰ 'ਤੇ ਲਾਜ਼ਮੀ ਹੋਵੇਗਾ।

# ਜੈ ਮਿਲਾਪ ਲੈਬਾਰਟਰੀ ਐਸੋਸੀਏਸ਼ਨ ਭਦੌੜ ਨੇ ਡਾ: ਸਤਵੰਤ ਔਜਲਾ ਨੂੰ ਅਹੁਦਾ ਸੰਭਾਲਣ 'ਤੇ ਦਿੱਤੀਆਂ ਵਧਾਈਆਂ



ਭਦੌੜ, 3 ਜੂਨ (ਸੁਖਵਿੰਦਰ ਪਲਾਹਾ) : ਸਰਕਾਰੀ ਹਸਪਤਾਲ ਵਿੱਚ ਪਿਛਲੇ ਲੰਬੇ ਸਮੇਂ ਤੋਂ ਡਾਕਟਰਾਂ ਦੀ ਘਾਟ ਦੀ ਲਟਕਦੀ ਆ ਰਹੀ ਮੰਗ ਨੂੰ ਉਸ ਸਮੇਂ ਬੂਰ ਪੈ ਗਿਆ, ਜਦੋਂ ਡਾ: ਸਤਵੰਤ ਸਿੰਘ ਔਜਲਾ ਨੇ ਬਤੌਰ ਐਸ ਐਮ ਓ ਦਾ ਆਹੁਦਾ ਸੰਭਾਲ ਲਿਆ । ਆਹੁਦਾ ਸੰਭਾਲਣ ਉਪਰੰਤ ਡਾਕਟਰ ਸਤਵੰਤ ਸਿੰਘ ਔਜਲਾ ਨੂੰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗ ਗਿਆ। ਬੀਤੇ ਕੱਲ੍ਹ ਤੋਂ ਹੀ ਸਮੂਹ ਭਦੌੜ ਵਾਸੀਆਂ ਅਤੇ ਮੋਹਤਬਰ ਵਿਅਕਤੀਆਂ ਵੱਲੋਂ ਡਾਕਟਰ ਸਤਵੰਤ ਸਿੰਘ ਔਜਲਾ ਨੂੰ ਜੀ ਆਇਆਂ ਕਹਿਣ ਵਾਲਿਆਂ ਵਿੱਚ ਕੋਈ ਵੀ ਪਿੱਛੇ ਨਹੀਂ ਰਹਿਆ। ਇਸੇ ਲੜੀ ਦੇ ਤਹਿਤ ਅੱਜ ਜੈ ਮਿਲਾਪ ਲੈਬੋਰੇਟਰੀ ਐਸੋਸੀਏਸ਼ਨ ਭਦੌੜ ਦੇ ਸਮੂਹ ਮੈਂਬਰਾਂ ਵੱਲੋਂ ਡਾਕਟਰ ਸਤਵੰਤ ਸਿੰਘ ਔਜਲਾ ਨੂੰ ਸਰਕਾਰੀ ਹਸਪਤਾਲ ਪਹੁੰਚ ਕੇ ਫੁੱਲਾਂ ਦਾ ਬੁੱਕਾ ਭੇਂਟ ਕਰਦਿਆਂ ਜੀ ਆਇਆਂ ਆਖਿਆ ।ਇਸ ਮੌਕੇ ਜੈ ਮਿਲਾਪ ਐਸੋਸੀਏਸ਼ਨ ਲੈਬੋਰੇਟਰੀ ਦੇ ਪ੍ਰਧਾਨ ਤਰਲੋਚਨ ਸਿੰਘ ਡੀ.ਸੀ. ਨੇ ਡਾਕਟਰ ਸੁਖਵੰਤ ਸਿੰਘ ਔਜਲਾ ਨੂੰ ਸਮੂਹ ਐਸੋਸੀਏਸ਼ਨ ਮੈਂਬਰਾਂ ਵੱਲੋਂ ਹਰ ਸੰਭਵ ਸਹਾਇਤਾ ਦੇਣ ਦਾ ਭਰੋਸਾ ਦਵਾਇਆ ।ਉਹਨਾਂ ਕਿਹਾ ਕਿ ਡਾਕਟਰ ਸਤਵੰਤ ਸਿੰਘ ਔਜਲਾ ਦੇ ਚਾਰਜ ਸੰਭਾਲਣ ਨਾਲ ਸਮੂਹ ਭਦੌੜ ਵਾਸੀਆਂ ਅਤੇ ਨਾਲ ਲੱਗਦੇ 20 -25 ਪਿੰਡਾਂ ਦੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ। ਇਸ ਮੌਕੇ ਡਾ: ਸਤਵੰਤ ਸਿੰਘ ਔਜਲਾ ਨੂੰ ਵਧਾਈ ਦੇਣ ਵਾਲਿਆਂ ਵਿੱਚ ਤਰਲੋਚਨ ਸਿੰਘ ਡੀਸੀ ਰੂਪ ਲੈਬੋਰੇਟਰੀ ਵਾਲੇ, ਕੈਸ਼ੀਅਰ ਸੰਦੀਪ ਕੁਮਾਰ, ਸਕੱਤਰ ਪ੍ਰਵੀਨ ਕੁਮਾਰ ਗੌਤਮ, ਮੈਂਬਰ ਅਵਤਾਰ ਸਿੰਘ, ਪਰਮਿੰਦਰ ਕੁਮਾਰ ਬੱਤਾ, ਅਮਿਤ ਕੁਮਾਰ ਬੱਤਾ, ਚਰਨਦੀਪ ਦਾਸ , ਜਸਪ੍ਰੀਤ ਸਿੰਘ, ਚਮਕੌਰ ਸਿੰਘ, ਹਰਵਿੰਦਰ ਸਿੰਘ, ਜਗਸੀਰ ਸ਼ਰਮਾ, ਸੇਵਕ ਸਿੰਘ, ਰਤਨ ਸਿੰਗਲਾ, ਵਰਿੰਦਰ ਸ਼ਰਮਾ ਰਾਜਵੀਰ ਸਿੰਘ ਆਦਿ ਹਾਜ਼ਰ ਸਨ।

# ਜ਼ਿਲ੍ਹਾ ਸ਼ਤਰੰਜ ਚੈਂਪੀਅਨਸ਼ਿਪ ਵਿੱਚ ਸ਼ਿਵਾਂਗ ਨੇ ਜਿੱਤਿਆ ਸੋਨ ਤਮ਼ਗਾ




ਬਰਨਾਲਾ, 3 ਜੂਨ (ਹਮੀਰ ਸਿੰਘ) : ਵਾਈਐਸ ਸਕੂਲ ਦੇ ਹੋਣਹਾਰ ਵਿਦਿਆਰਥੀ ਸ਼ਿਵਾਂਗ ਨੇ ਜ਼ਿਲ੍ਹਾ ਸ਼ਤਰੰਜ ਚੈਂਪੀਅਨਸ਼ਿਪ, ਬਰਨਾਲਾ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਅੰਡਰ-11 ਵਰਗ ਵਿੱਚ ਸੋਨ ਤਗ਼ਮਾ (ਗੋਲਡ ਮੈਡਲ) ਜਿੱਤ ਕੇ ਸਕੂਲ ਅਤੇ ਆਪਣੇ ਪਰਿਵਾਰ ਦਾ ਨਾਮ ਰੌਸ਼ਨ ਕੀਤਾ ਹੈ।

ਸ਼ਿਵਾਂਗ ਨੇ ਮੁਕਾਬਲੇ ਦੌਰਾਨ ਆਪਣੀ ਬੇਮਿਸਾਲ ਰਣਨੀਤੀ, ਇਕਾਗਰਤਾ ਅਤੇ ਖੇਡ ਕੌਸ਼ਲ ਦਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਾਰੇ ਪ੍ਰਤੀਯੋਗੀਆਂ ਨੂੰ ਸਖ਼ਤ ਟੱਕਰ ਦਿੱਤੀ ਅਤੇ ਜੇਤੂ ਦਾ ਖਿਤਾਬ ਆਪਣੇ ਨਾਮ ਕੀਤਾ। ਉਸ ਦੀ ਇਸ ਪ੍ਰਾਪਤੀ ਨਾਲ ਸਕੂਲ ਵਿੱਚ ਖੁਸ਼ੀ ਅਤੇ ਮਾਣ ਦਾ ਮਾਹੌਲ ਬਣ ਗਿਆ ਹੈ। ਸਕੂਲ ਪ੍ਰਬੰਧਕਾਂ, ਅਧਿਆਪਕਾਂ ਅਤੇ ਸਹਿਪਾਠੀਆਂ ਨੇ ਸ਼ਿਵਾਂਗ ਨੂੰ ਇਸ ਸ਼ਾਨਦਾਰ ਸਫਲਤਾ ਲਈ ਦਿਲੋਂ ਵਧਾਈ ਦਿੱਤੀ ਅਤੇ ਉਸ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਸ਼ਿਵਾਂਗ ਦੀ ਇਹ ਉਪਲੱਬਧੀ ਹੋਰ ਵਿਦਿਆਰਥੀਆਂ ਲਈ ਵੀ ਪ੍ਰੇਰਣਾ ਦਾ ਸਰੋਤ ਹੈ ਅਤੇ ਇਹ ਸਾਬਤ ਕਰਦੀ ਹੈ ਕਿ ਮਿਹਨਤ, ਅਨੁਸ਼ਾਸਨ ਅਤੇ ਲਗਨ ਨਾਲ ਹਰ ਮੰਜ਼ਿਲ ਹਾਸਲ ਕੀਤੀ ਜਾ ਸਕਦੀ ਹੈ।

# ਉਪਕਾਰ ਕੋਆਰਡੀਨੇਸ਼ਨ ਸੁਸਾਇਟੀ ਬਰਨਾਲਾ ਨੇ ਅੱਖਾਂ ਦਾ ਮੁ.ਫਤ ਆਪ੍ਰੇਸ਼ਨ ਕੈਂਪ ਲਗਾਇਆ



ਬਰਨਾਲਾ, 3 ਜੂਨ (ਸੁਖਵਿੰਦਰ ਸਿੰਘ ਭੰਡਾਰੀ): ਉਪਕਾਰ ਕੋਆਰਡੀਨੇਸ਼ਨ ਸੋਸਾਇਟੀ ਰਜਿਸਟਰਡ ਬਰਨਾਲਾ ਵੱਲੋਂ ਅਗਰਵਾਲ ਧਰਮਸ਼ਾਲਾ ਵਿਖੇ ਮੁਫ਼ਤ ਅੱਖਾਂ ਦਾ ਚੈੱਕ ਅੱਪ ਕੈਂਪ ਲਗਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਨੀਰਜ ਕੁਮਾਰ ਸਿੰਗਲਾ ਪ੍ਰਧਾਨ ਉਪਕਾਰ ਕੋਆਰਡੀਨੇਸ਼ਨ ਸੋਸਾਇਟੀ ਨੇ ਦੱਸਿਆ ਕਿ ਸੋਸਾਇਟੀ ਵੱਲੋਂ ਫ਼ਰੀ ਚੈੱਕ ਅੱਪ ਕੈਂਪ ਦੌਰਾਨ 225 ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕ ਅੱਪ ਡਾਕਟਰ ਰੁਪੇਸ਼ ਸਿੰਗਲਾ ਪ੍ਰੇਮ ਅੱਖਾਂ ਦਾ ਅਤੇ ਜਨਾਨਾ ਹਸਪਤਾਲ ਬਰਨਾਲਾ ਵੱਲੋਂ ਕੀਤਾ ਗਿਆ ਅਤੇ 45 ਲੋੜਵੰਦ ਮਰੀਜ਼ਾਂ ਦੇ ਉਪਕਾਰ ਸੋਸਾਇਟੀ ਵੱਲੋਂ ਚਿੱਟੇ ਮੋਤੀਆ ਦੇ ਲੈਨਜ਼ ਮੁਫ਼ਤ ਪੁਆਏ ਗਏ। ਡਾਕਟਰ ਰੁਪੇਸ਼ ਸ਼ਰਮਾ ਵੱਲੋਂ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਅਤੇ ਲੋੜਵੰਦ ਮਰੀਜ਼ਾਂ ਦੇ ਮੁਫ਼ਤ ਐਨਕਾਂ ਲਗਾਈਆਂ ਗਈਆਂ। ਇਸ ਮੌਕੇ ਉਪਕਾਰ ਸੋਸਾਇਟੀ ਵੱਲੋਂ ਡਾਕਟਰ ਰੁਪੇਸ਼ ਸਿੰਗਲਾ ਨੂੰ ਬੁੱਕੇ ਭੇਂਟ ਕਰਕੇ ਜੀ ਆਇਆਂ ਕਿਹਾ ਗਿਆ। ਸੁਖਜੀਤ ਸਿੰਘ ਸੀਤਲ, ਸੁਭਾਸ਼ ਭਾਰਤੀ, ਵਿਸ਼ਾਲ ਗਰਗ, ਸੰਗੀਤ ਸ਼ਰਮਾ ਨੇ ਦੱਸਿਆ ਕਿ ਇਸ ਸਮੇਂ ਮਰੀਜ਼ਾਂ ਦੇ ਵਿੱਚ ਬਹੁਤ ਉਤਸ਼ਾਹ ਪਾਇਆ ਗਿਆ ਅਤੇ ਮਰੀਜ਼ਾਂ ਅਤੇ ਲੋਕਾਂ ਵੱਲੋਂ ਉਪਕਾਰ ਸੋਸਾਇਟੀ ਦੇ ਇਸ ਨੇਕ ਕੰਮ ਦੀ ਪੂਰੀ ਸ਼ਲਾਘਾ ਕੀਤੀ ਗਈ। ਅੰਤ ਵਿੱਚ ਸਮੂਹ ਸੋਸਾਇਟੀ ਮੈਂਬਰਾਂ ਵੱਲੋਂ ਡਾਕਟਰ ਰੁਪੇਸ਼ ਸਿੰਗਲਾ, ਚਾਰਟਰਡ ਅਕਾਊਂਟੈਂਟ ਜਯੋਤੀ ਸ਼ਰਨ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੈਂਬਰ ਡਾਕਟਰ ਰਾਕੇਸ਼ ਸਿੰਗਲਾ, ਚਾਰਟਰਡ ਅਕਾਊਂਟੈਂਟ ਜਯੋਤੀ ਸ਼ਰਨ, ਰਜਿੰਦਰ ਮਿੱਤਲ, ਭਾਰਤ ਭੂਸ਼ਨ ਭਾਰਤੀ, ਵਿਸ਼ਾਲ ਮਿੱਤਲ, ਕੰਵਲਦੀਪ ਸਿੰਘ, ਕੈਲਾਸ਼ ਉੱਪਲ, ਗੁਰਦੀਪ ਬਾਂਸਲ, ਵਿਜੇ ਗੋਇਲ, ਮੁਕੇਸ਼ ਕੰਸਲ, ਰੁਪਿੰਦਰ ਸਿੰਘ, ਰਜਿੰਦਰ ਬਾਵਾ, ਅਸ਼ੋਕ ਕੁਮਾਰ, ਅੰਸ਼ੂ ਗੁਪਤਾ, ਸੁਖਪਾਲ ਸ਼ਰਮਾਂ, ਬਾਲਾ ਸੁੰਦਰੀ, ਰੇਨੂੰ ਬਾਲਾ, ਕਾਜਲ ਗਰਗ, ਜਾਨਕੀ, ਵੰਸ਼ਿਕਾ, ਸ਼ਿਫਾਲੀ ਹਾਜ਼ਰ, ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀ, ਡਾਕਟਰ ਸਾਹਿਬ ਦੀ ਟੀਮ ਦੇ ਮੈਂਬਰ ਹਾਜ਼ਰ ਸਨ।

# ਗਰਮੀ ਤੋਂ ਰਾਹਤ ਲਈ ਠੰਢੇ ਮਿੱਠੇ ਪਾਣੀ ਦੀ ਛਬੀਲ ਲਗਾਈ



ਭਦੌੜ, 3 ਜੂਨ (ਸੁਖਵਿੰਦਰ ਪਲਾਹਾ) : ਅੱਗ ਵਰ੍ਹਦੀ ਗਰਮੀ ਅਤੇ ਗਰਮ ਹਵਾਵਾਂ ਤੋਂ ਬਚਣ ਲਈ ਭਦੌੜ ਦੇ ਸਥਾਨਕ ਤਿੰਨ ਕੋਣੀ ਚੌਂਕ ਵਿੱਚ ਠੰਢੇ ਮਿੱਠੇ ਪਾਣੀ ਦੀ ਛਬੀਲ ਲਗਾਈ ਗਈ। ਇਸ ਮੌਕੇ ਹਰਪ੍ਰੀਤ ਮਿੰਟਾ ਸੇਖੋਂ ਨੇ ਕਿਹਾ ਕਿ ਇਹ ਸਬੀਲ ਸਾਡੇ ਵੱਲੋਂ ਹਰ ਸਾਲ ਹੀ ਲਗਾਈ ਜਾਂਦੀ ਹੈ ਅਤੇ ਇਹ ਸਬੀਲ ਨੇੜਲੇ ਦੁਕਾਨਦਾਰਾਂ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਲਗਾਈ ਜਾਂਦੀ ਹੈ ।ਉਹਨਾਂ ਕਿਹਾ ਕਿ ਜਿੱਥੇ ਅੱਜਕਲ੍ਹ ਤਾਪਮਾਨ 48 ਡਿਗਰੀ ਤਾਪਮਾਨ ਹੋ ਚੁੱਕਾ ਹੈ ਅਤੇ ਹਰ ਇੱਕ ਵਿਅਕਤੀ ਨੂੰ ਪਾਣੀ ਦੀ ਅਤਿ ਲੋੜ ਪੈਂਦੀ ਹੈ, ਜਿਸ ਕਰਕੇ ਸਾਡੇ ਵੱਲੋਂ ਰਾਹਗੀਰਾਂ ਨੂੰ ਰਾਹਤ ਪਹੁੰਚਾਉਣ ਲਈ ਇਸ ਛਬੀਲ ਲਗਾਈ ਜਾਂਦੀ ਹੈ। ਇਸ ਮੌਕੇ ਮਧੁਰ ਆਵਾਜ਼ ਵਿੱਚ ਮਨ ਨੂੰ ਮੋਹ ਲੈਣ ਵਾਲਾ ਸ਼ਾਂਤਮਈ ਸੰਗੀਤ ਵੀ ਚੱਲ ਰਿਹਾ ਸੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਲਤਾਨ ਖਾਨ, ਬਿੰਦਰ ਸਿੰਘ, ਆਸੂ ਸੇਖੋਂ, ਬਲਦੇਵ ਸਿੰਘ, ਹਰਮਨ ਸਿੰਘ, ਜਗਸੀਰ ਸਿੰਘ ਸੀਰਾ ਆਦਿ ਹਾਜ਼ਰ ਸਨ।



ਅੱਤ ਦੀ ਪੈ ਰਹੀ ਗਰਮੀ ਨੂੰ ਦੇਖਦੇ ਹੋਏ ਸਕੂਲ ਰੋਡ ਤੇ ਬੀਤੀ ਕੱਲ ਛੋਟੇ ਛੋਟੇ ਬੱਚਿਆਂ ਵੱਲੋਂ ਆਪਣੇ ਪਰਿਵਾਰਕ ਮੈਂਬਰਾਂ ਦੇ ਸਹਿਯੋਗ ਨਾਲ ਠੰਡੇ ਮਿੱਠੇ ਪਾਣੀ ਦੀ ਛਬੀਲ ਲਗਾਈ। (ਫੋਟੋ ਤੇ ਵੇਰਵਾ : ਰਾਜੂ ਮਹਿਰਾ)

# ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸਭਾ ਨੇ ਗੁ: ਸਿੰਘ ਸਭਾ ਵਿਖੇ ਲਗਾਇਆ ਖ਼ੂਨਦਾਨ ਕੈਂਪ



ਬਰਨਾਲਾ, 3 ਜੂਨ (ਸੁਖਵਿੰਦਰ ਸਿੰਘ ਭੰਡਾਰੀ) : ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸਭਾ ਬਰਨਾਲਾ ਵੱਲੋਂ ਅੱਜ ਗੁਰੂਦੁਆਰਾ ਸਿੰਘ ਸਭਾ ਬਰਨਾਲਾ ਵਿਖੇ ਪ ?ਧਾਨ ਹਰਦੇਵ ਸਿੰਘ, ਖਜਾਨਚੀ ਅਜੈਬ ਸਿੰਘ,ਰਜਿੰਦਰ ਸਿੰਘ ਦਰਾਕਾ, ਸੁਖਦੇਵ ਸਿੰਘ ਅਤੇ ਮੈਨੇਜਰ ਗੁਰਦੀਪ ਸਿੰਘ ਦੀ ਰਹਿਨੁਮਾਈ ਹੇਠ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਵਿੱਚ ਸਿਵਲ ਸਰਜਨ ਹਰੀਪਾਲ ਸਿੰਘ ਵਿਸ਼ੇਸ਼ ਤੌਰ ਤੇ ਪਹੁੰਚੇ। ਖ਼ੂਨਦਾਨ ਕੈਂਪ ਵਿੱਚ ਪਤੀ ਪਤਨੀ ਸਮੇਤ 29 ਖ਼ੂਨਦਾਨੀਆਂ ਨੇ ਖ਼ੂਨਦਾਨ ਕੀਤਾ। ਇਹ ਖ਼ੂਨ ਥੈਲੇਸੀਮੀਆ ਦੇ ਮਰੀਜ਼ਾਂ, ਗਰਭਵਤੀ ਔਰਤਾਂ, ਕੈਂਸਰ ਪੀੜਤਾਂ, ਐਕਸੀਡੈਂਟ ਕੇਸਾਂ ਦੇ ਪੀੜਤਾਂ ਲਈ ਲਗਾਇਆ ਗਿਆ ਹੈ। ਬਲੱਡ ਬੈਂਕ ਬਰਨਾਲਾ ਵੱਲੋਂ ਬੀਟੀਓ ਆਯੂਸ਼, ਰਾਕੇਸ਼ ਕੁਮਾਰ, ਮਨਦੀਪ ਕੌਰ, ਗੁਰਵਿੰਦਰ ਸਿੰਘ, ਪਰਕਾਸ਼ ਸਿੰਘ ਨੇ ਸੇਵਾ ਨਿਭਾਈ। ਇਹ ਜਾਣਕਾਰੀ ਸਤਿਕਾਰ ਸਭਾ ਦੇ ਮੁੱਖ ਸੇਵਾਦਾਰ ਜਗਵਿੰਦਰ ਸਿੰਘ ਨੇ ਦਿੱਤੀ ਅਤੇ ਖ਼ੂਨਦਾਨੀ ਸੱਜਣਾਂ ਦਾ ਧੰਨਵਾਦ ਕੀਤਾ।

# ਡਾ: ਸਤਵੰਤ ਸਿੰਘ ਔਜਲਾ ਨੇ ਬਤੌਰ ਐਸ.ਐਮ.ਓ. ਭਦੌੜ ਦਾ ਚਾਰਜ ਸੰਭਾਲਿਆ



ਭਦੌੜ, 3 ਜੂਨ (ਸੁਖਵਿੰਦਰ ਪਲਾਹਾ) : ਪਿਛਲੇ ਲੰਬੇ ਸਮੇਂ ਤੋਂ ਆਪਣੀ ਅਸਲੀ ਹੋਂਦ ਨੂੰ ਤਰਸ ਰਿਹਾ ਸਰਕਾਰੀ ਹਸਪਤਾਲ ਭਦੌੜ ਮੌਜੂਦਾ ਸਮੇਂ ਦੀਆਂ ਸਰਕਾਰਾਂ ਦੀ ਬੇਰੁਖੀ ਦਾ ਸ਼ਿਕਾਰ ਹੁੰਦਾ ਆਇਆ ਹੈ, ਕਿਉਂਕਿ ਸਰਕਾਰੀ ਹਸਪਤਾਲ ਭਦੌੜ ਨੂੰ ਸਮੇਂ ਦੀਆਂ ਸਰਕਾਰਾਂ ਨੇ 101 ਹਸਪਤਾਲਾਂ ਦੀ ਸੂਚੀ ਵਿੱਚ ਸ਼ਾਮਿਲ ਨਾਂ ਕਰਕੇ ਇਸ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਗਿਆ। ਭਦੌੜ ਅਤੇ ਨੇੜਲੇ 25 ਪਿੰਡਾਂ ਦੀ ਆਬਾਦੀ ਇਸ ਸਰਕਾਰੀ ਹਸਪਤਾਲ 'ਤੇ ਨਿਰਭਰ ਕਰਦੀ ਹੈ, ਪਰ ਸਮੇਂ ਦੀਆਂ ਸਰਕਾਰਾਂ ਅਤੇ ਸੌੜੀ ਰਾਜਨੀਤੀ ਦੇ ਕਾਰਨ ਸਰਕਾਰੀ ਹਸਪਤਾਲ ਭਦੌੜ ਆਪਣੀ ਅਸਲੀ ਪਹਿਚਾਣ ਬਣਾਉਣ ਤੋਂ ਵੀ ਵਾਂਝਾ ਰਹਿ ਗਿਆ। ਪਿਛਲੇ ਸਮੇਂ ਦੌਰਾਨ 13 ਸਾਲ ਇਸ ਹਸਪਤਾਲ ਵਿੱਚ ਸੇਵਾ ਨਿਭਾਉਣ ਵਾਲੇ ਡਾਕਟਰ ਸਤਵੰਤ ਸਿੰਘ ਔਜਲਾ ਦੇ ਐਸ. ਐਮ. ਓ. ਬਣ ਕੇ ਇਸ ਹਸਪਤਾਲ ਦਾ ਦੂਸਰੀ ਵਾਰ ਚਾਰਜ ਸੰਭਾਲਣ 'ਤੇ ਇਲਾਕੇ ਦੇ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ । ਜਿਉਂ ਹੀ ਭਦੌੜ ਏਰੀਏ ਦੇ ਲੋਕਾਂ ਨੂੰ ਇਹ ਪਤਾ ਲੱਗਿਆ ਕਿ ਡਾਕਟਰ ਸਤਵੰਤ ਸਿੰਘ ਔਜਲਾ ਦੁਬਾਰਾ ਤਰੱਕੀ ਲੈ ਕੇ ਸਰਕਾਰੀ ਹਸਪਤਾਲ ਭਦੌੜ ਦਾ ਚਾਰਜ ਸੰਭਾਲ ਰਹੇ ਹਨ, ਤਾਂ ਭਦੌੜ ਦੇ ਲੋਕਾਂ ਦੀਆਂ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਰਿਹਾ। ਭਦੌੜ ਦੇ ਲੋਕਾਂ ਵੱਲੋਂ ਡਾਕਟਰ ਸਤਵੰਤ ਸਿੰਘ ਔਜਲਾ ਦੇ ਗਲ ਵਿੱਚ ਹਾਰ ਪਾ ਕੇ ਅਤੇ ਫੁੱਲਾਂ ਦੇ ਬੁੱਕੇ ਦੇ ਕੇ ਮਾਨ ਸਨਮਾਨ ਦਿੰਦੇ ਨਜ਼ਰ ਆਉਂਦੇ ਰਹੇ। ਡਾਕਟਰ ਸਤਵੰਤ ਸਿੰਘ ਔਜਲਾ ਨੂੰ ਵਧਾਈਆਂ ਦੇਣ ਵਾਲਿਆਂ ਵਿੱਚ ਕੌਂਸਲਰ ਨੇਬਲਜੀਤ ਸਿੰਘ ਹਨੀ, ਡਾ: ਖੁਸ਼ਦੇਵ ਬਾਂਸਲ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਮਨੀਸ਼ ਕੁਮਾਰ ਗਰਗ, ਨਗਰ ਕੌਂਸਲ ਸਾਬਕਾ ਪ੍ਰਧਾਨ ਜਸਵੀਰ ਸਿੰਘ ਧੰਮੀ, ਸਾਬਕਾ ਕੌਂਸਲਰ, ਡਾਕਟਰ ਵਿਨੋਦ ਕੁਮਾਰ, ਸਟਾਫ਼ ਨਰਸ ਹਰਪ੍ਰੀਤ ਕੌਰ, ਸਟਾਫ਼ ਨਰਸ ਮਨਜੀਤ ਕੌਰ, ਵਿਕਰਾਂਤ ਬਾਂਸਲ, ਜਤਿੰਦਰ ਗਰਗ ਜੇਕੇ, ਬਾਘ ਸਿੰਘ ਮਾਨ ਤੋਂ ਇਲਾਵਾ ਆੜਤੀਆ ਐਸੋਸੀਏਸ਼ਨ ਦੇ ਮੈਂਬਰ, ਸ਼ੈੱਲਰ ਐਸੋਸੀਏਸ਼ਨ ਦੇ ਮੈਂਬਰਾਂ ਅਤੇ ਵੱਡੀ ਗਿਣਤੀ ਵਿੱਚ ਉਹਨਾਂ ਦੇ ਮਿੱਤਰ ਸੁਨੇਹੀਆਂ ਨੇ ਡਾਕਟਰ ਸਤਵੰਤ ਸਿੰਘ ਔਜਲਾ ਨੂੰ ਭਦੌੜ ਪਹੁੰਚਣ 'ਤੇ ਜੀ ਆਇਆਂ ਆਖਿਆ।

# ਪੰਜਾਬੀ ਯੂਨੀਵਰਸਿਟੀ ਵੱਲੋਂ ਫੀਸਾਂ ਵਿੱਚ ਭਾਰੀ ਵਾਧੇ ਖ਼ਿਲਾ.ਫ ਕਾਲਜਾਂ ਵਿੱਚ ਰੋਸ

## ਕੰਟੀਨਿਊਏਸ਼ਨ ਤੇ ਐਫੀਲੀਏਸ਼ਨ ਫੀਸਾਂ 100 ਤੋਂ 300 ਫ਼ੀਸਦੀ ਵਧਾਉਣ ਦਾ ਫ਼ੈਸਲਾ ਨੂੰ ਨਾਜਾਇਜ਼ : ਡਾ. ਧੂਰੀ



ਧੂਰੀ, 3 ਜੂਨ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਪੰਜਾਬ ਦੇ ਕਾਲਜਾਂ ਦੀ ਜਥੇਬੰਦੀ ਜੈਕ ਅਤੇ ਪੰਜਾਬੀ ਯੂਨੀਵਰਸਿਟੀ ਨਾਲ ਸਬੰਧਿਤ ਐਜੂਕੇਸ਼ਨ ਕਾਲਜਾਂ ਦੇ ਪ੍ਰਧਾਨ ਡਾ. ਜਗਜੀਤ ਸਿੰਘ ਧੂਰੀ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕਾਲਜਾਂ ਨਾਲ ਸਬੰਧਿਤ ਵੱਖ-ਵੱਖ ਫੀਸਾਂ ਵਿੱਚ ਕੀਤੇ ਗਏ ਵੱਡੇ ਵਾਧੇ ਦੀ ਨਿੰਦਾ ਕਰਦਿਆਂ ਕਿਹਾ ਕਿ ਯੂਨੀਵਰਸਿਟੀ ਨੇ ਸਲਾਨਾ ਕੰਟੀਨਿਊਏਸ਼ਨ ਫੀਸ, ਆਰਜ਼ੀ ਅਤੇ ਪੱਕੀ ਐਫੀਲੀਏਸ਼ਨ ਫੀਸ ਵਿੱਚ 100 ਤੋਂ 300 ਫੀਸਦੀ ਤੱਕ ਵਾਧਾ ਕਰ ਦਿੱਤਾ ਹੈ, ਜਿਸ ਨਾਲ ਕਾਲਜਾਂ ਅਤੇ ਵਿਦਿਆਰਥੀਆਂ ਉੱਤੇ ਵਾਧੂ ਵਿੱਤੀ ਬੋਝ ਪਵੇਗਾ।

ਡਾ. ਧੂਰੀ ਨੇ ਦੱਸਿਆ ਕਿ ਹਾਲ ਹੀ ਵਿੱਚ ਪੰਜਾਬੀ ਯੂਨੀਵਰਸਿਟੀ ਨਾਲ ਸੰਬੰਧਿਤ ਐਜੂਕੇਸ਼ਨ, ਡਿਗਰੀ, ਲਾਅ ਅਤੇ ਫਿਜ਼ੀਕਲ ਐਜੂਕੇਸ਼ਨ ਕਾਲਜਾਂ ਦੇ ਪ੍ਰਬੰਧਕਾਂ ਦੀ ਇੱਕ ਮੀਟਿੰਗ ਹੋਈ, ਜਿਸ ਵਿੱਚ ਯੂਨੀਵਰਸਿਟੀ ਦੇ ਨਵੇਂ ਫੈਸਲਿਆਂ ਉੱਤੇ ਗੰਭੀਰ ਚਿੰਤਾ ਪ੍ਰਗਟਾਈ ਗਈ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਨੇ ਕਾਲਜਾਂ ਵੱਲੋਂ ਜਮ੍ਹਾਂ ਕਰਵਾਏ ਜਾਣ ਵਾਲੇ ਇੰਡੋਮੈਂਟ ਫੰਡ ਦੀ ਰਕਮ ਵੀ ਦੁੱਗਣੀ ਕਰ ਦਿੱਤੀ ਹੈ ਅਤੇ 20 ਲੱਖ ਰੁਪਏ ਦੀ ਐਫ.ਡੀ.ਆਰ. ਨੂੰ ਵਧਾ ਕੇ 40 ਲੱਖ ਰੁਪਏ ਕਰ ਦਿੱਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਇੰਡੋਮੈਂਟ ਫੰਡ ਦਾ ਮਕਸਦ ਸੰਕਟ ਦੀ ਸਥਿਤੀ ਵਿੱਚ ਕਾਲਜ ਦੇ ਸਟਾਫ ਅਤੇ ਵਿਦਿਆਰਥੀਆਂ ਦੀ ਮਦਦ ਕਰਨਾ ਹੁੰਦਾ ਹੈ। ਡਾ. ਧੂਰੀ ਨੇ ਦੋਸ਼ ਲਗਾਇਆ ਕਿ ਨਿਯਮਾਂ ਅਨੁਸਾਰ ਯੂਨੀਵਰਸਿਟੀ ਵੱਲੋਂ ਐਫ.ਡੀ.ਆਰ. ਦੇ ਵਿਆਜ ਵਿੱਚੋਂ ਕੇਵਲ 2 ਫੀਸਦੀ ਸਰਵਿਸ ਚਾਰਜ ਲਿਆ ਜਾਣਾ ਚਾਹੀਦਾ ਹੈ, ਪਰ ਲੰਬੇ ਸਮੇਂ ਤੋਂ ਕੁੱਲ ਵਿਆਜ ਦਾ 50 ਫੀਸਦੀ ਹਿੱਸਾ ਵਸੂਲਿਆ ਜਾ ਰਿਹਾ ਹੈ।

ਐਸੋਸੀਏਸ਼ਨ ਦੇ ਮੀਤ ਪ੍ਰਧਾਨ ਨਿਰਮਲ ਸਿੰਘ ਚੁੰਨੀ ਕਲਾਂ ਨੇ ਕਿਹਾ ਕਿ ਸਾਰੀਆਂ ਸੰਸਥਾਵਾਂ ਸੈਲਫ-ਫਾਇਨਾਂਸਿੰਗ ਅਧਾਰ 'ਤੇ ਚੱਲ ਰਹੀਆਂ ਹਨ ਅਤੇ ਸਰਕਾਰੀ ਵਿੱਤੀ ਸਹਾਇਤਾ ਨਾ ਮਿਲਣ ਕਾਰਨ ਫੀਸਾਂ ਵਿੱਚ ਇਹ ਵਾਧਾ ਆਖ਼ਿਰਕਾਰ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਹੀ ਭੁਗਤਣਾ ਪਵੇਗਾ।

ਇਸ ਮੌਕੇ ਡਾ. ਰਾਮ ਢੱਲ ਨੇ ਕਿਹਾ ਕਿ ਯੂਨੀਵਰਸਿਟੀ ਆਪਣੇ ਵਿੱਤੀ ਸੰਕਟ ਨਾਲ ਨਜਿੱਠਣ ਲਈ ਕਾਲਜਾਂ ਅਤੇ ਵਿਦਿਆਰਥੀਆਂ ਉੱਤੇ ਵਾਧੂ ਆਰਥਿਕ ਬੋਝ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਕਈ ਸਾਲਾਂ ਤੋਂ ਅਧਿਆਪਕਾਂ ਨੂੰ ਪ੍ਰੀਖਿਆ ਪੇਪਰਾਂ ਦੀ ਜਾਂਚ ਦਾ ਮਿਹਨਤਾਨਾ ਵੀ ਸਮੇਂ ਸਿਰ ਨਹੀਂ ਮਿਲਿਆ।

ਡਾ. ਧੂਰੀ ਨੇ ਕਿਹਾ ਕਿ ਬੀ.ਐਡ. ਕਾਲਜ ਐਸੋਸੀਏਸ਼ਨ, ਡਿਗਰੀ ਕਾਲਜ ਐਸੋਸੀਏਸ਼ਨ ਅਤੇ ਹੋਰ ਕਾਲਜ ਪ੍ਰਬੰਧਕ ਫੀਸਾਂ ਵਿੱਚ ਕੀਤੇ ਗਏ ਵਾਧੇ ਦੇ ਵਿਰੋਧ ਵਿੱਚ ਇਕਜੁੱਟ ਹੋ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਪੁਡਕਾ ਦੇ ਪ੍ਰਧਾਨ ਸੁਖਮੰਦਰ ਸਿੰਘ ਚੱਠਾ, ਜੈਕ ਦੇ ਚੇਅਰਮੈਨ ਗੁਰਮੀਤ ਸਿੰਘ ਧਾਲੀਵਾਲ ਸਮੇਤ ਹੋਰ ਨੁਮਾਇੰਦਿਆਂ ਨਾਲ ਵੀ ਇਸ ਮਾਮਲੇ 'ਤੇ ਸਹਿਮਤੀ ਬਣ ਚੁੱਕੀ ਹੈ।

ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਯੂਨੀਵਰਸਿਟੀ ਨੇ ਆਪਣੇ ਜਾਰੀ ਕੀਤੇ ਪੱਤਰ ਅਤੇ ਫੀਸ ਵਾਧੇ ਦੇ ਫ਼ੈਸਲੇ ਵਾਪਸ ਨਾ ਲਏ ਤਾਂ ਕਾਲਜ ਸੰਘਰਸ਼ ਦਾ ਰਾਹ ਅਪਣਾਉਣਗੇ ਅਤੇ ਲੋੜ ਪੈਣ 'ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਦਰਵਾਜ਼ਾ ਵੀ ਖੜਕਾਇਆ ਜਾਵੇਗਾ।

# ਭਦੌੜ 'ਚ ਗਰਗ ਪਰਿਵਾਰ ਦੀ ਨੂੰਹ ਨੇ ਜ਼ਿਲ੍ਹਾ ਬਰਨਾਲਾ ਵਿੱਚ ਸਭ ਤੋਂ ਵੱਧ ਵੋਟਾਂ ਨਾਲ ਜਿੱਤ ਦਰਜ ਕੀਤੀ




ਭਦੌੜ, 3 ਜੂਨ (ਸੁਖਵਿੰਦਰ ਪਲਾਹਾ) : ਨਗਰ ਕੌਂਸਲ ਚੋਣਾਂ ਦੇ ਨਤੀਜਿਆਂ ਨੇ ਜਿੱਥੇ ਪੰਜਾਬ ਦੀ ਸਿਆਸਤ ਵਿੱਚ ਨਵੇਂ ਸਮੀਕਰਨ ਪੈਦਾ ਕੀਤੇ ਹਨ, ਉੱਥੇ ਜ਼ਿਲ੍ਹਾ ਬਰਨਾਲਾ ਦੇ ਨਗਰ ਕੌਂਸਲ ਭਦੌੜ ਦੇ ਵਾਰਡ ਨੰਬਰ 11 ਤੋਂ ਸਾਹਮਣੇ ਆਈ ਇੱਕ ਇਤਿਹਾਸਕ ਜਿੱਤ ਨੇ ਹਰ ਪਾਸੇ ਚਰਚਾ ਛੇੜ ਦਿੱਤੀ ਹੈ। ਕੌਂਸਲ ਭਦੌੜ ਦੇ ਸਾਬਕਾ ਪ੍ਰਧਾਨ ਮਨੀਸ਼ ਗਰਗ ਦੀ ਧਰਮਪਤਨੀ ਸ਼ਿਰਾਜ ਗਰਗ ਨੇ ਜ਼ਿਲ੍ਹੇ ਭਰ ਵਿੱਚੋਂ ਸਭ ਤੋਂ ਵੱਧ ਵੋਟ ਫੀਸਦੀ ਹਾਸਲ ਕਰਕੇ ਨਾ ਸਿਰਫ਼ ਇੱਕ ਨਵਾਂ ਰਿਕਾਰਡ ਬਣਾਇਆ ਹੈ, ਸਗੋਂ ਇਹ ਵੀ ਸਾਬਿਤ ਕਰ ਦਿੱਤਾ ਹੈ ਕਿ ਲੋਕਾਂ ਦੇ ਦਿਲਾਂ ਵਿੱਚ ਬਣੀ ਥਾਂ ਕਿਸੇ ਵੀ ਚੋਣ ਸਮੀਕਰਨ ਤੋਂ ਵੱਡੀ ਹੁੰਦੀ ਹੈ।ਵਾਰਡ ਨੰਬਰ 11 ਦੇ ਲੋਕਾਂ ਨੇ ਇਕਤਰਫ਼ਾ ਫਤਵਾ ਦੇ ਕੇ ਇਹ ਸੰਦੇਸ਼ ਦਿੱਤਾ ਕਿ ਵਿਕਾਸ, ਸੇਵਾ ਅਤੇ ਲੋਕਾਂ ਨਾਲ ਸਿੱਧਾ ਰਾਬਤਾ ਹੀ ਅਸਲ ਸਿਆਸਤ ਦੀ ਪੂੰਜੀ ਹੁੰਦੀ ਹੈ।ਚੋਣ ਨਤੀਜਿਆਂ ਅਨੁਸਾਰ ਸ਼੍ਰੀਮਤੀ ਸਿਰਾਜ ਗਰਗ ਨੇ ਆਪਣੇ ਵਿਰੋਧੀਆਂ ਨੂੰ ਬਹੁਤ ਵੱਡੇ ਫਰਕ ਨਾਲ ਹਰਾਉਂਦਿਆਂ ਕੁੱਲ ਪੋਲ ਹੋਈਆਂ ਵੋਟਾਂ ਵਿੱਚੋ ਕਰੀਬ 82 % ਵੋਟ ਹਾਸਿਲ ਕੀਤੀ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਜਿੱਤ ਦੇ ਪਿੱਛੇ ਸਾਬਕਾ ਪ੍ਰਧਾਨ ਮਨੀਸ਼ ਗਰਗ ਵੱਲੋਂ ਆਪਣੇ ਕਾਰਜਕਾਲ ਦੌਰਾਨ ਕਰਵਾਏ ਗਏ ਵਿਕਾਸ ਕਾਰਜਾਂ, ਲੋਕਾਂ ਨਾਲ ਬਣਾਏ ਗਏ ਨਿੱਘੇ ਰਿਸ਼ਤਿਆਂ ਅਤੇ ਹਰ ਵੇਲੇ ਲੋਕਾਂ ਦੀ ਸੇਵਾ ਲਈ ਹਾਜ਼ਰ ਰਹਿਣ ਵਾਲੀ ਸੋਚ ਦਾ ਵੱਡਾ ਯੋਗਦਾਨ ਹੈ ਸ਼ਿਰਾਜ ਗਰਗ ਦੇ ਸਹੁਰਾ ਸਾਬ੍ਹ ਬਾਬੂ ਅਜੇ ਕੁਮਾਰ ਗਰਗ ਨਾ ਕੇਵਲ ਮਾਰਕੀਟ ਕਮੇਟੀ ਭਦੌੜ ਦੇ ਚੇਅਰਮੈਨ ਰਹਿ ਚੁੱਕੇ ਹਨ, ਸਗੋਂ ਕੌਂਸਲਰ ਵਜੋਂ ਵੀ ਲੋਕਾਂ ਦੀ ਸੇਵਾ ਨਿਭਾ ਚੁੱਕੇ ਹਨ ਜਦਕਿ ਬਾਬੂ ਅਜੇ ਕੁਮਾਰ ਗਰਗ ਹੁਣ ਵੀ ਪਿਛਲੇ ਢਾਈ ਦਹਾਕਿਆਂ ਤੋਂ ਕੱਚਾ ਆੜ੍ਹਤੀਆ ਐਸੋਸੀਏਸ਼ਨ ਭਦੌੜ ਦੇ ਨਿਰਵਿਰੋਧ ਪ੍ਰਧਾਨ ਚੁਣੇ ਆਉਂਦੇ ਹਨ। ਜ਼ਿਕਰਯੋਗ ਹੈ ਕਿ ਬਾਬੂ ਅਜੇ ਕੁਮਾਰ ਗਰਗ ਲੰਬਾ ਸਮਾਂ ਸ਼ੈੱਲਰ ਐਸੋਸ਼ੀਏਸ਼ਨ ਭਦੌੜ ਦੇ ਵੀ ਪ੍ਰਧਾਨ ਵਜੋਂ ਸਰਕਾਰ ਅਤੇ ਸ਼ੈੱਲਰ ਮਿੱਲਾਂ ਵਿਚਕਾਰ ਪੁੱਲ ਦਾ ਕੰਮ ਕਰ ਚੁੱਕੇ ਹਨ। ਸਮਾਜ ਸੇਵਾ, ਲੋਕ ਭਲਾਈ ਅਤੇ ਜਨਹਿੱਤ ਦੇ ਕੰਮਾਂ ਕਾਰਨ ਗਰਗ ਪਰਿਵਾਰ ਦੀ ਇਲਾਕੇ ਵਿੱਚ ਇੱਕ ਵਿਸ਼ੇਸ਼ ਪਛਾਣ ਬਣੀ ਹੋਈ ਹੈ। ਵਾਰਡ ਨੰਬਰ 11 ਵਿੱਚ ਸਮਰਥਕਾਂ ਵੱਲੋਂ ਢੋਲ-ਨਗਾਰਿਆਂ ਨਾਲ ਜਸ਼ਨ ਮਨਾਇਆ ਗਿਆ। ਸਾਬਕਾ ਪ੍ਰਧਾਨ ਮਨੀਸ਼ ਗਰਗ ਨੇ ਸਮੂਹ ਵੋਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਜਿੱਤ ਉਨ੍ਹਾਂ ਲਈ ਸਨਮਾਨ ਦੇ ਨਾਲ-ਨਾਲ ਇੱਕ ਵੱਡੀ ਜ਼ਿੰਮੇਵਾਰੀ ਵੀ ਹੈ।

# ਬਰਨਾਲਾ ਸਾਈਕਲਿੰਗ ਕਲੱਬ ਨੇ ਵਿਸ਼ਵ ਸਾਈਕਲ ਦਿਵਸ ਉਤਸ਼ਾਹ ਨਾਲ ਮਨਾਇਆ




ਬਰਨਾਲਾ, 3 ਜੂਨ (ਸੁਖਵਿੰਦਰ ਸਿੰਘ ਭੰਡਾਰੀ) : ਬਰਨਾਲਾ ਸਾਈਕਲਿੰਗ ਕਲੱਬ ਵੱਲੋਂ ਵਿਸ਼ਵ ਸਾਈਕਲ ਦਿਵਸ ਬੜੇ ਉਤਸ਼ਾਹ ਅਤੇ ਭਾਈਚਾਰਕ ਭਾਵਨਾ ਨਾਲ ਮਨਾਇਆ ਗਿਆ। ਕਲੱਬ ਦੇ ਮੈਂਬਰ ਸਵੇਰੇ ਸਵੇਰੇ ਸ਼ਹੀਦ ਭਗਤ ਸਿੰਘ ਚੌਂਕ, ਬਰਨਾਲਾ ਵਿਖੇ ਇਕੱਠੇ ਹੋਏ, ਜਿੱਥੇ ਸਮੂਹਿਕ ਫੋਟੋ ਖਿੱਚੀ ਗਈ ਅਤੇ ਭਾਗੀਦਾਰਾਂ ਨੂੰ ਮੈਡਲਾਂ ਅਤੇ ਰਿਫਰੈਸ਼ਮੈਂਟ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਕਲੱਬ ਦੇ ਪ੍ਰਧਾਨ ਰਾਹੁਲ ਮੈਨਨ ਨੇ ਸੰਬੋਧਨ ਕਰਦਿਆਂ ਮਾਈ ਭਾਰਤ ਇਨੀਸ਼ੀਏਟਿਵ, ਯੁਵਾ ਮਾਮਲੇ ਅਤੇ ਖੇਡ ਮੰਤਰਾਲਾ, ਭਾਰਤ ਸਰਕਾਰ ਦਾ ਇਸ ਸਮਾਗਮ ਨੂੰ ਸਪਾਂਸਰ ਕਰਨ ਅਤੇ ਸਹਿਯੋਗ ਦੇਣ ਲਈ ਧੰਨਵਾਦ ਕੀਤਾ।

ਸਮਾਗਮ ਵਿੱਚ ਕਲੱਬ ਦੇ ਚੇਅਰਮੈਨ ਡਾ. ਪੁਨੀਤ ਬਾਂਸਲ, ਵਾਈਸ ਪ੍ਰਧਾਨ ਡਾ. ਕਰਮਜੀਤ ਸਿੰਘ ਅਤੇ ਰਾਹੁਲ ਖੁਰਮੀ, ਜਨਰਲ ਸਕੱਤਰ ਪ੍ਰਦੀਪ ਮਿੱਤਲ, ਪਬਲਿਕ ਰਿਲੇਸ਼ਨ ਅਫ਼ਸਰ ਜਨਕ ਰਾਜ ਗੋਇਲ, ਪ੍ਰਸ਼ਾਂਤ ਕਾਂਸਲ, ਦਿਕਸ਼ ਸਿੰਗਲਾ ਅਤੇ ਬਰਨਾਲਾ ਸਾਈਕਲਿੰਗ ਕਲੱਬ ਦੇ ਹੋਰ ਮੈਂਬਰ ਹਾਜ਼ਰ ਸਨ।ਬਰਨਾਲਾ ਸਾਈਕਲਿੰਗ ਕਲੱਬ ਦੀ ਪਹਿਲੀ ਮਹਿਲਾ ਸਾਈਕਲ ਸਵਾਰ ਪੂਜਾ ਗਰਗ ਨੇ ਸਮੂਹ ਬਰਨਾਲਾ ਸਾਈਕਲਿੰਗ ਕਲੱਬ ਵੱਲੋਂ ਗੈਸਟ ਆਫ ਆਨਰ ਮੋਮੈਂਟੋ ਪ੍ਰਾਪਤ ਕੀਤਾ। ਸਮਾਗਮ ਦਾ ਸਮਾਪਨ ਸ਼ਹਿਰ ਵਿੱਚ ਸਮੂਹਿਕ ਸਾਈਕਲ ਰਾਈਡ ਨਾਲ ਹੋਇਆ, ਜਿਸ ਰਾਹੀਂ ਤੰਦਰੁਸਤੀ, ਏਕਤਾ ਅਤੇ ਵਾਤਾਵਰਣ-ਅਨੁਕੂਲ ਆਵਾਜਾਈ ਦਾ ਸੰਦੇਸ਼ ਦਿੱਤਾ ਗਿਆ।

